ਅੰਗ ੮੧੫ = ਬਿਲਾਵਲੁ ਮਹਲਾ ੫ ॥ ਹਰਿ ਭਗਤਾ ਕਾ ਆਸਰਾ, ਅਨ ਨਾਹੀ ਠਾਉ ॥ ਤਾਣੁ ਦੀਬਾਣੁ ਪਰਵਾਰ ਧਨੁ ,ਪ੍ਰਭ ਤੇਰਾ ਨਾਉ ॥੧॥ ਕਰਿ ਕਿਰਪਾ ਪ੍ਰਭਿ ਆਪਣੀ, ਅਪਨੇ ਦਾਸ ਰਖਿ ਲੀਏ ॥ ਨਿੰਦਕ ਨਿੰਦਾ ਕਰਿ ਪਚੇ, ਜਮਕਾਲਿ ਗ੍ਰਸੀਏ ॥੧॥ ਰਹਾਉ॥ ਸੰਤਾ ਏਕੁ ਧਿਆਵਨਾ, ਦੂਸਰ ਕੋ ਨਾਹਿ ॥ ਏਕਸੁ ਆਗੈ ਬੇਨਤੀ, ਰਵਿਆ ਸ੍ਰਬ ਥਾਇ ॥੨॥ ਕਥਾ ਪੁਰਾਤਨ ਇਉ ਸੁਣੀ, ਭਗਤਨ ਕੀ ਬਾਨੀ ॥ ਸਗਲ ਦੁਸਟ ਖੰਡ ਖੰਡ ਕੀਏ, ਜਨ ਲੀਏ ਮਾਨੀ ॥੩॥ ਸਤਿ ਬਚਨ ਨਾਨਕੁ ਕਹੈ, ਪਰਗਟ ਸਭ ਮਾਹਿ ॥ ਪ੍ਰਭ ਕੇ ਸੇਵਕ ਸਰਣਿ ਪ੍ਰਭ, ਤਿਨ ਕਉ ਭਉ ਨਾਹਿ ॥੪॥੨੬॥੫੬॥ ਹੇ ਹਰੀ! (ਤੂੰ ਅਪਣੇ) ਭਗਤਾਂ ਦਾ ਆਸਰਾ ਹੈਂ, (ਉਨ੍ਹਾਂ ਨੂੰ ਤੇਰੇ ਬਿਨਾ) ਹੋਰ ਕੋਈ ਥਾਂ ਨਹੀਂ ਹੈ। ਹੇ ਪ੍ਰਭੂ! ਤੇਰਾ ਨਾਮ ਹੀ (ਭਗਤਾਂ ਦਾ) ਬਲ, ਆਸਰਾ, ਪ੍ਰਵਾਰ ਅਤੇ ਧਨ ਹੈ।੧। (ਹੇ ਭਾਈ!) ਪ੍ਰਭੂ ਨੇ ਅਪਣੀ ਕਿਰਪਾ ਕਰਕੇ ਅਪਣੇ ਦਾਸ (ਦੁੱਖਾਂ ਤੇ ਵੈਰੀਆਂ ਤੋਂ ਬਚਾ ਕੇ) ਰੱਖ ਲਏ ਹਨ। (ਪ੍ਰਿਤੀ ਚੰਦ ਵਰਗੇ) ਨਿੰਦਕ ਨਿੰਦ ਕਰਕੇ (ਈਰਖਾ ਦੀ ਅੱਗ ਵਿਚ) ਸੜ ਗਏ ਹਨ ਅਤੇ (ਉਹ) ਕਾਲ ਕਰਨ ਵਾਲੇ ਜਮ ਨੇ ਖਾ ਲਏ ਹਨ।੧।ਰਹਾਉ। (ਹੇ ਭਾਈ!) ਸੰਤ ਇਕ ਪ੍ਰਭੂ ਨੂੰ ਹੀ ਸਿਮਰਦੇ ਹਨ, ਦੂਜਾ ਕੋਈ ਨਹੀਂ (ਜਿਸ ਦਾ ਉਹ ਸਿਮਰਨ ਕਰਨ। ਭਗਤ ਜਨ) ਇਕ ਪ੍ਰਭੂ ਅੱਗੇ ਹੀ ਬੇਨਤੀ ਕਰਦੇ ਹਨ, ਜੋ ਸਭ ਥਾਵਾਂ ਵਿਚ ਵਿਆਪਕ ਹੈ।੨। (ਹੇ ਭਾਈ!) ਭਗਤਾਂ ਦੀ ਜਬਾਨੀ ਇਕ ਪੁਰਾਣੀ ਕਥਾ ਇਉਂ ਸੁਣਦੇ ਆਏ ਹਾਂ। ਕਿ ਹਰੀ ਨੇ ਸਾਰੇ ਦੁਸ਼ਟ ਮਨੁੱਖ ਟੋਟੇ ਟੋਟੇ ਕਰ ਦਿਤੇ ਅਤੇ (ਉਸ ਨੇ ਅਪਣੇ) ਸੇਵਕ ਮੰਨ ਲਏ ਹਨ (ਮਾਣ ਬਖਸ਼ਿਆ ਹੈ)।੩। ਨਾਨਕ ਸੱਚੇ ਬਚਨ ਆਖਦਾ ਹੈ, ਜੋ ਸਾਰੇ ਸੰਸਾਰ ਵਿਚ ਪ੍ਰਗਟ ਹਨ। ਕਿ ਪ੍ਰਭੂ ਦੇ ਸੇਵਕ ਪ੍ਰਭੂ ਦੀ ਸਰਣ ਵਿਚ ਪਏ ਰਹਿੰਦੇ ਹਨ, (ਜਿਸ ਕਰਕੇ ਕਿਸੇ ਪ੍ਰਕਾਰ ਦਾ) ਉਨ੍ਹਾਂ ਨੂੰ ਡਰ ਨਹੀਂ ਰਹਿੰਦਾ।੪।੨੬।੫੬।

ਪਦਾਰਥ = ਅਨ–ਹੋਰ। ਠਾਉ–ਥਾਂ। ਤਾਣੁ–ਬਲ। ਦੀਬਾਣੁ–ਆਸਰਾ। ਪ੍ਰਭ–ਹੇ ਪ੍ਰਭੂ!।੧। ਕਰਿ–ਕਰਕੇ। ਪ੍ਰਭਿ–ਪ੍ਰਭੂ ਨੇ। ਰਖਿ ਲੀਏ –ਰੱਖ ਲਏ ਹਨ। ਪਚੇ–ਸੜ (ਗਰਕ ਹੋ) ਗਏ। ਜਮਕਾਲਿ–ਕਾਲ ਕਰਨ ਵਾਲੇ ਜਮ ਨੇ। ਗ੍ਰਸੀਏ–ਖਾ ਲਏ।੧।ਰਹਾਉ। ਧਿਆਵਨਾ–ਸਿਮਰਦੇ ਹਨ। ਦੂਸਰ ਕੋ ਨਾਹਿ–ਦੂਜਾ ਕੋਈ ਨਹੀਂ। ਏਕਸੁ ਆਗੈ–ਇਕ ਪ੍ਰਭੂ ਅੱਗੇ। ਰਵਿਆ–ਵਿਆਪਕ (ਮੌਜੂਦ) ਹੈ। ਸ੍ਰਬ ਥਾਇ–ਸਭ ਥਾਵਾਂ ਵਿਚ।੨। ਕਥਾ ਪੁਰਾਤਨ–ਪੁਰਾਣੀ ਕਥਾ। ਭਗਤਨ ਕੀ ਬਾਨੀ–ਭਗਤਾਂ ਦੀ ਜਬਾਨੀ; ਭਗਤੀ ਦੀ ਬਾਣੀ ਰਾਹੀਂ। ਸਗਲ ਦੁਸਟ–ਸਾਰੇ ਵੈਰੀ। ਖੰਡ ਖੰਡ ਕੀਏ–ਟੋਟੇ ਟੋਟੇ ਕਰ ਦਿਤੇ। ਜਨ–ਭਗਤ ਜਨ। ਲੀਏ ਮਾਨੀ–ਮੰਨ ਲਏ (ਆਦਰ ਦਿਤਾ)।੩। ਸਤਿ–ਸੱਚੇ; ਅਟੱਲ। ਸਭ ਮਾਹਿ–ਸਾਰੇ ਸੰਸਾਰ ਵਿਚ। ਤਿਨ ਕਉ–ਉਨ੍ਹਾਂ ਨੂੰ। ਭਉ ਨਾਹਿ–ਡਰ ਨਹੀਂ।੪।੨੬।੫੬।

ਬਿਲਾਵਲੁ ਮਹਲਾ ੫ ॥ ਬੰਧਨ ਕਾਟੈ ਸੋ ਪ੍ਰਭੂ ,ਜਾ ਕੈ ਕਲ ਹਾਥ ॥ ਅਵਰ ਕਰਮ ਨਹੀ ਛੂਟੀਐ, ਰਾਖਹੁ ਹਰਿ ਨਾਥ ॥੧॥ ਤਉ ਸਰਣਾਗਤਿ ਮਾਧਵੇ, ਪੂਰਨ ਦਇਆਲ ॥ ਛੂਟਿ ਜਾਇ ਸੰਸਾਰ ਤੇ, ਰਾਖੈ ਗੋਪਾਲ ॥੧॥ਰਹਾਉ। ਆਸਾ ਭਰਮ ਬਿਕਾਰ ਮੋਹ, ਇਨ ਮਹਿ ਲੋਭਾਨਾ ॥ ਝੂਠੁ ਸਮਗ੍ਰੀ ਮਨਿ ਵਸੀ, ਪਾਰਬ੍ਰਹਮੁ ਨ ਜਾਨਾ ॥੨॥ ਪਰਮ ਜੋਤਿ ਪੂਰਨ ਪੁਰਖ, ਸਭਿ ਜੀਅ ਤੁਮ੍ਹਾਰੇ ॥ ਜਿਉ ਤੂ ਰਾਖਹਿ ਤਿਉ ਰਹਾ, ਪ੍ਰਭ ਅਗਮ ਅਪਾਰੇ ॥੩॥ ਕਰਣ ਕਾਰਣ ਸਮਰਥ ਪ੍ਰਭ, ਦੇਹਿ ਅਪਨਾ ਨਾਉ ॥ ਨਾਨਕ ਤਰੀਐ ਸਾਧ ਸੰਗਿ, ਹਰਿ ਹਰਿ ਗੁਣ ਗਾਉ ॥੪॥੨੭॥੫੭॥ (ਹੇ ਭਾਈ! ਮਨੁੱਖ ਦੇ ਸਾਰੇ) ਬੰਧਨ ਉਹ ਪ੍ਰਭੂ ਕੱਟ ਦੇਂਦਾ ਹੈ, ਜਿਸ ਦੇ ਹੱਥ ਵਿਚ ਸਾਰੀ ਤਾਕਤ ਹੈ। (ਪ੍ਰਭੂ ਦੇ ਸਿਮਰਨ ਤੋਂ ਬਿਨਾ ਕਿਸੇ) ਹੋਰ ਕਰਮ ਕਰਨ ਨਾਲ (ਬੰਧਨਾਂ ਤੋਂ) ਛੁੱਟਿਆ ਨਹੀਂ ਜਾ ਸਕਦਾ, ਹੇ ਮਾਲਕ ਹਰੀ! (ਤੁਸੀਂ ਹੀ ਮੇਰੀ) ਰੱਖਿਆ ਕਰੋ।੧। ਹੇ ਮਾਇਆ ਦੇ ਪਤੀ ਪ੍ਰਭੂ! ਹੇ ਦਇਆ ਦੇ ਘਰ ਪੂਰਨ ਪ੍ਰਭੂ! ਮੈਂ ਤੇਰੀ ਸ਼ਰਣ ਵਿਚ ਆਇਆ ਹਾਂ। (ਹੇ ਭਾਈ!) ਸ੍ਰਿਸਟੀ ਦੀ ਪਾਲਣਾ ਕਰਨ ਵਾਲਾ ਪ੍ਰਭੂ (ਜਿਸ ਮਨੁੱਖ ਦੀ) ਰੱਖਿਆ ਕਰਦਾ ਹੈ, (ਉਹ) ਸੰਸਾਰ ਦੇ ਬੰਧਨਾਂ ਤੋਂ ਛੁਟ ਜਾਂਦਾ ਹੈ।੧।ਰਹਾਉ। (ਹੇ ਭਾਈ! ਜੋ ਪਦਾਰਥਾਂ ਦੀ) ਆਸਾ ਹੈ, ਭਰਮ ਅਤੇ ਮੋਹ ਆਦਿ ਵਿਕਾਰ ਹਨ, ਇਨ੍ਹਾਂ ਵਿਚ ਤੂੰ ਲੁਭਾਇਮਾਨ ਹੋ ਰਿਹਾ ਹੈਂ। ਝੂਠੀ ਸਮੱਗ੍ਰੀ ਤੇਰੇ ਮਨ ਵਿਚ ਵਸੀ ਹੋਈ ਹੈ, (ਪਰ ਤੂੰ) ਪਾਰਬ੍ਰਹਮ ਨੂੰ ਨਹੀਂ ਜਾਣਿਆ।੨। ਹੇ ਪਰਮ ਜੋਤ ਪੂਰਨ ਵਿਆਪਕ ਪ੍ਰਭੂ! ਸਾਰੇ ਜੀਵ ਤੇਰੇ ਪੈਦਾ ਕੀਤੇ ਹੋਏ ਹਨ (ਤੂੰ ਸਭ ਦਾ ਮਾਲਕ ਹੈਂ)। ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਬੇਅੰਤ ਪ੍ਰਭੂ! ਜਿਵੇਂ ਤੂੰ ਮੈਨੂੰ ਰਖਦਾ ਹੈਂ, ਮੈਂ ਤਿਵੇਂ ਰਹਿੰਦਾ ਹਾਂ।੩। ਹੇ ਸਾਰੇ ਕਾਰਨਾਂ ਦੇ ਕਰਨ ਵਾਲੇ! ਹੇ ਸਰਬ ਸ਼ਕਤੀਮਾਨ ਪ੍ਰਭੂ! ਮੈਨੂੰ ਅਪਣਾ ਨਾਮ ਬਖਸ਼ ਦੇਹ। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ!) ਸਾਧ ਸੰਗਤ ਵਿਚ ਹਰੀ ਦੇ ਗੁਣ ਗਾਉਂਦਾ ਰਿਹਾ ਕਰ, (ਇਉਂ ਸੰਸਾਰ ਸਮੁੰਦਰ ਤੋਂ) ਤਰਿਆ ਜਾ ਸਕਦਾ ਹੈ।੪।੨੭।੫੭।

ਪਦਾਰਥ = ਕਾਟੈ–ਕੱਟ ਦੇਂਦਾ ਹੈ। ਸੋ–ਉਹ। ਜਾ ਕੈ ਹਾਥ–ਜਿਸ ਦੇ ਹੱਥਾਂ ਵਿਚ। ਅਵਰ ਕਰਮ–ਹੋਰ ਕਰਮ ਕਰਨ ਨਾਲ। ਰਾਖਹੁ–ਰੱਖਿਆ ਕਰੋ। ਹਰਿ ਨਾਥ–ਹੇ ਮਾਲਕ ਹਰੀ!।੧। ਤਉ–ਤੇਰੀ। ਸਰਣਾਗਤਿ–ਸ਼ਰਣ ਵਿਚ ਆਇਆ ਹਾਂ। ਮਾਧਵੇ–ਹੇ ਮਾਇਆ ਦੇ

ਪਤੀ!।ਪੂਰਨ ਦਇਆਲ–ਹੇ ਪੂਰਨ ਦਇਆ ਦੇ ਘਰ!।ਛੂਟਿ ਜਾਇ–ਛੁਟ ਜਾਂਦਾ ਹੈ।ਸੰਸਾਰ ਤੇ–ਸੰਸਾਰ ਦੇ ਬੰਧਨਾਂ ਤੋਂ।ਰਾਖੈ–ਰੱਖਿਆ ਕਰਦਾ ਹੈ।ਗੋਪਾਲ–ਸ੍ਰਿਸ਼ਟੀ ਦੀ ਪਾਲਣਾ ਕਰਨ ਵਾਲਾ ਪ੍ਰਭੂ।੧।ਰਹਾਉ।ਬਿਕਾਰ ਮੋਹ–ਮੋਹ ਆਦਿ ਵਿਕਾਰ।ਇਨ ਮਹਿ–ਇਨ੍ਹਾਂ ਵਿਚ।ਲੋਭਾਨਾ–ਫਸਿਆ ਹੋਇਆ ਹੈ।ਸਮਗ੍ਰੀ–ਸਮਾਨ; ਚੀਜਾਂ।ਮਨਿ–ਮਨ ਵਿਚ।ਨ ਜਾਨਾ–ਨਹੀਂ ਜਾਣਿਆ।੨।ਪੂਰਨ–ਗੁਣਾਂ ਨਾਲ ਭਰਪੂਰ।ਪੁਰਖ–ਸਰਬ ਵਿਆਪਕ ਪ੍ਰਭੂ।ਜੀਅ–ਜੀਵ।ਰਹਾ–ਰਹਿੰਦਾ ਹਾਂ।ਪ੍ਰਭ ਅਗਮ–ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਪ੍ਰਭੂ!।ਅਪਾਰੇ–ਹੇ ਬੇਅੰਤ!।੩।ਕਰਣ ਕਾਰਣ–ਹੇ ਸਾਰੇ ਕਾਰਨਾਂ ਦੇ ਕਰਨ ਵਾਲੇ!; ਹੇ ਜਗਤ ਦੇ ਮੂਲ ਕਾਰਨ।ਸਮਰਥ ਪ੍ਰਭ–ਹੇ ਸਰਬ ਸ਼ਕਤੀਮਾਨ ਪ੍ਰਭੂ!।ਤਰੀਐ–ਤਰਿਆ ਜਾਂਦਾ ਹੈ।ਗਾਉ–ਗਾਉਂਦਾ ਰਿਹਾ ਕਰ।੪।੨੭।੫੭।

ਬਿਲਾਵਲੁ ਮਹਲਾ ੫ ॥ ਕਵਨੁ ਕਵਨੁ ਨਹੀ ਪਤਰਿਆ, ਤੁਮ੍ਰੀ ਪਰਤੀਤਿ ॥ ਮਹਾ ਮੋਹਨੀ ਮੋਹਿਆ, ਨਰਕ ਕੀ ਰੀਤਿ ॥੧॥ ਮਨ ਖੁਟਹਰ ਤੇਰਾ ਨਹੀ ਬਿਸਾਸੁ ,ਤੂ ਮਹਾ ਉਦਮਾਦਾ ॥ ਖਰ ਕਾ ਪੈਖਰੁ ਤਉ ਛੁਟੈ, ਜਉ ਊਪਰਿ ਲਾਦਾ ॥੧॥ਰਹਾਉ॥ ਜਪ ਤਪ ਸੰਜਮ ਤੁਮ੍ ਖੰਡੇ, ਜਮ ਕੇ ਦੁਖ ਡਾਂਡ ॥ ਸਿਮਰਹਿ ਨਾਹੀ ਜੋਨਿ ਦੁਖ, ਨਿਰਲਜੇ ਭਾਂਡ ॥੨॥ ਹਰਿ ਸੰਗਿ ਸਹਾਈ ਮਹਾ ਮੀਤੁ ,ਤਿਸ ਸਿਉ ਤੇਰਾ ਭੇਦੁ ॥ ਬੀਧਾ ਪੰਚ ਬਟਵਾਰਈ, ਉਪਜਿਓ ਮਹਾ ਖੇਦੁ ॥੩॥ ਨਾਨਕ ਤਿਨ ਸੰਤਨ ਸਰਣਾਗਤੀ, ਜਿਨ ਮਨੁ ਵਸਿ ਕੀਨਾ ॥ ਤਨੁ ਧਨੁ ਸਰਬਸੁ ਆਪਣਾ, ਪ੍ਰਭਿ ਜਨ ਕਉ ਦੀਨ੍ਾ ॥੪॥੨੮॥੫੮॥ (ਹੇ ਮਨ! ਤੇਰੇ ਤੇ) ਇਤਬਾਰ ਕਰਕੇ ਕੌਣ ਕੌਣ ਨਹੀਂ ਥੱਲੇ ਡਿਗਿਆ? ਭਾਵ ਬੇਇੱਜਤ ਹੋਇਆ।(ਜਿਸ ਮਨੁੱਖ ਨੇ ਮਨ ਉਤੇ ਭਰੋਸਾ ਕਰ ਲਿਆ, ਉਸ ਨੇ ਧੋਖਾ ਖਾਧਾ ਹੈ)।ਮਹਾਂ ਮੋਹਣੀ ਮਾਇਆ ਨੇ ਤੈਨੂੰ ਮੋਹ ਲਿਆ ਹੈ, (ਇਹ ਮੋਹਿਆ ਜਾਣਾ ਸਿੱਧਾ) ਨਰਕ ਦਾ ਰਸਤਾ ਹੈ।੧।ਹੇ ਖੋਟੇ ਮਨ! ਤੇਰਾ ਕੋਈ ਵਿਸ਼ਵਾਸ ਨਹੀਂ, ਤੂੰ (ਮੋਹ ਮਾਇਆ ਦੇ ਨਸ਼ੇ ਵਿਚ) ਬਹੁਤ ਮਸਤ ਹੈਂ।(ਤੇਰੀ ਹਾਲਤ ਇਹ ਹੈ ਕਿ) ਗਧੇ ਦਾ ਪੈਂਖੜ ਉਦੋਂ ਖੁਲ੍ਹਦਾ ਹੈ, ਜਦੋਂ (ਉਸ ਦੇ ਉਪਰ) ਭਾਰ ਲੱਦਿਆ ਜਾਂਦਾ ਹੈ (ਮਨ ਖਰਮਸਤੀਆਂ ਕਰਦਾ ਹੈ, ਇਸ ਨੂੰ ਜਪ ਤਪ ਨਾਲ ਬੰਨ੍ਹ ਰੱਖੋ, ਤਾਂ ਹੀ ਕਾਬੂ ਰਹਿੰਦਾ ਹੈ, ਜਾਂ ਤਦ ਕਾਬੂ ਆਉਂਦਾ ਹੈ, ਜਦ ਇਸ ਉਤੇ ਦੁੱਖਾਂ ਦਾ ਭਾਰ ਆ ਪੈਂਦਾ ਹੈ)।੧।ਰਹਾਉ।(ਹੇ ਖੋਟੇ ਮਨ! ਅਪਣੀਆਂ ਖਰ ਮਸਤੀਆਂ ਕਰਕੇ ਪਿਛਲੇ ਕੀਤੇ) ਜਪ ਤਪ ਤੇ ਸੰਜਮ ਆਦਿ ਕਰਮਾਂ ਦਾ ਫਲ ਤੂੰ ਨਾਸ਼ ਕਰ ਲਿਆ ਹੈ ਅਤੇ (ਤੇਰੇ ਕਰਕੇ ਹੀ ਜੀਵ ਨੂੰ) ਜਮ ਦੇ ਡੰਡੇ ਦੇ ਦੁਖ ਸਹਾਰਨੇ ਪੈਂਦੇ ਹਨ।ਹੇ ਬੇਸ਼ਰਮ ਭੰਡ! ਤੂੰ ਅਨੇਕਾਂ ਜੋਨੀਆਂ ਦੇ ਦੁਖ ਯਾਦ ਨਹੀਂ ਕਰਦਾ (ਕਿ ਉਨ੍ਹਾਂ ਜਨਮਾਂ ਵਿਚ ਤੂੰ ਕਿੰਨੇ ਦੁਖ ਸਹਿੰਦਾ ਰਿਹਾ ਹੈਂ)।੨।(ਹੇ ਮਨ! ਜਿਹੜਾ) ਹਰੀ ਤੇਰੇ ਨਾਲ ਹੈ, ਤੇਰਾ ਸਹਾਇਕ ਤੇ ਵੱਡਾ ਮਿਤ੍ਰ ਹੈ, ਉਸ ਨਾਲੋਂ ਤੂੰ ਦੂਰੀ ਬਣਾਈ ਹੋਈ ਹੈ।ਪੰਜ ਕਾਮਾਦਿਕ ਲੁਟੇਰਿਆਂ ਨੇ ਤੈਨੂੰ ਵਿਨ੍ਹ ਲਿਆ ਹੈ (ਵਸ ਵਿਚ ਕਰ ਲਿਆ ਹੈ, ਜਿਸ ਕਰਕੇ ਤੇਰੇ ਅੰਦਰ) ਬੜਾ ਦੁਖ ਕਲੇਸ਼ ਪੈਦਾ ਹੋਇਆ ਰਹਿੰਦਾ ਹੈ।੩।ਨਾਨਕ ਉਨ੍ਹਾਂ ਸੰਤਾਂ ਦੀ ਸਰਣ ਵਿਚ ਆਇਆ ਹੈ, ਜਿਨ੍ਹਾਂ ਨੇ ਅਪਣੇ ਮਨ ਨੂੰ ਵਸ ਵਿਚ ਕੀਤਾ ਹੈ।ਪ੍ਰਭੂ ਨੇ ਅਪਣਾ ਤਨ ਧਨ ਤੇ ਸਭ ਕੁਛ ਉਨ੍ਹਾਂ ਸੰਤ ਜਨਾਂ ਨੂੰ ਦਿਤਾ ਹੈ (ਪ੍ਰਭੂ ਆਪ ਨਿਰਾਕਾਰ ਹੈ, ਪਰ ਜੀਵਾਂ ਨੂੰ ਸਰੀਰ ਤੇ ਧਨ ਆਦਿ ਸਭ ਕੁਛ ਪ੍ਰਭੂ ਨੇ ਹੀ ਦਿਤਾ ਹੋਇਆ ਹੈ)।੪।੨੮।੫੮।

ਪਦਾਰਥ = ਕਵਨੁ–ਕੌਣ।ਪਤਰਿਆ–ਡਿਗਿਆ; ਠੱਗਿਆ ਗਿਆ।ਪਰਤੀਤਿ–ਭਰੋਸਾ।ਮਹਾ ਮੋਹਨੀ–ਬਹੁਤ ਮੋਹ ਲੈਣ ਵਾਲੀ ਮਾਇਆ।ਮੋਹਿਆ–ਠੱਗ ਲਿਆ।ਰੀਤਿ–ਜੁਗਤੀ; ਰਸਤਾ।੧।ਮਨ ਖੁਟਹਰ–ਹੇ ਖੋਟੇ ਮਨ!।ਬਿਸਾਸੁ–ਵਿਸ਼ਵਾਸ।ਮਹਾ ਉਦਮਾਦਾ –ਬਹੁਤ ਮਸਤ।ਖਰ ਕਾ–ਗਧੇ ਦਾ।ਪੈਖਰੁ–ਦੌੜਨ ਤੋਂ ਰੋਕਣ ਲਈ ਗਧੇ ਦੇ ਪੈਰਾਂ ਵਿਚ ਪਾਈ ਰੱਸੀ।ਤਉ–ਤਦ।ਛੁਟੈ–ਖੁਲ੍ਹਦਾ ਹੈ ।ਜਉ–ਜਦੋਂ।ਲਾਦਾ–(ਭਾਰ) ਲੱਦਿਆ ਜਾਂਦਾ ਹੈ।੧।ਰਹਾਉ।ਸੰਜਮ–ਇੰਦ੍ਰੀਆਂ ਨੂੰ ਰੋਕ ਰੱਖਣ ਦਾ ਜਤਨ।ਤੁਮ੍–ਤੂੰ।ਖੰਡੇ–ਨਾਸ਼ ਕਰ ਦਿਤੇ।ਡਾਂਡ–ਡੰਡੇ (ਦਾ ਦੁੱਖ); ਡੰਨ।ਸਿਮਰਹਿ ਨਾਹੀ–ਯਾਦ ਨਹੀਂ ਕਰਦਾ।ਜੋਨਿ–ਜੋਨੀਆਂ ਦਾ।ਨਿਰਲਜੇ ਭਾਂਡ–ਹੇ ਬੇਸ਼ਰਮ ਭੰਡ (ਮਸਖਰੇ)!।੨।ਸੰਗਿ–ਨਾਲ।ਸਹਾਈ–ਸਹਾਇਤਾ ਕਰਨ ਵਾਲਾ।ਮਹਾ ਮੀਤੁ–ਪਰਮ ਮਿਤ੍ਰ।ਤਿਸ ਸਿਉ–ਉਸ ਨਾਲ।ਭੇਦੁ–ਵਿਥ; ਦੂਰੀ।ਬੀਧਾ–ਵਿਨ੍ਹ (ਵਸ ਵਿਚ ਕਰ) ਲਿਆ।ਪੰਚ ਬਟਵਾਰਈ–ਪੰਜ ਕਾਮਾਦਿਕਾਂ ਲੁਟੇਰਿਆਂ ਨੇ।ਉਪਜਿਓ–ਪੈਦਾ ਹੋਇਆ। ਖੇਦੁ–ਦੁਖ ਕਲੇਸ਼।੩।ਤਿਨ ਸੰਤਨ–ਉਨ੍ਹਾਂ ਸੰਤਾਂ ਦੀ।ਸਰਣਾਗਤਿ–ਸ਼ਰਣ ਵਿਚ ਆਇਆ ਹੈ।ਵਸਿ ਕੀਨ੍ਾ–ਵਸ ਵਿਚ ਕੀਤਾ ਹੈ। ਤਨੁ–ਸਰੀਰ।ਧਨੁ–ਦੌਲਤ।ਸਰਬਸੁ–ਸਭ ਕੁਛ।ਪ੍ਰਭਿ–ਪ੍ਰਭੂ ਨੇ।ਜਨ ਕਉ–ਸੰਤ ਜਨਾਂ ਨੂੰ।ਦੀਨ੍ਾ–ਦਿਤਾ ਹੈ।੪।੨੮।੫੮।

ਬਿਲਾਵਲੁ ਮਹਲਾ ੫ ॥ ਉਦਮੁ ਕਰਮ ਆਨਦੁ ਭਇਆ, ਸਿਮਰਤ ਸੁਖ ਸਾਰੁ ॥ ਜਪਿ ਜਪਿ ਨਾਮੁ ਗੋਬਿੰਦ ਕਾ, ਪੂਰਨ ਬੀਚਾਰੁ ॥ ੧॥ ਚਰਨ ਕਮਲ ਗੁਰ ਕੇ ਜਪਤ, ਹਰਿ ਜਪਿ ਹਉ ਜੀਵਾ ॥ ਪਾਰਬ੍ਰਹਮੁ ਆਰਾਧਤੇ, ਮੁਖਿ ਅੰਮ੍ਰਿਤੁ ਪੀਵਾ ॥੧॥ਰਹਾਉ॥ ਜੀਅ ਜੰਤ ਸਭਿ ਸੁਖਿ ਬਸੇ, ਸਭ ਕੈ ਮਨਿ ਲੋਚ ॥ (ਹੇ ਭਾਈ! ਨਾਮ ਜਪਣ ਦਾ) ਉਦਮ ਕਰਦਿਆਂ (ਮਨ ਵਿਚ) ਅਨੰਦ ਪੈਦਾ ਹੋਇਆ

ਹੈ ਅਤੇ ਨਾਮ ਸਿਮਰਦਿਆਂ ਸ੍ਰੇਸਟ ਸੁਖ ਮਿਲਿਆ ਹੈ।ਗੋਬਿੰਦ ਦਾ ਨਾਮ ਜਪ ਜਪ ਕੇ ਪੂਰਨ ਪ੍ਰਭੂ (ਦੇ ਗੁਣਾਂ) ਦਾ ਵਿਚਾਰ ਪ੍ਰਾਪਤ ਹੋਇਆ ਹੈ।੧।(ਹੇ ਭਾਈ!) ਗੁਰੂ ਦੇ ਚਰਨ ਕਮਲ ਜਪਦਿਆਂ (ਗੁਰੂ ਦੇ ਚਰਨਾਂ ਦਾ ਧਿਆਨ ਕਰਦਿਆਂ) ਅਤੇ ਹਰੀ ਦਾ ਨਾਮ ਜਪ ਕੇ ਮੈਂ ਜਿਉਂਦਾ ਹਾਂ।ਪਾਰਬ੍ਰਹਮ ਨੂੰ ਅਰਾਧਦੇ ਹੋਏ ਮੈਂ ਅਪਣੇ ਮੂੰਹ ਨਾਲ ਅੰਮ੍ਰਿਤ ਪੀਂਦਾ ਹਾਂ।੧।ਰਹਾਉ।(ਹੇ ਭਾਈ!) ਸਭ (ਸੰਤਾਂ) ਦੇ ਮਨਿ ਵਿਚ ਇਹ ਲੋਚਾ ਰਹਿੰਦੀ ਹੈ ਕਿ ਸਾਰੇ ਜੀਵ ਜੰਤ ਸੁਖੀ ਵਸਦੇ ਰਹਿਣ (ਫ.ਸ.; ਸੰ.ਸ); ਸਾਰੇ ਜੀਵ ਜੰਤ (ਪ੍ਰਭੂ ਦਾ ਨਾਮ ਸਿਮਰਦਿਆਂ) ਸੁਖੀ ਵਸਦੇ ਹਨ, ਸਭ ਦੇ ਮਨ ਵਿਚ (ਨਾਮ ਜਪਣ ਦੀ) ਲੋਚਾ ਲੱਗੀ ਰਹਿੰਦੀ ਹੈ।

ਅੰਗ ੮੧੬ = ਪਰਉਪਕਾਰ ਨਿਤ ਚਿਤਵਤੇ, ਨਾਹੀ ਕਛੁ ਪੋਚ ॥੨॥ ਧੰਨੁ ਸੁ ਥਾਨੁ ਬਸੰਤ ਧੰਨੁ ,ਜਹ ਜਪੀਐ ਨਾਮੁ ॥ ਕਥਾ ਕੀਰਤਨੁ ਹਰਿ ਅਤਿ ਘਨਾ, ਸੁਖ ਸਹਜ ਬਿਸ੍ਰਾਮੁ ॥੩॥ ਮਨ ਤੇ ਕਦੇ ਨ ਵੀਸਰੈ, ਅਨਾਥ ਕੋ ਨਾਥ ॥ ਨਾਨਕ ਪ੍ਰਭ ਸਰਣਾਗਤੀ, ਜਾ ਕੈ ਸਭੁ ਕਿਛੁ ਹਾਥ ॥੪॥੨੯॥੫੯॥ (ਸੰਤ) ਹਰ ਰੋਜ ਦੂਜਿਆਂ ਦਾ ਭਲਾ ਕਰਨ ਦਾ ਕੰਮ ਸੋਚਦੇ ਹਨ ਅਤੇ (ਉਨ੍ਹਾਂ ਵਿਚ) ਕੋਈ ਦੋਸ਼ ਨਹੀਂ ਹੁੰਦਾ; ਉਹ ਦਿਖਾਵਾ ਕੁਛ ਨਹੀਂ ਕਰਦੇ।੨।(ਹੇ ਭਾਈ!) ਜਿੱਥੇ ਪ੍ਰਭੂ ਦਾ ਨਾਮ ਜਪਿਆ ਜਾਂਦਾ ਹੈ, ਉਹ ਅਸਥਾਨ (ਸਤ ਸੰਗ) ਧੰਨਤਾ ਦੇ ਜੋਗ ਹੈ ਅਤੇ (ਉਥੇ) ਵਸਣ ਵਾਲੇ (ਸੰਤ ਵੀ) ਧੰਨਤਾ ਦੇ ਜੋਗ ਹਨ।(ਉਥੇ ਸਤਸੰਗਤ ਵਿਚ) ਹਰੀ ਦੀ ਕਥਾ ਤੇ ਕੀਰਤਨ ਬਹੁਤ ਜਿਆਦਾ ਹੁੰਦਾ ਹੈ, (ਜਿਸ ਕਰਕੇ ਉਥੇ) ਆਤਮਕ ਅਨੰਦ ਅਤੇ ਮਾਨਸਕ ਟਿਕਾਉ ਮਿਲਦਾ ਹੈ।੩।ਨਾਨਕ (ਉਸ) ਪ੍ਰਭੂ ਦੀ ਸਰਣ ਵਿਚ ਆਇਆ ਹੈ, ਜਿਸ ਦੇ ਹੱਥ ਵਿਚ ਸਭ ਕੁਛ ਹੈ (ਸਾਰੀਆਂ ਤਾਕਤਾਂ ਦਾ ਮਾਲਕ ਹੈ।ਇਸ ਕਰਕੇ) ਅਨਾਥਾਂ ਦਾ ਮਾਲਕ ਪ੍ਰਭੂ ਮੇਰੇ ਮਨ ਤੋਂ ਕਦੇ ਨਹੀਂ ਭੁਲਦਾ।੪।੨੯।੫੯।

ਪਦਾਰਥ = ਕਰਤ-ਕਰਦਿਆਂ।ਆਨਦੁ ਭਇਆ-ਅਨੰਦ ਪੈਦਾ ਹੋਇਆ ਹੈ।ਸਿਮਰਤ-ਸਿਮਰਦਿਆਂ।ਸੁਖ ਸਾਰੁ-ਸ੍ਰੇਸਟ ਸੁਖ। ਜਪਿ-ਜਪ ਕੇ।ਪੂਰਨ-ਪੂਰਨ ਪ੍ਰਭੂ।੧।ਚਰਨ ਕਮਲ-ਕਮਲ ਫੁੱਲ ਵਰਗੇ ਸੁੰਦਰ ਤੇ ਕੋਮਲ ਚਰਨ।ਜਪਤ-ਜਪਦਿਆਂ।ਹਉ-ਮੈਂ। ਜੀਵਾ-ਜਿਉਂਦਾ ਹਾਂ।ਆਰਾਧਤੇ-ਸਿਮਰਦੇ ਹੋਏ।ਮੁਖਿ-ਮੂੰਹ ਨਾਲ।ਪੀਵਾ-ਪੀਂਦਾ ਹਾਂ।੧।ਰਹਾਉ।ਜੀਅ ਜੰਤ-ਸੂਖਮ ਤੇ ਸਥੂਲ ਜੀਵ ਜੰਤ।ਸੁਖਿ ਬਸੈ-ਸੁਖ ਵਿਚ ਵਸਦੇ ਹਨ; ਸੁਖੀ ਵਸਦੇ ਰਹਿਣ।ਸਭ ਕੈ ਮਨਿ-ਸਾਰੇ (ਸੰਤਾਂ) ਦੇ ਮਨ ਵਿਚ।ਲੋਚ-ਇੱਛਾ।ਪਰ ਉਪਕਾਰ-ਦੂਜਿਆਂ ਦਾ ਭਲਾ ਕਰਨ ਦਾ ਕੰਮ।ਨਿਤ-ਹਰ ਰੋਜ।ਚਿਤਵਤੇ-ਸੋਚਦੇ ਹਨ।ਪੋਚ-ਦੋਸ਼; ਪਾਪ; ਦਿਖਾਵਾ।੨।ਧੰਨੁ-ਧੰਨਤਾ ਦੇ ਜੋਗ।ਸੁ-ਉਹ।ਬਸੰਤ-ਵਸਣ ਵਾਲੇ।ਜਹ-ਜਿੱਥੇ।ਜਪੀਐ-ਜਪਿਆ ਜਾਂਦਾ ਹੈ।ਅਤਿ ਘਨਾ-ਬਹੁਤ ਜਿਆਦਾ।ਸੁਖ ਸਹਜ-ਆਤਮਕ ਅਨੰਦ।ਬਿਸ੍ਰਾਮੁ-ਮਾਨਸਕ ਟਿਕਾਉ (ਸ਼ਾਂਤੀ)।੩।ਮਨ ਤੇ-ਮਨ ਤੋਂ।ਨ ਵੀਸਰੈ-ਨਹੀਂ ਭੁਲਦਾ।ਅਨਾਥਾ ਕੋ ਨਾਥ -ਅਨਾਥਾਂ ਦਾ ਮਾਲਕ ਪ੍ਰਭੂ।ਸਰਣਾਗਤੀ-ਸ਼ਰਣ ਵਿਚ ਆਇਆ ਹੈ।ਜਾ ਕੈ-ਜਿਸ ਦੇ।ਹਾਥ-ਹੱਥ ਵਿਚ।੪।੨੯।੫੯।

ਬਿਲਾਵਲੁ ਮਹਲਾ ॥ ਜਿਨਿ ਤੂ ਬੰਧਿ ਕਰਿ ਛੋਡਿਆ, ਫੁਨਿ ਸੁਖ ਮਹਿ ਪਾਇਆ ॥ ਸਦਾ ਸਿਮਰਿ ਚਰਣਾਰਬਿੰਦ, ਸੀਤਲ ਹੋਤਾਇਆ ॥੧॥ ਜੀਵਤਿਆ ਅਥਵਾ ਮੁਇਆ, ਕਿਛੁ ਕਾਮਿ ਨ ਆਵੈ ॥ ਜਿਨਿ ਏਹੁ ਰਚਨੁ ਰਚਾਇਆ, ਕੋਊ ਤਿਸ ਸਿਉ ਰੰਗੁ ਲਾਵੈ ॥੧॥ਰਹਾਉ॥ ਰੇ ਪ੍ਰਾਣੀ ਉਸਨ ਸੀਤ ਕਰਤਾ ਕਰੈ, ਘਾਮ ਤੇ ਕਾਢੈ ॥ ਕੀਰੀ ਤੇ ਹਸਤੀ ਕਰੈ, ਟੂਟਾ ਲੇ ਗਾਢੈ ॥੨॥ ਅੰਡਜ ਜੇਰਜ ਸੇਤਜ ਉਤਭੁਜਾ, ਪ੍ਰਭ ਕੀ ਇਹ ਕਿਰਤਿ ॥ ਕਿਰਤ ਕਮਾਵਨ ਸਰਬ ਫਲ, ਰਵੀਐ ਹਰਿ ਨਿਰਤਿ ॥੩॥ ਹਮ ਤੇ ਕਛੂ ਨ ਹੋਵਨਾ, ਸਰਣਿ ਪ੍ਰਭ ਸਾਧ ॥ ਮੋਹ ਮਗਨ ਕੂਪ ਅੰਧ ਤੇ, ਨਾਨਕ ਗੁਰ ਕਾਢ ॥੪॥੩੦॥੬੦॥ (ਹੇ ਭਾਈ!) ਜਿਸ ਪ੍ਰਭੂ ਨੇ ਤੈਨੂੰ (ਮਾਂ ਦੇ ਗਰਭ ਵਿਚ) ਬੰਨ੍ਹ ਕਰਕੇ ਰਖ ਛਡਿਆ ਸੀ, ਫਿਰ (ਗਰਭ ਵਿਚੋਂ ਕੱਢ ਕੇ ਜਗਤ ਦੇ) ਸੁੱਖਾਂ ਵਿਚ ਪਾ ਦਿਤਾ (ਮਨੁੱਖਾ ਸਰੀਰ ਦਿਤਾ ।ਉਸ ਦੇ) ਚਰਨ ਕਮਲਾਂ ਨੂੰ ਸਦਾ ਸਿਮਰਿਆ ਕਰ, (ਇਸ ਤਰ੍ਹਾਂ) ਤ੍ਰਿਸ਼ਨਾ ਦੀ ਅੱਗ ਦਾ ਤਪਾਇਆ ਤੇਰਾ ਮਨ ਠੰਢਾ ਹੋ ਜਾਵੇਗਾ। ੧।(ਹੇ ਭਾਈ! ਮਾਇਕ ਪਦਾਰਥ) ਜਿਉਂਦਿਆਂ ਸਮੇਂ ਜਾਂ ਮਰਨ ਸਮੇਂ ਕਿਸੇ ਕੰਮ ਨਹੀਂ ਆਉਂਦੇ (ਸਾਥ ਨਹੀਂ ਦੇਂਦੇ)।ਜਿਸ ਪ੍ਰਭੂ ਨੇ ਇਹ ਜਗਤ ਰਚਨਾ ਨੂੰ ਰਚਾਇਆ ਹੈ, ਕੋਈ ਵਿਰਲਾ ਮਨੁੱਖ ਉਸ ਪ੍ਰਭੂ ਨਾਲ ਪ੍ਰੇਮ ਲਾਉਂਦਾ ਹੈ।੧।ਰਹਾਉ।ਹੇ ਪ੍ਰਾਣੀ! ਗਰਮੀ ਦੀ ਰੁੱਤ ਤੇ ਸਰਦੀ ਦੀ ਰੁੱਤ ਕਰਤਾਰ ਹੀ ਪੈਦਾ ਕਰਦਾ ਹੈ, (ਫਿਰ ਉਹ ਆਪ ਹੀ ਮੀਂਹ ਪਾ ਕੇ) ਗਰਮੀ ਤੋਂ ਬਾਹਰ ਕਢਦਾ ਹੈ (ਦੁਖ ਸੁਖ ਪੈਦਾ ਕਰਦਾ ਹੇ ਅਤੇ ਆਪ ਹੀ ਦੁਖਾਂ ਤੋਂ ਬਾਹਰ ਕੱਢ ਲੈਂਦਾ ਹੈ।ਉਹ ਪ੍ਰਭੂ) ਕੀੜੀ ਤੋਂ ਹਾਥੀ ਬਣਾ ਦੇਂਦਾ ਹੈ (ਛੋਟੇ ਤੋਂ ਵੱਡਾ ਤੇ ਕਮਜੋਰ ਨੂੰ ਤਕੜਾ ਕਰ ਦੇਂਦਾ ਹੈ) ਅਤੇ ਟੁੱਟੇ ਹੋਏ ਨੂੰ ਗੰਢ ਲੈਂਦਾ ਹੈ (ਅਪਣੇ ਤੋਂ ਵਿਛੜੇ ਨੂੰ ਅਪਣੇ ਨਾਲ ਮਿਲਾ ਲੈਂਦਾ ਹੈ)।੨।(ਹੇ ਭਾਈ!) ਅੰਡਜ ਜੇਰਜ ਸੇਤਜ ਅਤੇ ਉਤਭੁਜ ਚਾਰੇ ਖਾਣੀਆਂ ਪ੍ਰਭੂ ਦੀ ਪੈਦਾ ਕੀਤੀ ਰਚਨਾ ਹੈ।ਪ੍ਰਭੂ ਨੂੰ ਅਤਿਅੰਤ ਪ੍ਰੀਤ ਨਾਲ ਸਿਮਰਨਾ ਚਾਹੀਦਾ ਹੈ, (ਨਾਮ ਅਭਿਆਸ ਦੀ ਇਸ) ਕੀਤੀ ਕਮਾਈ ਨਾਲ ਸਾਰੇ ਫਲ ਪ੍ਰਾਪਤ ਹੁੰਦੇ ਹਨ।੩।ਹੇ ਪ੍ਰਭੂ!

ਸਾਡੇ ਤੋਂ (ਜੀਵਾਂ ਤੋਂ) ਕੁਛ ਨਹੀਂ ਹੋਣਾ, (ਸਾਨੂੰ) ਪੂਰਨ ਗੁਰੂ ਦੀ ਸ਼ਰਣ ਵਿਚ ਰੱਖ। ਨਾਨਕ ਗੁਰੂ ਜੀ ਅਰਦਾਸ ਕਰਦੇ ਹਨ ਕਿ ਹੇ ਗੁਰੂ ! (ਅਸੀਂ ਸਾਰੇ ਜੀਵ) ਮੋਹ ਵਿਚ ਡੁੱਬੇ ਪਏ ਹਾਂ, (ਸਾਨੂੰ ਮੋਹ ਦੇ) ਅੰਨ੍ਹੇ ਖੂਹ ਤੋਂ ਬਾਹਰ ਕੱਢ ਲੈ।੪।੩੦।੬੦।

ਪਦਾਰਥ = ਜਿਨਿ–ਜਿਸ ਨੇ।ਤੂ–ਤੈਨੂੰ।ਬੰਧਿ ਕਰਿ ਛੋਡਿਆ–ਬੰਨ੍ਹ ਕਰਕੇ ਰੱਖ ਛਡਿਆ ਸੀ।ਫੁਨਿ–ਫਿਰ।ਸੁਖ ਮਹਿ–ਸੁੱਖਾਂ ਵਿਚ। ਚਰਣਾਰਬਿੰਦ–(ਚਰਣ+ਅਰਬਿੰਦ) ਚਰਨ ਕਮਲ।ਸੀਤਲ–ਠੰਢਾ; ਸ਼ਾਂਤ।ਹੋਤਾਇਆ–ਹੁੰਦਾ ਆਇਆ (ਹੋ ਜਾਵੇ); ਤ੍ਰਿਸ਼ਨਾਂ ਦੀ ਅੱਗ ਦਾ ਤਪਾਇਆ (ਮਨ)।੧।ਜੀਵਤਿਆ–(ਇਸ ਲੋਕ ਵਿਚ) ਜਿਉਂਦਿਆਂ ਸਮੇਂ।ਅਥਵਾ–ਜਾਂ; ਅਤੇ।ਮੁਇਆ–ਮਰਨ ਵੇਲੇ। ਕਾਮਿ–ਕੰਮ।ਰਚਨੁ–ਜਗਤ ਰਚਨਾ।ਰਚਾਇਆ–ਪੈਦਾ ਕੀਤਾ।ਕੋਊ–ਕੋਈ।ਤਿਸ ਸਿਉ–ਉਸ ਨਾਲ।ਰੰਗੁ–ਪ੍ਰੇਮ।੧।ਰਹਾਉ।ਰੇ ਪ੍ਰਾਣੀ–ਹੇ ਪ੍ਰਾਣਧਾਰੀ ਜੀਵ!।ਉਸਨ–ਗਰਮੀ; ਗਰਮੀ ਦੀ ਰੁੱਤ; ਦੁਖ।ਸੀਤ–ਸਰਦੀ ਦੀ ਰੁੱਤ; ਸੁਖ ਸ਼ਾਂਤੀ।ਕਰਤਾ–ਕਰਤਾਰ। ਕਰੈ–ਪੈਦਾ ਕਰਦਾ ਹੈ।ਘਾਮ ਤੇ–ਗਰਮੀ ਦੀ ਤਪਸ਼ ਤੋਂ।ਕੀਰੀ–ਕੀੜੀ।ਹਸਤੀ ਕਰੈ–ਹਾਥੀ ਬਣਾ ਦੇਂਦਾ ਹੈ।ਟੂਟਾ–ਟੁੱਟੇ ਹੋਏ ਨੂੰ। ਲੇ ਗਾਢੈ–ਗੰਢ (ਜੋੜ) ਲੈਂਦਾ ਹੈ।੨।ਅੰਡਜ–ਆਂਡਿਆਂ ਤੋਂ ਪੈਦਾ ਹੋਣ ਵਾਲੇ ਜੀਵ।ਜੇਰਜ–ਜੇਰ ਤੋਂ ਪੈਦਾ ਹੋਣ ਵਾਲੇ ਜੀਵ।ਸੇਤਜ –ਮੁੜ੍ਹਕੇ ਤੋਂ ਪੈਦਾ ਹੋਏ ਜੀਵ।ਉਤਭੁਜਾ–ਧਰਤੀ ਵਿਚੋਂ ਜੰਮੀ ਬਨਸਪਤੀ।ਕਿਰਤਿ–ਪੈਦਾ ਕੀਤੀ ਰਚਨਾ।ਕਿਰਤ ਕਮਾਵਨ–ਕੀਤੀ ਕਮਾਈ ਨਾਲ।ਸਰਬ–ਸਾਰੇ।ਰਵੀਐ–ਸਿਮਰਨਾ ਚਾਹੀਦਾ ਹੈ।ਨਿਰਤਿ (ਨਿ+ਰਤਿ)–ਅਤਿਅੰਤ ਪ੍ਰੀਤ ਨਾਲ (ਮ.ਕੋ.; ਟਕਸਾਲ)। ੩।ਹਮ ਤੇ–ਸਾਡੇ ਤੋਂ।ਨ ਹੋਵਨਾ–ਨਹੀਂ ਹੋਣਾ।ਪ੍ਰਭ–ਹੇ ਪ੍ਰਭੂ !।ਸਾਧ–ਪੂਰਨ ਗੁਰੂ।ਮੋਹ ਮਗਨ–ਮੋਹ ਵਿਚ ਡੁੱਬੇ ਪਏ ਹਾਂ।ਕੂਪ ਅੰਧ ਤੇ–ਅੰਨ੍ਹੇ ਖੂਹ ਤੋਂ।ਗੁਰ–ਹੇ ਗੁਰੂ !।ਕਾਢ–(ਬਾਹਰ) ਕੱਢ ਲੈ।੪।੩੦।੬੦।

ਬਿਲਾਵਲੁ ਮਹਲਾ ੫ ॥ ਖੋਜਤ ਖੋਜਤ ਮੈ ਫਿਰਾ, ਖੋਜਉ ਬਨ ਥਾਨ ॥ ਅਛਲ ਅਛੇਦ ਅਭੇਦ ਪ੍ਰਭ, ਐਸੇ ਭਗਵਾਨ ॥੧॥ ਕਬ ਦੇਖਉ ਪ੍ਰਭੁ ਆਪਨਾ, ਆਤਮ ਕੈ ਰੰਗਿ ॥ ਜਾਗਨ ਤੇ ਸੁਪਨਾ ਭਲਾ, ਬਸੀਐ ਪ੍ਰਭ ਸੰਗਿ ॥੧॥ਰਹਾਉ॥ ਬਰਨ ਆਸ੍ਰਮ ਸਾਸਤ੍ਰ ਸੁਨਉ ,ਦਰਸਨ ਕੀ ਪਿਆਸ ॥ ਰੂਪ ਨ ਰੇਖ ਨ ਪੰਚ ਤਤ, ਠਾਕੁਰ ਅਬਿਨਾਸ ॥੨॥ ਓਹੁ ਸਰੂਪੁ ਸੰਤਨ ਕਹਹਿ, ਵਿਰਲੇ ਜੋਗੀਸੁਰ ॥ ਕਰਿ ਕਿਰਪਾ ਜਾ ਕਉ ਮਿਲੇ, ਧਨਿ ਧਨਿ ਤੇ ਈਸੁਰ ॥੩॥ ਸੋ ਅੰਤਰਿ ਸੋ ਬਾਹਰੇ, ਬਿਨਸੇ ਤਹ ਭਰਮਾ ॥ ਨਾਨਕ ਤਿਸੁ ਪ੍ਰਭੁ ਭੇਟਿਆ, ਜਾ ਕੇ ਪੂਰਨ ਕਰਮਾ ॥੪॥੩੧॥੬੧॥ (ਹੇ ਭਾਈ ! ਪ੍ਰਮੇਸਰ ਨੂੰ) ਮੈਂ ਖੋਜਦਾ ਖੋਜਦਾ ਫਿਰਦਾ ਹਾਂ, ਜੰਗਲਾਂ ਅਤੇ (ਹੋਰ ਅਨੇਕਾਂ ਤੀਰਥ) ਅਸਥਾਨਾਂ ਤੇ ਖੋਜਦਾ ਹਾਂ।ਉਹ ਪ੍ਰਭੂ ਕਿਸੇ ਪਾਸੋਂ ਛਲਿਆ ਨਹੀਂ ਜਾ ਸਕਦਾ, ਅਬਿਨਾਸੀ ਹੈ ਅਤੇ ਨਾ ਹੀ (ਉਸ ਦਾ) ਭੇਦ ਪਾਇਆ ਜਾ ਸਕਦਾ ਹੈ, ਇਹੋ ਜਿਹੇ ਗੁਣਾਂ ਵਾਲੇ ਹਨ ਭਗਵਾਨ ਜੀ।੧।(ਹੇ ਭਾਈ !) ਮੈਂ ਮਨ ਦੇ ਪਿਆਰ ਨਾਲ ਕਦੋਂ ਅਪਣੇ ਪ੍ਰਭੂ ਨੂੰ ਦੇਖਾਂਗਾ? (ਜਿਸ ਸੁਪਨੇ ਵਿਚ) ਪ੍ਰਭੂ ਨਾਲ ਵਸਦੇ ਹੋਈਏ, (ਉਸ) ਜਾਗਦੇ ਰਹਿਣ ਨਾਲੋਂ (ਸੁੱਤੇ ਪਿਆਂ ਦਾ ਉਹ) ਸੁਪਨਾ ਚੰਗਾ ਹੈ।੧।ਰਹਾਉ।(ਹੇ ਭਾਈ !) ਮੈਂ ਵਰਣ ਆਸ਼੍ਰਮ ਦੱਸਣ ਵਾਲੇ ਸ਼ਾਸਤ੍ਰਾਂ ਨੂੰ ਸੁਣਦਾ ਹਾਂ, ਤਾਂ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਲੱਗੀ ਰਹਿੰਦੀ ਹੈ।(ਪਰ ਉਸ) ਨਾਸ਼ ਰਹਿਤ ਪ੍ਰਭੂ ਦਾ ਨਾ ਕੋਈ ਰੂਪ ਹੈ, ਨਾ ਚਿੰਨ੍ਹ ਅਤੇ ਨਾ (ਉਹ ਜੀਵਾਂ ਵਾਂਗ) ਪੰਜ ਤੱਤਾਂ ਤੋਂ ਬਣਿਆ ਹੋਇਆ ਹੈ।੨।(ਹੇ ਭਾਈ !) ਪ੍ਰਭੂ ਦਾ ਉਹ (ਰੂਪ ਰੇਖ ਤੋਂ ਰਹਿਤ) ਸਰੂਪ ਵੱਡੇ ਵੱਡੇ ਵਿਰਲੇ ਜੋਗੀ ਤੇ ਸੰਤ ਦਸਦੇ ਹਨ।ਕ੍ਰਿਪਾ ਕਰਕੇ ਜਿਨਾਂ ਨੂੰ ਪ੍ਰਭੂ ਜੀ ਮਿਲੇ ਹਨ, ਉਹ (ਪੁਰਖ ਮਨ ਤੇ ਤਨ ਕਰਕੇ) ਧੰਨਤਾ ਦੇ ਯੋਗ ਹਨ ਅਤੇ ਈਸ਼ਵਰ ਦਾ ਰੂਪ ਹਨ।੩।ਉਨ੍ਹਾਂ ਸੰਤਾਂ ਦੇ ਹਿਰਦੇ ਵਿਚੋਂ ਸਾਰੇ ਭਰਮ ਨਾਸ਼ ਹੋ ਗਏ ਹਨ, (ਜਿਸ ਕਰਕੇ ਉਹ ਨਿਸਚਾ ਰੱਖਦੇ ਹਨ ਕਿ) ਉਹ ਪ੍ਰਭੂ ਜੀਵਾਂ ਦੇ ਅੰਦਰ ਵੀ ਹੈ ਤੇ ਉਹ ਬਾਹਰ ਵੀ ਮੌਜੂਦ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਸ (ਮਨੁੱਖ) ਨੂੰ ਪ੍ਰਭੂ ਮਿਲਿਆ ਹੈ, ਜਿਸ ਦੇ ਪੂਰੇ ਭਾਗ ਹਨ।੪।੩੧।੬੧।

ਪਦਾਰਥ = ਖੋਜਤ ਫਿਰਾ–ਲੱਭਦਾ ਫਿਰਦਾ ਹਾਂ।ਖੋਜਉ–ਮੈਂ ਖੋਜਦਾ ਹਾਂ।ਬਨ–ਜੰਗਲ।ਥਾਨ–ਤੀਰਥ ਅਸਥਾਨ।ਅਛਲ–ਜੋ ਛਲਿਆ ਨਾ ਜਾਵੇ।ਅਛੇਦ–ਜੋ ਕੱਟਿਆ ਨਾ ਜਾ ਸਕੇ; ਅਬਿਨਾਸੀ।ਅਭੇਦ–ਜਿਸ ਦਾ ਭੇਦ ਨਾ ਪਾਇਆ ਜਾ ਸਕੇ।੧।ਕਬ–ਕਦੋਂ।ਦੇਖਉ– ਮੈਂ ਦੇਖਾਂਗਾ।ਆਤਮ ਕੈ–ਮਨ ਦੇ।ਰੰਗਿ–ਪਿਆਰ ਨਾਲ।ਤੇ–ਤੋਂ; ਨਾਲੋਂ।ਬਸੀਐ–ਵਸਦੇ ਹੋਈਏ।ਸੰਗਿ–ਨਾਲ।੧।ਰਹਾਉ। ਬਰਨ–ਚਾਰ ਵਰਣ (ਖਤ੍ਰੀ, ਬ੍ਰਾਹਮਣ, ਵੈਸ਼, ਸੂਦਰ)।ਆਸ੍ਰਮ–ਚਾਰ ਆਸ਼੍ਰਮ (ਬ੍ਰਹਮਚਰਜ, ਗ੍ਰਿਹਸਤ, ਵਾਨਪ੍ਰਸਤ ਤੇ ਸੰਨਿਆਸ) ।ਰੂਪ–ਸ਼ਕਲ; ਮੂਰਤ।ਰੇਖ–ਚਿੰਨ੍ਹ (ਹੱਥਾਂ ਪੈਰਾਂ ਦੇ)।ਪੰਚ ਤਤ–ਪੰਜ ਤੱਤ (ਅਕਾਸ਼, ਮਿੱਟੀ, ਅੱਗ, ਪਾਣੀ ਤੇ ਹਵਾ)।ਠਾਕੁਰ– ਮਾਲਕ ਪ੍ਰਭੂ।ਅਬਿਨਾਸ–ਨਾਸ਼ ਰਹਿਤ।੨।ਸੰਤਨ ਕਹਹਿ–ਸੰਤ ਦਸਦੇ ਹਨ।ਜੋਗੀਸੁਰ–ਵੱਡੇ ਵੱਡੇ ਜੋਗੀ (ਜੋਗੀਰਾਜ)।ਕਰਿ–ਕਰ ਕੇ।ਜਾ ਕਉ–ਜਿਸ ਨੂੰ।ਧਨਿ ਧਨਿ–ਧੰਨਤਾ ਦੇ ਯੋਗ।ਤੇ–ਉਹ।ਈਸੁਰ–ਈਸ਼ਵਰ; ਪ੍ਰਭੂ ਦੇ ਭਜਨੀਕ ਵੱਡੇ ਪੁਰਖ।੩।ਸੋ–ਉਹ।

ਅੰਤਰਿ-(ਹਰੇਕ ਜੀਵ ਦੇ) ਹਿਰਦੇ ਅੰਦਰ।ਬਾਹਰੇ-ਬਾਹਰ।ਬਿਨਸੇ-ਨਾਸ਼ ਹੋ ਗਏ।ਤਹ-ਉਨ੍ਹਾਂ ਦੇ।ਤਿਸੁ-ਉਸ ਨੂੰ-ਭੇਟਿਆ-ਮਿਲਿਆ ਹੈ।ਜਾ ਕੇ-ਜਿਸ ਦੇ।ਪੂਰਨ ਕਰਮਾ-ਪੂਰੇ ਭਾਗ ਹਨ।੪।੩੧।੬੧।

ਬਿਲਾਵਲੁ ਮਹਲਾ ੫ ॥ ਜੀਅ ਜੰਤ ਸੁਪ੍ਰਸੰਨ ਭਏ, ਦੇਖਿ ਪ੍ਰਭ ਪਰਤਾਪ ॥ ਕਰਜੁ ਉਤਾਰਿਆ ਸਤਿਗੁਰੂ ,ਕਰਿ ਆਹਰੁ ਆਪ ॥੧॥ ਖਾਤ ਖਰਚਤ ਨਿਬਹਤ ਰਹੈ, ਗੁਰ ਸਬਦੁ ਅਖੂਟ ॥ ਪੂਰਨ ਭਈ ਸਮਗਰੀ, ਕਬਹੂ ਨਹੀ ਤੂਟ ॥੧॥ਰਹਾਉ॥ ਸਾਧ ਸੰਗਿ ਆਰਾਧਨਾ, ਹਰਿ ਨਿਧਿ ਆਪਾਰ ॥ ਧਰਮ ਅਰਥ ਅਰੁ ਕਾਮ ਮੋਖ, ਦੇਤੇ ਨਹੀ ਬਾਰ ॥੨॥ ਭਗਤ ਅਰਾਧਹਿ ਏਕ ਰੰਗਿ, ਗੋਬਿੰਦ ਗੁਪਾਲ ॥ ਰਾਮ ਨਾਮ ਧਨੁ ਸੰਚਿਆ, ਜਾ ਕਾ ਨਹੀ ਸੁਮਾਰੁ ॥੩॥ ਸਰਨਿ ਪਰੇ ਪ੍ਰਭ ਤੇਰੀਆ, ਪ੍ਰਭ ਕੀ ਵਡਿਆਈ ॥ ਨਾਨਕ ਅੰਤੁ ਨ ਪਾਈਐ, ਬੇਅੰਤ ਗੁਸਾਈ ॥੪॥੩੨॥੬੨॥ (ਹੇ ਭਾਈ!) ਪ੍ਰਭੂ ਦਾ ਤੇਜ ਪ੍ਰਤਾਪ ਦੇਖ ਕੇ (ਸਾਰੇ) ਜੀਵ ਜੰਤ ਬਹੁਤ ਪ੍ਰਸੰਨ ਹੋਏ ਹਨ।ਸਤਿਗੁਰੂ ਨੇ ਆਪ ਉਦਮ ਕਰਕੇ (ਸਾਡਾ ਪਿਛਲੇ ਜਨਮਾਂ ਦੇ ਕੀਤੇ ਪਾਪਾਂ ਦਾ) ਕਰਜਾ ਉਤਾਰ ਦਿਤਾ ਹੈ।੧।(ਹੇ ਭਾਈ!) ਗੁਰੂ ਦਾ ਸ਼ਬਦ ਨਾ ਮੁੱਕਣ ਵਾਲਾ ਖਜਾਨਾ ਹੈ, (ਇਸ ਦੁਆਰਾ) ਖਾਂਦਿਆਂ ਖਰਚਦਿਆਂ (ਆਪ ਜਪਦਿਆਂ ਤੇ ਹੋਰਨਾਂ ਨੂੰ ਜਪਾਉਂਦਿਆਂ ਆਤਮਕ ਜੀਵਨ ਦਾ) ਨਿਰਬਾਹ ਹੁੰਦਾ ਰਹਿੰਦਾ ਹੈ।(ਸਾਰੀ) ਸਮੱਗ੍ਰੀ ਪੂਰੀ ਹੋਈ ਹੈ, ਕਦੇ (ਕਿਸੇ ਚੀਜ ਦੀ ਕੋਈ) ਤੋਟ ਨਹੀਂ ਆਈ।੧।ਰਹਾਉ।(ਹੇ ਭਾਈ!) ਸਾਧ ਸੰਗਤ ਵਿਚ ਪ੍ਰਭੂ ਦਾ ਨਾਮ ਜੋ ਅਰਾਧਨਾ ਹੈ, (ਇਹ) ਖਜਾਨਾ ਬੇਅੰਤ ਹੈ (ਜੋ ਕਦੇ ਮੁੱਕਦਾ ਨਹੀਂ।ਜੋ ਮਨੁੱਖ ਨਾਮ ਜਪਦਾ ਹੈ, ਦੁਨੀਆਂ ਵਿਚ ਪ੍ਰਸਿੱਧ ਚਾਰ ਪਦਾਰਥ) ਧਰਮ, ਅਰਥ, ਕਾਮ ਅਤੇ ਮੋਖ ਹਨ, (ਇਹ ਪਦਾਰਥ ਉਸ ਨੂੰ) ਦੇਂਦਿਆਂ ਹਰੀ ਦੇਰ ਨਹੀਂ ਲਾਉਂਦਾ।੨।(ਹੇ ਭਾਈ!) ਭਗਤ ਜਨ ਗੋਬਿੰਦ ਗੋਪਾਲ ਦਾ ਨਾਮ ਇਕ ਰਸ ਪ੍ਰੇਮ ਨਾਲ ਜਪਦੇ ਹਨ।(ਉਨ੍ਹਾਂ ਨੇ) ਪ੍ਰਭੂ ਦਾ ਨਾਮ ਧਨ ਇਕੱਠਾ ਕੀਤਾ ਹੈ, ਜਿਸ ਦੀ ਕੋਈ ਗਿਣਤ ਨਹੀਂ ਹੋ ਸਕਦੀ।੩।ਹੇ ਪ੍ਰਭੂ! (ਭਗਤ ਜਨ) ਤੇਰੀ ਸ਼ਰਨ ਵਿਚ ਪਏ ਰਹਿੰਦੇ ਹਨ ਅਤੇ ਹੇ ਪ੍ਰਭੂ! (ਸਮਰੱਥ ਜਾਣ ਕੇ ਉਹ ਤੇਰੀ) ਵਡਿਆਈ ਕਰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਧਰਤੀ ਦਾ ਮਾਲਕ ਪ੍ਰਭੂ ਬੇਅੰਤ ਹੈ, (ਉਸ ਦਾ) ਅੰਤ ਨਹੀਂ ਪਾਇਆ ਜਾ ਸਕਦਾ।੪।੩੨।੬੨।

ਕਰਜੁ ਉਤਾਰਿਆ ਸਤਿਗੁਰੂ = ੧. ਸਤਿਗੁਰੂ (ਰਾਮਦਾਸ ਜੀ) ਨੇ ਆਪ ਉਦਮ ਕਰਕੇ ਅੰਮ੍ਰਿਤਸਰ ਸਰੋਵਰ ਅਤੇ ਹਰਿਮੰਦਰ ਸਾਹਿਬ ਸੰਪੂਰਨ ਕਰਾ ਕੇ (ਸਾਡੇ ਸਿਰ ਤੋਂ) ਕਰਜਾ ਉਤਾਰ ਦਿਤਾ (ਟਕਸਾਲ)।੨. ਸਤਸੰਗ ਵਿਚ ਨਾਮ ਦਾ ਪ੍ਰਵਾਹ ਚਲਾਣਾ ਇਹ ਇਕ ਭਾਰੀ ਜਿੰਮੇਵਾਰੀ ਸੀ, ਜੋ ਪੂਰਨ ਹੋਈ ਹੈ, ਇਸ ਲਈ ਕਰਜ ਉਤਰ ਗਿਆ (ਸ਼ਬਦਾਰਥ)।

ਪਦਾਰਥ = ਜੀਅ ਜੰਤ-ਛੋਟੇ ਵੱਡੇ ਸਾਰੇ ਜੀਵ ਜੰਤ।ਸੁਪ੍ਰਸੰਨ ਭਏ-ਬਹੁਤ ਪ੍ਰਸੰਨ ਹੋਏ।ਦੇਖਿ-ਦੇਖ ਕੇ।ਪਰਤਾਪ-ਤੇਜ ਪ੍ਰਤਾਪ; ਤਾਕਤ।ਕਰਜੁ-ਕਰਜਾ (ਪਾਪਾਂ ਦਾ; ਅੰਮ੍ਰਿਤਸਰ ਸਰੋਵਰ ਤੇ ਹਰਿਮੰਦਰ ਸਾਹਿਬ ਨੂੰ ਸੰਪੂਰਨ ਕਰਨ ਦਾ)।ਕਰਿ ਆਹਰੁ-ਉਦਮ ਕਰ ਕੇ।੧।ਖਾਤ-ਖਾਂਦਿਆਂ (ਜਪਦਿਆਂ)।ਖਰਚਤ-ਖਰਚਦਿਆਂ (ਹੋਰਨਾਂ ਨੂੰ ਜਪਾਉਂਦਿਆਂ)।ਨਿਬਹਤ ਰਹੈ-ਨਿਰਬਾਹ ਹੋ ਰਿਹਾ ਹੈ।ਅਖੁਟ-ਨਾ ਮੁੱਕਣ ਵਾਲਾ।ਸਮਗਰੀ-ਸਾਜੋ ਸਮਾਨ; ਰਸਦ ਆਦਿ।ਪੂਰਨ ਭਈ-ਪੂਰੀ (ਇਕੱਠੀ) ਹੋਈ।ਕਬਹੂ-ਕਦੇ ਵੀ।ਤੂਟ -ਤੋਟ; ਘਾਟਾ।੧।ਰਹਾਉ।ਸਾਧ ਸੰਗਿ-ਸਾਧ ਸੰਗਤ ਵਿਚ।ਆਰਾਧਨਾ-ਜਪਣਾ ਹੈ।ਨਿਧਿ-ਖਜਾਨਾ।ਆਪਾਰ-ਬੇਅੰਤ।ਧਰਮ-ਧਾਰਮਕ ਗੁਣ।ਅਰਥ-ਧਨ ਸੰਪਤੀ।ਕਾਮ-ਇੱਛਾ।ਅਰੁ-ਅਤੇ।ਮੋਖ-ਮੁਕਤੀ।ਦੇਤੇ-ਦੇਂਦਿਆਂ।ਬਾਰ-ਦੇਰ।੨।ਅਰਾਧਹਿ-ਜਪਦੇ ਹਨ।ਏਕ ਰੰਗਿ-ਇਕ ਰਸ (ਨਿਰੰਤਰ) ਪ੍ਰੇਮ ਨਾਲ।ਗੁਪਾਲ-ਧਰਤੀ ਦੀ ਪਾਲਣਾ ਕਰਨ ਵਾਲਾ ਪ੍ਰਭੂ।ਸੰਚਿਆ-ਇਕੱਠਾ ਕੀਤਾ ਹੈ।ਜਾ ਕਾ-ਜਿਸ ਦਾ।ਸੁਮਾਰੁ-ਹਿਸਾਬ; ਗਿਣਤੀ; ਅੰਤ; ਅੰਦਾਜਾ।੩।ਸਰਨਿ ਪਰੇ-ਸ਼ਰਨ ਵਿਚ ਪਏ ਹਨ।ਪ੍ਰਭ-ਹੇ ਪ੍ਰਭੂ!। ਤੇਰੀਆ-ਤੇਰੀ।ਗੁਸਾਈ-ਧਰਤੀ ਦਾ ਮਾਲਕ।੪।੩੨।੬੨।

ਬਿਲਾਵਲੁ ਮਹਲਾ ੫ ॥ ਸਿਮਰਿ ਸਿਮਰਿ ਪੂਰਨ ਪ੍ਰਭੂ ,ਕਾਰਜ ਭਏ ਰਾਸਿ ॥ ਕਰਤਾਰ ਪੁਰਿ ਕਰਤਾ ਵਸੈ, ਸੰਤਨ ਕੈ ਪਾਸਿ ॥੧॥ ਰਹਾਉ॥ (ਹੇ ਭਾਈ!) ਪੂਰਨ ਪ੍ਰਭੂ ਨੂੰ ਮਨ ਅਤੇ ਤਨ ਕਰਕੇ ਸਿਮਰ ਕੇ (ਅੰਮ੍ਰਿਤ ਸਰੋਵਰ, ਹਰਿਮੰਦਰ ਸਾਹਿਬ ਦੀ ਰਚਨਾ ਤੇ ਹੋਰ ਸਾਰੇ) ਕਾਰਜ ਪੂਰੇ ਹੋ ਗਏ ਹਨ।ਕਰਤਾਰ ਪੁਰ (ਸਤ ਸੰਗਤ) ਵਿਚ ਸੰਤਾਂ ਦੇ ਪਾਸ ਕਰਤਾਰ ਵਸਦਾ ਹੈ।੧।ਰਹਾਉ।

ਅੰਗ ੮੧੭ = ਬਿਘਨੁ ਨ ਕੋਊ ਲਾਗਤਾ, ਗੁਰ ਪਹਿ ਅਰਦਾਸਿ ॥ ਰਖਵਾਲਾ ਗੋਬਿੰਦ ਰਾਇ, ਭਗਤਨ ਕੀ ਰਾਸਿ ॥੧॥ ਤੋਟਿ ਨ ਆਵੈ ਕਦੇ ਮੂਲਿ, ਪੂਰਨ ਭੰਡਾਰ ॥ ਚਰਨ ਕਮਲ ਮਨਿ ਤਨਿ ਬਸੇ, ਪ੍ਰਭ ਅਗਮ ਅਪਾਰ ॥੨॥ ਬਸਤ ਕਮਾਵਤ ਸਭਿ ਸੁਖੀ, ਕਿਛੁ ਊਨ ਨ ਦੀਸੈ ॥ ਸੰਤ ਪ੍ਰਸਾਦਿ ਭੇਟੇ ਪ੍ਰਭੂ ,ਪੂਰਨ ਜਗਦੀਸੈ ॥੩॥ ਜੈ ਜੈਕਾਰ ਸਭੈ ਕਰਹਿ, ਸਚੁ ਥਾਨੁ ਸੁਹਾਇਆ ॥ ਜਪਿ ਨਾਨਕ ਨਾਮੁ ਨਿਧਾਨ ਸੁਖ, ਪੂਰਾ ਗੁਰੁ ਪਾਇਆ ॥੪॥੩੩॥੬੩॥(ਹੇ ਭਾਈ! ਜੋ ਮਨੁੱਖ) ਗੁਰੂ ਪਾਸ ਅਰਦਾਸ ਕਰਦਾ ਹੈ, (ਉਸ

ਨੂੰ) ਕੋਈ ਬਿਘਨ ਨਹੀਂ ਲਗਦਾ।(ਕਿਉਂਕਿ ਉਨ੍ਹਾਂ ਦਾ) ਰਖਵਾਲਾ ਗੋਬਿੰਦ ਰਾਇ (ਵਾਹਿਗੁਰੂ) ਹੈ ਅਤੇ (ਨਾਮ ਧਨ ਹੀ) ਭਗਤਾਂ ਦੀ ਪੂਜੀ ਹੈ।੧।(ਹੇ ਭਾਈ! ਸਤਸੰਗਤ ਵਿਚ ਗੁਰੂ ਦੇ) ਖਜਾਨੇ ਭਰੇ ਪਏ ਹਨ, (ਉਨ੍ਹਾਂ ਵਿਚ) ਉਕਾ ਹੀ ਕਦੇ ਤੋਟ ਨਹੀਂ ਆਉਂਦੀ।(ਉਥੇ ਵਸਣ ਵਾਲੇ ਗੁਰਮੁਖਾਂ ਦੇ) ਮਨ ਵਿਚ ਤੇ ਸਰੀਰ ਵਿਚ ਮਨ ਬਾਣੀ ਦੀ ਪਹੁੰਚ ਤੋਂ ਪਰੇ ਬੇਅੰਤ ਪ੍ਰਭੂ ਦੇ ਚਰਨ ਕਮਲ ਵਸੇ ਹੋਏ ਹਨ।੨।(ਜਿਹੜੇ ਗੁਰਮੁਖ ਸਤਸੰਗਤ ਵਿਚ) ਵਸਦੇ ਹਨ ਅਤੇ (ਨਾਮ ਬਾਣੀ ਦੇ ਅਭਿਆਸ ਦੀ) ਕਮਾਈ ਕਰਦੇ ਹਨ, (ਉਹ) ਸਭ ਸੁਖੀ ਹਨ, (ਉਨ੍ਹਾਂ ਨੂੰ ਕਿਸੇ ਚੀਜ ਦੀ) ਕਮੀ ਨਹੀਂ ਦਿਸਦੀ।(ਉਨ੍ਹਾਂ ਨੂੰ) ਸੰਤ ਗੁਰੂ ਦੀ ਕ੍ਰਿਪਾ ਨਾਲ ਜਗਤ ਦਾ ਮਾਲਕ ਪੂਰਨ ਪ੍ਰਭੂ ਮਿਲ ਪੈਂਦਾ ਹੈ।੩।(ਹੇ ਭਾਈ! ਸਤਸੰਗਤ ਰੂਪ) ਸੱਚਾ ਅਸਥਾਨ ਸੋਹਣਾ ਲਗਦਾ ਹੈ, ਸਾਰੇ (ਲੋਕ ਅਤੇ ਦੇਵਤੇ ਉਸ ਦੀ) ਜੈ ਜੈਕਾਰ ਕਰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੂੰ ਸਤਸੰਗਤ ਵਿਚ) ਪੂਰਾ ਗੁਰੂ ਮਿਲ ਪਿਆ ਹੈ, ਨਾਮ ਜਪ ਕੇ (ਉਸ ਨੂੰ) ਸੁਖਾਂ ਦਾ ਖਜਾਨਾ ਪ੍ਰਭੂ ਪ੍ਰਾਪਤ ਹੋ ਗਿਆ ਹੈ।੪।੩੩।੬੩।

ਪਦਾਰਥ = ਸਿਮਰ-ਸਿਮਰ ਕੇ।ਪੂਰਨ ਪ੍ਰਭੂ-ਗੁਣਾਂ ਨਾਲ ਭਰਪੂਰ ਪ੍ਰਭੂ।ਕਾਰਜ-ਸਾਰੇ ਕੰਮ।ਭਏ ਰਾਸਿ-ਸਫਲ ਹੋ ਗਏ।ਕਰਤਾਰ ਪੁਰਿ-ਕਰਤਾਰ ਦੇ ਸ਼ਹਿਰ (ਸਤਸੰਗਤ) ਵਿਚ; ਗੁਰੂ ਨਾਨਕ ਦੇਵ ਜੀ ਦਾ ਵਸਾਇਆ ਨਗਰ ਕਰਤਾਰਪੁਰ ਵਿਚ।ਕਰਤਾ-ਕਰਤਾਰ। ਸੰਤਨ ਕੈ ਪਾਸਿ-ਸੰਤਾਂ ਦੇ ਕੋਲ।੧।ਰਹਾਉ।ਕੋਊ-ਕੋਈ ਵੀ।ਪਹਿ-ਪਾਸ (ਕੋਲ)।ਗੋਬਿੰਦ ਰਾਇ-ਪ੍ਰਭੂ ਪਾਤਸ਼ਾਹ।ਭਗਤਨ ਕੀ-ਭਗਤਾਂ ਦੀ।ਰਾਸਿ-ਪੂੰਜੀ।੧।ਤੋਟਿ-ਘਾਟਾ।ਮੂਲਿ-ਉਕਾ ਹੀ।ਪੂਰਨ ਭੰਡਾਰ-ਖਜਾਨੇ ਭਰੇ ਪਏ ਹਨ।ਮਨਿ-ਮਨ ਵਿਚ।ਤਨਿ-ਸਰੀਰ ਵਿਚ।ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਪਾਰ-ਬੇਅੰਤ।੨।ਬਸਤ-ਵਸਦੇ ਹਨ।ਕਮਾਵਤ-(ਨਾਮ ਸਿਮਰਨ ਦੀ) ਕਮਾਈ ਕਰਦੇ ਹਨ।ਊਨ-ਕਮੀ (ਘਾਟਾ)।ਨ ਦੀਸੈ-ਨਹੀਂ ਦਿਸਦਾ।ਸੰਤ ਪ੍ਰਸਾਦਿ-ਸੰਤ ਗੁਰੂ ਦੀ ਕ੍ਰਿਪਾ ਨਾਲ।ਭੇਟੇ-ਮਿਲ ਪੈਂਦੇ ਹਨ।ਜਗਦੀਸੈ-ਜਗਤ ਦਾ ਮਾਲਕ ਪ੍ਰਭੂ।੩।ਜੈ ਜੈਕਾਰੁ-ਵਡਿਆਈ।ਸਭੈ ਕਰਹਿ-ਸਾਰੇ ਕਰਦੇ ਹਨ।ਸਚੁ ਥਾਨੁ-ਸੱਚਾ ਅਸਥਾਨ (ਸਤਸੰਗਤ)।ਸੁਹਾਇਆ-ਸੋਹਣਾ ਲਗਦਾ ਹੈ।ਜਪਿ-ਜਪ ਕੇ।ਸੁਖ ਨਿਧਾਨ-ਸੁੱਖਾਂ ਦਾ ਖਜਾਨਾ (ਪ੍ਰਭੂ)।੪।੩੩।੬੩।

ਬਿਲਾਵਲੁ ਮਹਲਾ ੫ ॥ ਹਰਿ ਹਰਿ ਹਰਿ ਆਰਾਧੀਐ, ਹੋਈਐ ਆਰੋਗ ॥ ਰਾਮ ਚੰਦ ਕੀ ਲਸਟਿਕਾ, ਜਿਨਿ ਮਾਰਿਆ ਰੋਗੁ ॥੧॥ ਰਹਾਉ॥ ਗੁਰੁ ਪੂਰਾ ਹਰਿ ਜਾਪੀਐ, ਨਿਤ ਕੀਚੈ ਭੋਗੁ ॥ ਸਾਧ ਸੰਗਤਿ ਕੈ ਵਾਰਣੈ, ਮਿਲਿਆ ਸੰਜੋਗੁ ॥੧॥ ਜਿਸੁ ਸਿਮਰਤ ਸੁਖੁ ਪਾਈਐ, ਬਿਨਸੈ ਬਿਓਗੁ ॥ ਨਾਨਕ ਪ੍ਰਭ ਸਰਣਾਗਤੀ, ਕਰਣ ਕਾਰਣ ਜੋਗੁ ॥੨॥੩੪॥੬੪॥ (ਹੇ ਭਾਈ!) ਹਰ ਵੇਲੇ ਹਰੀ ਦਾ ਹਰਿ ਹਰਿ ਨਾਮ (ਮਨ ਤੇ ਸਰੀਰ ਕਰਕੇ) ਸਿਮਰਨਾ ਚਾਹੀਦਾ ਹੈ, (ਜਿਸ ਦਾ ਸਦਕਾ) ਰੋਗਾਂ ਤੋਂ ਰਹਿਤ ਹੋ ਜਾਈਦਾ ਹੈ।ਹਰੀ ਦਾ ਨਾਮ ਸਿਮਰਨ ਹੀ ਰਾਮ ਚੰਦਰ ਦੀ ਲਾਠੀ ਹੈ, ਜਿਸ ਨੇ (ਹੰਕਾਰ ਆਦਿ) ਰੋਗ ਮੁਕਾ ਦਿਤਾ ਸੀ।(ਸ੍ਰੀ ਰਾਮ ਚੰਦਰ ਜੀ ਪਾਸ ਰਾਜ ਦੀ ਨਿਸ਼ਾਨੀ ਇਹ ਸੋਟੀ ਹੁੰਦੀ ਸੀ, ਜਿਸ ਤੋਂ ਮਾੜੇ ਪੁਰਸ਼ਾਂ ਨੂੰ ਸਜਾ ਦੇ ਡਰ ਤੋਂ ਭੈ ਰਹਿੰਦਾ ਸੀ ਅਤੇ ਸਾਰੇ ਰਾਜ ਵਿਚ ਸੁੱਖ ਸ਼ਾਂਤੀ ਵਰਤਦੀ ਸੀ)।੧।ਰਹਾਉ।(ਹੇ ਭਾਈ!) ਪੂਰੇ ਗੁਰੂ ਦੀ ਸਰਨ ਪੈ ਕੇ ਹਰੀ ਦਾ ਨਾਮ ਜਪਣਾ ਚਾਹੀਦਾ ਹੈ, (ਇਸ ਤਰ੍ਹਾਂ) ਹਰ ਰੋਜ ਅਨੰਦ ਮਾਣ ਸਕੀਦਾ ਹੈ।ਸਾਧੂ ਗੁਰੂ ਦੀ ਸੰਗਤ ਦੇ ਮੈਂ ਵਾਰਨੇ ਜਾਂਦਾ ਹਾਂ, ਜਿਸ ਤੋਂ ਹਰੀ ਦੇ ਮਿਲਾਪ ਦਾ ਮੌਕਾ ਮਿਲਿਆ ਹੈ।੧।(ਹੇ ਭਾਈ!) ਜਿਸ ਪ੍ਰਭੂ ਨੂੰ ਸਿਮਰਦਿਆਂ ਸੁਖ ਪਾ ਲਈਦਾ ਹੈ ਅਤੇ ਪ੍ਰਭੂ ਨਾਲੋਂ ਵਿਛੋੜਾ ਦੂਰ ਹੋ ਜਾਂਦਾ ਹੈ।ਨਾਨਕ ਪ੍ਰਭੂ ਦੀ ਸ਼ਰਣ ਵਿਚ ਆਇਆ ਹੈ, ਜੋ ਸਾਰੇ ਕਾਰਣ ਕਰਨ ਦੇ ਜੋਗ (ਸਮਰੱਥ) ਹੈ।੨।੩੪।੬੪।

ਪਦਾਰਥ = ਆਰਾਧੀਐ-ਸਿਮਰਨਾ ਚਾਹੀਦਾ ਹੈ।ਹੋਈਐ ਆਰੋਗ-ਰੋਗ ਰਹਿਤ ਹੋ ਜਾਈਦਾ ਹੈ।ਲਸਟਿਕਾ-ਲਾਠੀ; ਰਾਜਦੰਡ। ਜਿਨਿ-ਜਿਸ ਨੇ।ਮਾਰਿਆ-ਮੁਕਾ ਦਿਤਾ।੧।ਰਹਾਉ।ਜਾਪੀਐ-ਜਪਣਾ ਚਾਹੀਦਾ ਹੈ।ਨਿਤ-ਹਰ ਰੋਜ; ਸਦਾ।ਕੀਚੈ ਭੋਗੁ-ਆਤਮਕ ਅਨੰਦ ਮਾਣ ਸਕੀਦਾ ਹੈ।ਕੈ ਵਾਰਣੈ-ਦੇ ਵਾਰਨੇ ਜਾਂਦਾ ਹਾਂ।ਸੰਜੋਗੁ-ਮਿਲਾਪ ਦਾ ਮੌਕਾ।੧।ਸਿਮਰਤ-ਸਿਮਰਦਿਆਂ।ਪਾਈਐ-ਪਾ ਲਈਦਾ ਹੈ।ਬਿਨਸੈ-ਦੂਰ ਹੋ ਜਾਂਦਾ ਹੈ।ਬਿਓਗੁ-ਵਿਛੋੜਾ।ਸਰਣਾਗਤੀ-ਸ਼ਰਣ ਵਿਚ ਆਇਆ ਹੈ।ਕਰਣ ਕਾਰਣ-ਸਾਰੇ ਕਾਰਣਾਂ ਦੇ ਕਰਨ ਵਾਲਾ; ਜਗਤ ਰਚਨਾ ਦਾ ਮੂਲ ਕਾਰਨ।ਜੋਗੁ-ਸਮਰੱਥ।੨।੩੪।੬੪।

ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੫ ੧ੴ ਸਤਿਗੁਰ ਪ੍ਰਸਾਦਿ ॥ ਅਵਰਿ ਉਪਾਵ ਸਭਿ ਤਿਆਗਿਆ, ਦਾਰੂ ਨਾਮੁ ਲਇਆ ॥ ਤਾਪ ਪਾਪ ਸਭਿ ਮਿਟੇ ਰੋਗ, ਸੀਤਲ ਮਨੁ ਭਇਆ ॥੧॥ ਗੁਰੁ ਪੂਰਾ ਆਰਾਧਿਆ, ਸਗਲਾ ਦੁਖੁ ਗਇਆ ॥ ਰਾਖਨਹਾਰੈ ਰਾਖਿਆ, ਅਪਨੀ ਕਰਿ ਮਇਆ ॥੧॥ਰਹਾਉ॥ ਬਾਹ ਪਕੜਿ ਪ੍ਰਭਿ ਕਾਢਿਆ, ਕੀਨਾ ਅਪਨਇਆ ॥ ਸਿਮਰਿ ਸਿਮਰਿ ਮਨ ਤਨ ਸੁਖੀ, ਨਾਨਕ ਨਿਰਭਇਆ ॥੨॥੧॥੬੫॥ (ਹੇ ਭਾਈ! ਜਿਸ ਮਨੁੱਖ ਨੇ) ਹੋਰ ਸਾਰੇ ਜਤਨ ਛਡ ਦਿਤੇ ਹਨ ਅਤੇ ਦਵਾਈ ਦੇ ਵੱਜੋਂ

ਪ੍ਰਭੂ ਦਾ ਨਾਮ ਹੀ ਲਿਆ (ਜਪਿਆ) ਹੈ।(ਉਸ ਦੇ) ਤਿੰਨੇ ਤਾਪ, ਸਾਰੇ ਪਾਪ ਤੇ ਰੋਗ ਮਿਟ ਗਏ ਹਨ, (ਉਸ ਦਾ) ਮਨ ਸੀਤਲ ਹੋ ਗਿਆ ਹੈ।੧।(ਜਿਸ ਮਨੁੱਖ ਨੇ) ਪੂਰੇ ਗੁਰੂ ਦਾ ਉਪਦੇਸ਼ ਲੈ ਕੇ ਹਰੀ ਦਾ ਨਾਮ ਸਿਮਰਿਆ ਹੈ, (ਉਸ ਦਾ) ਸਾਰਾ ਦੁੱਖ ਦੂਰ ਹੋ ਗਿਆ ਹੈ।ਰੱਖਿਆ ਕਰਨ ਵਾਲੇ ਪ੍ਰਭੂ ਨੇ ਅਪਣੀ ਮਿਹਰ ਕਰਕੇ (ਉਸ ਦੀ ਦੁੱਖਾਂ ਤੋਂ) ਰੱਖਿਆ ਕੀਤੀ ਹੈ।੧।ਰਹਾਉ।(ਹੇ ਭਾਈ!) ਪ੍ਰਭੂ ਨੇ ਬਾਂਹ ਫੜ ਕੇ (ਮੈਨੂੰ ਦੁਖਾਂ ਤੋਂ ਬਾਹਰ) ਕੱਢ ਲਿਆ ਅਤੇ ਅਪਣਾ ਸੇਵਕ ਬਣਾ ਲਿਆ ਹੈ।ਪ੍ਰਭੂ ਦਾ ਨਾਮ ਸਿਮਰ ਸਿਮਰ ਕੇ ਨਾਨਕ ਨਿਰਭੈ ਹੋ ਗਿਆ ਹੈ ਅਤੇ ਮਨ ਤੇ ਸਰੀਰ ਸੁਖੀ ਹੋ ਗਿਆ ਹੈ।੨।੧।੬੫।

ਪਦਾਰਥ = ਅਵਰਿ–ਹੋਰ।ਉਪਾਵ–ਜਤਨ।ਤਿਆਗਿਆ–ਛਡ ਦਿਤੇ।ਦਾਰੂ–ਦਵਾਈ।ਲਇਆ–ਲਿਆ (ਜਪਿਆ)।ਸੀਤਲ–ਠੰਢਾ ;ਸ਼ਾਂਤ।ਭਇਆ–ਹੋ ਗਿਆ।੧।ਆਰਾਧਿਆ–ਸਿਮਰਿਆ।ਸਗਲਾ–ਸਾਰਾ।ਰਾਖਨਹਾਰੈ–ਰੱਖਿਆ ਕਰਨ ਵਾਲੇ ਪ੍ਰਭੂ ਨੇ।ਰਾਖਿਆ–ਰੱਖਿਆ ਕੀਤੀ।ਕਰਿ ਮਇਆ–ਮੇਹਰ ਕਰਕੇ।੧।ਰਹਾਉ।ਬਾਹ ਪਕੜਿ–ਬਾਂਹ ਫੜ ਕੇ।ਕੀਨਾ ਅਪਨਇਆ–ਅਪਣਾ ਕਰ (ਬਣਾ) ਲਿਆ।ਪ੍ਰਭਿ–ਪ੍ਰਭੂ ਨੇ।ਸਿਮਰਿ–ਸਿਮਰ ਕੇ।ਤਨ–ਸਰੀਰ।ਨਿਰਭਇਆ–ਨਿਰਭੈ।੨।੧।੬੫।

ਬਿਲਾਵਲੁ ਮਹਲਾ ੫ ॥ ਕਰੁ ਧਰਿ ਮਸਤਕਿ ਥਾਪਿਆ, ਨਾਮੁ ਦੀਨੋ ਦਾਨਿ ॥ ਸਫਲ ਸੇਵਾ ਪਾਰਬ੍ਰਹਮ ਕੀ, ਤਾ ਕੀ ਨਹੀ ਹਾਨਿ ॥੧॥ ਆਪੇ ਹੀ ਪ੍ਰਭੁ ਰਾਖਤਾ, ਭਗਤਨ ਕੀ ਆਨਿ ॥ ਜੋ ਜੋ ਚਿਤਵਹਿ ਸਾਧ ਜਨ, ਸੋ ਲੇਤਾ ਮਾਨਿ ॥੧॥ਰਹਾਉ॥ ਸਰਣਿ ਪਰੇ ਚਰਣਾਰਬਿੰਦ, ਜਨ ਪ੍ਰਭ ਕੇ ਪ੍ਰਾਨ ॥ ਸਹਜਿ ਸੁਭਾਇ ਨਾਨਕ ਮਿਲੇ, ਜੋਤੀ ਜੋਤਿ ਸਮਾਨ ॥੨॥੨॥੬੬॥(ਹੇ ਭਾਈ! ਪ੍ਰਭੂ ਨੇ ਭਗਤ ਜਨਾਂ ਦੇ) ਮੱਥੇ ਉਤੇ ਅਪਣਾ ਹੱਥ ਧਰ ਕੇ (ਉਨ੍ਹਾਂ ਨੂੰ) ਨਾਮ ਦਾਨ ਦਿਤਾ ਹੈ ਅਤੇ (ਨਾਮ ਜਪਾਉਣ ਲਈ ਭਗਤਾਂ ਨੂੰ ਜਗਤ ਵਿਚ) ਅਸਥਾਪਨ ਕੀਤਾ ਹੈ।ਪਾਰਬ੍ਰਹਮ ਦੀ ਕੀਤੀ ਸੇਵਾ ਭਗਤੀ ਸਫਲ ਹੈ, ਉਸ ਦੀ ਕੋਈ ਹਾਨੀ ਨਹੀਂ ਹੁੰਦੀ (ਸੇਵਾ ਕਰਨ ਨਾਲ ਭਗਤਾਂ ਨੂੰ ਕੋਈ ਨੁਕਸਾਨ ਨਹੀਂ ਹੁੰਦਾ, ਲਾਭ ਹੀ ਲਾਭ ਹੈ)।੧।(ਹੇ ਭਾਈ!) ਪ੍ਰਭੂ ਆਪ ਹੀ ਭਗਤਾਂ ਦੀ ਇੱਜਤ ਰਖਦਾ ਹੈ।ਸਾਧੂ ਜਨ ਜੋ ਜੋ ਵੀ (ਮਨੋਰਥ ਅਪਣੇ ਮਨ ਵਿਚ) ਸੋਚਦੇ ਹਨ, ਉਹ ਮੰਗ (ਉਨ੍ਹਾਂ ਦੀ) ਪ੍ਰਭੂ ਮੰਨ ਲੈਂਦਾ ਹੈ।੧।ਰਹਾਉ।(ਹੇ ਭਾਈ!) ਪ੍ਰਭੂ ਦੇ ਪਿਆਰੇ ਭਗਤ ਜਨ ਪ੍ਰਭੂ ਦੇ ਚਰਨ ਕਮਲਾਂ ਵਿਚ ਪਏ ਰਹਿੰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਭਗਤ ਜਨ) ਸਹਿਜ ਸੁਭਾਵਕ ਹੀ ਪ੍ਰਭੂ ਨੂੰ ਮਿਲ ਗਏ ਹਨ ਅਤੇ ਜੋਤੀ ਸਰੂਪ ਪ੍ਰਭੂ ਨਾਲ (ਉਨ੍ਹਾਂ ਦੀ) ਜੋਤ ਸਮਾ ਗਈ ਹੈ।੨।੨।੬੬।

ਪਦਾਰਥ = ਕਰੁ ਧਰਿ–ਹੱਥ ਧਰ ਕੇ।ਮਸਤਕਿ–ਮੱਥੇ ਉਤੇ।ਥਾਪਿਆ–ਅਸਥਾਪਨ ਕੀਤਾ।ਦੀਨੋ–ਦਿਤਾ।ਤਾ ਕੀ–ਉਸ (ਸੇਵਾ) ਦੀ।ਹਾਨਿ–ਨੁਕਸਾਨ।੧।ਰਾਖਤਾ–ਰੱਖਦਾ ਹੈ।ਭਗਤਨ ਕੀ–ਭਗਤਾਂ ਦੀ।ਆਨਿ–ਇੱਜਤ।ਚਿਤਵਹਿ–ਸੋਚਦੇ ਹਨ; ਖਿਆਲ ਕਰਦੇ ਹਨ।ਸੋ–ਉਹ।ਲੇਤਾ ਮਾਨਿ–ਮੰਨ ਲੈਂਦਾ ਹੈ।੧।ਰਹਾਉ।ਪਰੇ–ਪਏ ਹਨ।ਚਰਣਾਰਬਿੰਦ (ਚਰਣ+ਅਰਬਿੰਦ) ਚਰਨ ਕਮਲ।ਜਨ–ਭਗਤ ਜਨ।ਪ੍ਰਾਨ–ਪਿਆਰੇ; ਪ੍ਰਾਣ ਰੂਪ ਹਨ।ਸਹਜਿ ਸੁਭਾਇ–ਸਹਿਜ ਸੁਭਾਵਕ।ਸਮਾਨ–ਮਿਲ ਗਈ ਹੈ।੨।੨।੬੬।

ਉਥਾਨਕਾ = ਗੁਰੂ ਅਰਜਨ ਦੇਵ ਜੀ ਦੇ ਸਮੇਂ ਸ੍ਰੀ ਅੰਮ੍ਰਿਤਸਰ ਸਾਹਿਬ ਸਿਖ ਸੰਗਤਾਂ ਦਾ ਬੜਾ ਭਾਰੀ ਰੂਹਾਨੀ ਕੇਂਦਰ ਬਣ ਗਿਆ ਸੀ, ਉਸ ਦੀ ਮਹਿਮਾਂ ਵਰਨਣ ਕਰਦੇ ਹਨ ਅਤੇ ਉਸ ਦੀ ਸੋਭਾ ਸ੍ਰੀ ਗੁਰੂ ਰਾਮਦਾਸ ਜੀ ਨੂੰ ਦੇਂਦੇ ਹਨ (ਸ਼ਬਦਾਰਥ)।ਹੁਣਿ ਹੁਕਮੁ ਹੋਆ ਮਿਹਰਵਾਣ ਦਾ।ਪੈ ਕੋਇ ਨ ਕਿਸੈ ਰਵਾਣਦਾ।ਸਭ ਸੁਖਾਲੀ ਵੁਠੀਆ, ਇਹੁ ਹੋਆ ਹਲੇਮੀ ਰਾਜ ਜੀਉ।(ਅੰਗ ੭੪)

ਬਿਲਾਵਲੁ ਮਹਲਾ ੫ ॥ ਚਰਣ ਕਮਲ ਕਾ ਆਸਰਾ, ਦੀਨੋ ਪ੍ਰਭਿ ਆਪਿ ॥ ਪ੍ਰਭ ਸਰਣਾਗਤਿ ਜਨ ਪਰੇ, ਤਾ ਕਾ ਸਦ ਪਰਤਾਪੁ ॥੧॥ ਰਾਖਨਹਾਰ ਅਪਾਰ ਪ੍ਰਭ, ਤਾ ਕੀ ਨਿਰਮਲ ਸੇਵ ॥ ਰਾਮ ਰਾਜ ਰਾਮਦਾਸ ਪੁਰਿ, ਕੀਨ੍ਹੇ ਗੁਰਦੇਵ ॥੧॥ਰਹਾਉ॥ ਸਦਾ ਸਦਾ ਹਰਿ ਧਿਆਈਐ, ਕਿਛੁ ਬਿਘਨੁ ਨ ਲਾਗੈ ॥ ਨਾਨਕ ਨਾਮੁ ਸਲਾਹੀਐ, ਭਇ ਦੁਸਮਨ ਭਾਗੈ ॥੨॥੩॥੬੭॥ (ਹੇ ਭਾਈ! ਅਪਣੇ ਸੇਵਕਾਂ ਨੂੰ) ਪ੍ਰਭੂ ਨੇ ਆਪ ਹੀ ਅਪਣੇ ਚਰਨ ਕਮਲਾਂ ਦਾ ਆਸਰਾ ਦਿਤਾ ਹੈ।ਸੇਵਕ ਪ੍ਰਭੂ ਦੀ ਸਰਣ ਵਿਚ ਆ ਪਏ ਹਨ, ਉਸ (ਪ੍ਰਭੂ) ਦਾ ਤੇਜ ਪ੍ਰਤਾਪ ਸਦਾ ਕਾਇਮ ਰਹਿਣ ਵਾਲਾ ਹੈ।੧।(ਹੇ ਭਾਈ! ਦੁੱਖਾਂ ਤੋਂ) ਰੱਖਿਆ ਕਰਨ ਵਾਲਾ ਪ੍ਰਭੂ ਬੇਅੰਤ ਹੈ ਅਤੇ ਉਸ ਦੀ ਸੇਵਾ ਭਗਤੀ ਪਵਿਤ੍ਰ ਹੈ।ਰਾਮਦਾਸ ਪੁਰ (ਅੰਮ੍ਰਿਤਸਰ) ਵਿਚ ਗੁਰਦੇਵ ਨੇ ਰਾਮ ਰਾਜ ਕਾਇਮ ਕਰ ਦਿਤਾ ਹੈ।੧।ਰਹਾਉ।(ਹੇ ਭਾਈ!) ਪ੍ਰਭੂ ਨੂੰ ਸਦਾ ਸਦਾ ਸਿਮਰਨਾ ਚਾਹੀਦਾ ਹੈ, (ਸਿਮਰਨ ਕਰਨ ਨਾਲ) ਕੁਛ ਬਿਘਨ ਨਹੀਂ ਲਗਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦੇ ਨਾਮ ਨੂੰ ਸਲਾਹੁਣਾ ਚਾਹੀਦਾ ਹੈ, (ਜਿਸ ਦੇ) ਡਰ ਨਾਲ ਦੁਸ਼ਮਣ ਨੱਠ ਜਾਂਦੇ ਹਨ।੨।੩।੬੭।

ਪਦਾਰਥ = ਦੀਨੋ–ਦਿਤਾ।ਪ੍ਰਭਿ–ਪ੍ਰਭੂ ਨੇ।ਜਨ–ਸੇਵਕ।ਸਰਣਾਗਤਿ ਪਰੇ–ਸ਼ਰਣ ਵਿਚ ਆ ਪਏ ਹਨ।ਤਾ ਕਾ–ਉਸ ਦਾ।ਸਦ–ਸਦਾ।੧।ਰਾਖਨਹਾਰ–ਰੱਖਿਆ ਕਰਨ ਵਾਲਾ।ਅਪਾਰ–ਬੇਅੰਤ।ਤਾ ਕੀ–ਉਸ ਦੀ।ਨਿਰਮਲ ਸੇਵ–ਸੇਵਾ ਭਗਤੀ ਪਵਿਤ੍ਰ ਹੈ।ਰਾਮ

ਰਾਜ–ਅਮਨ ਤੇ ਇਨਸਾਫ ਦਾ ਰਾਜ। ਰਾਮਦਾਸ ਪੁਰਿ–ਅੰਮ੍ਰਿਤਸਰ ਵਿਚ; ਪ੍ਰਮਾਤਮਾ ਦੇ ਦਾਸਾਂ ਦੇ ਸ਼ਹਿਰ (ਸਾਧ ਸੰਗਤਿ) ਵਿਚ। ਕੀਨ੍ਹੇ–ਕਰ ਦਿਤਾ ਹੈ। ਗੁਰਦੇਵ–ਗੁਰੂ (ਰਾਮਦਾਸ ਜੀ) ਨੇ।੧।ਰਹਾਉ। ਧਿਆਈਐ–ਜਪਣਾ ਚਾਹੀਦਾ ਹੈ। ਸਲਾਹੀਐ–ਸਲਾਹੁਣਾ ਚਾਹੀਦਾ ਹੈ। ਭਇ–ਭੈ (ਡਰ) ਨਾਲ। ਭਾਗੈ–ਨੱਠ ਜਾਂਦੇ ਹਨ।੨।੩।੬੭।

ਬਿਲਾਵਲੁ ਮਹਲਾ ੫ ॥ ਮਨਿ ਤਨਿ ਪ੍ਰਭੁ ਆਰਾਧੀਐ, ਮਿਲਿ ਸਾਧ ਸਮਾਗੈ ॥ ਉਚਰਤ ਗੁਨ ਗੋਪਾਲ ਜਸੁ ,ਦੂਰ ਤੇ ਜਮੁ ਭਾਗੈ ॥੧॥ ਰਾਮ ਨਾਮੁ ਜੋ ਜਨੁ ਜਪੈ, ਅਨਦਿਨੁ ਸਦ ਜਾਗੈ ॥ (ਹੇ ਭਾਈ!) ਸਾਧ ਸਮਾਗਮ ਵਿਚ ਮਿਲ ਕੇ ਮਨ ਨਾਲ ਤੇ ਸਰੀਰ ਨਾਲ ਪ੍ਰਭੂ ਦਾ ਨਾਮ ਜਪਣਾ ਚਾਹੀਦਾ ਹੈ। ਗੋਪਾਲ ਦੇ ਗੁਣ ਅਤੇ (ਉਸ ਦਾ) ਜਸ ਉਚਾਰਨ ਨਾਲ ਜਮ ਦੂਰ ਤੋਂ ਹੀ ਭੱਜ ਜਾਂਦਾ ਹੈ।੧।(ਹੇ ਭਾਈ!) ਜੋ ਮਨੁੱਖ ਪ੍ਰਮਾਤਮਾ ਦਾ ਨਾਮ ਜਪਦਾ ਹੈ, ਉਹ ਹਰ ਰੋਜ (ਵਿਕਾਰਾਂ ਵੱਲੋਂ) ਸਦਾ ਜਾਗਦਾ ਰਹਿੰਦਾ ਹੈ।

ਅੰਗ ੮੧੮ = ਤੰਤੁ ਮੰਤੁ ਨ ਜੋਹਈ, ਤਿਤੁ ਚਾਖੁ ਨ ਲਾਗੈ ॥੧॥ਰਹਾਉ॥ ਕਾਮ ਕ੍ਰੋਧ ਮਦ ਮਾਨ ਮੋਹ, ਬਿਨਸੇ ਅਨਰਾਗੈ ॥ ਆਨੰਦ ਮਗਨ ਰਸਿ ਰਾਮ ਰੰਗਿ, ਨਾਨਕ ਸਰਨਾਗੈ ॥੨॥੪॥੬੮॥ (ਉਸ ਵੱਲ ਕੋਈ) ਤੰਤ੍ਰ ਮੰਤ੍ਰ ਦੇਖ ਵੀ ਨਹੀਂ ਸਕਦਾ ਅਤੇ ਉਸ ਨੂੰ ਬੁਰੀ ਨਜਰ ਵੀ ਨਹੀਂ ਲਗ ਸਕਦੀ।੧।ਰਹਾਉ।(ਹੇ ਭਾਈ! ਜੋ ਮਨੁੱਖ ਪ੍ਰਭੂ ਦੇ ਨਾਮ ਦੇ) ਪ੍ਰੇਮੀ ਹੋ ਜਾਂਦੇ ਹਨ, (ਉਨ੍ਹਾਂ ਦੇ) ਕਾਮ, ਕ੍ਰੋਧ, ਹੰਕਾਰ ਦੀ ਮਸਤੀ ਤੇ ਮੋਹ (ਆਦਿ ਵਿਕਾਰ) ਨਾਸ਼ ਹੋ ਜਾਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ) ਪ੍ਰਭੂ ਦੀ ਸ਼ਰਨ ਵਿਚ ਆ ਕੇ ਪ੍ਰਭੂ ਦੇ ਪ੍ਰੇਮ ਰਸ ਵਿਚ ਅਤੇ ਅਨੰਦ ਵਿਚ ਮਗਨ ਰਹਿੰਦੇ ਹਨ।੨।੪।੬੮।

ਪਦਾਰਥ = ਮਨਿ–ਮਨ ਨਾਲ। ਤਨਿ–ਸਰੀਰ ਨਾਲ। ਆਰਾਧੀਐ–ਜਪਣਾ ਚਾਹੀਦਾ ਹੈ। ਮਿਲਿ–ਮਿਲ ਕੇ। ਉਚਰਤ–ਉਚਾਰਦਿਆਂ। ਸਾਧ ਸਮਾਗੈ–ਸਾਧ ਸਮਾਗਮ ਵਿਚ। ਗੋਪਾਲ–ਧਰਤੀ ਦੀ ਪਾਲਣਾ ਕਰਨ ਵਾਲਾ ਪ੍ਰਭੂ। ਤੇ–ਤੋਂ। ਭਾਗੈ–ਦੌੜ ਜਾਂਦਾ ਹੈ।੧।ਰਾਮ–ਪ੍ਰਮਾਤਮਾ। ਜਨੁ–ਮਨੁੱਖ। ਅਨਦਿਨੁ–ਹਰ ਰੋਜ। ਸਦ–ਸਦਾ। ਜਾਗੈ–ਜਾਗਦਾ (ਵਿਕਾਰਾਂ ਤੋਂ ਸਾਵਧਾਨ ਰਹਿੰਦਾ ਹੈ; ਅਗਿਆਨਤਾ ਦੀ ਨੀਂਦ ਛਡ ਕੇ ਗਿਆਨ ਅਵਸਥਾ ਵਿਚ ਜਾਗਦਾ ਹੈ)। ਤੰਤੁ ਮੰਤੁ–ਜਾਦੂ ਟੂਣਾ। ਨ ਜੋਹਈ–ਦੇਖ ਨਹੀਂ ਸਕਦਾ; ਅਸਰ ਨਹੀਂ ਕਰਦਾ। ਤਿਤੁ–ਉਸ ਨੂੰ। ਚਾਖੁ–ਬੁਰੀ ਨਜਰ।੧।ਰਹਾਉ। ਮਦ ਮਾਨ–ਹੰਕਾਰ ਦੀ ਮਸਤੀ। ਬਿਨਸੇ–ਨਾਸ਼ ਹੋ ਜਾਂਦੇ ਹਨ। ਅਨਰਾਗੈ–ਪ੍ਰੇਮੀ। ਰਾਮ ਰੰਗਿ–ਪ੍ਰਮਾਤਮਾ ਦੇ ਪ੍ਰੇਮ ਵਿਚ। ਰਸਿ–ਰਸ ਵਿਚ। ਸਰਨਾਗੈ–ਸ਼ਰਨ ਵਿਚ ਆ ਕੇ।੨।੪।੬੮।

ਬਿਲਾਵਲੁ ਮਹਲਾ ੫ ॥ ਜੀਅ ਜੁਗਤਿ ਵਸਿ ਪ੍ਰਭੂ ਕੈ, ਜੋ ਕਹੈ ਸੁ ਕਰਨਾ ॥ ਭਏ ਪ੍ਰਸੰਨ ਗੋਪਾਲ ਰਾਇ, ਭਉ ਕਿਛੁ ਨਹੀ ਕਰਨਾ ॥੧॥ ਦੂਖੁ ਨ ਲਾਗੈ ਕਦੇ ਤੁਧੁ ,ਪਾਰਬ੍ਰਹਮ ਚਿਤਾਰੇ ॥ ਜਮ ਕੰਕਰੁ ਨੇੜਿ ਨ ਆਵਈ, ਗੁਰਸਿਖ ਪਿਆਰੇ ॥੧॥ਰਹਾਉ॥ ਕਰਣ ਕਾਰਣ ਸਮਰਥੁ ਹੈ, ਤਿਸੁ ਬਿਨੁ ਨਹੀ ਹੋਰੁ ॥ ਨਾਨਕ ਪ੍ਰਭ ਸਰਣਾਗਤੀ, ਸਾਚਾ ਮਨਿ ਜੋਰੁ ॥੨॥੫॥੬੯॥ (ਹੇ ਭਾਈ!) ਜੀਵਾਂ ਦੇ ਪਾਲਣ ਪੋਸਣ ਦਾ ਪ੍ਰਬੰਧ ਪ੍ਰਭੂ ਦੇ ਵਸ ਵਿਚ ਹੈ {ਜੀਅ ਜੁਗਤਿ ਜਾ ਕੈ ਹੈ ਹਾਥ ੧੯੪}, ਜੋ ਕੁਛ ਪ੍ਰਭੂ ਕਹਿੰਦਾ (ਹੁਕਮ ਕਰਦਾ) ਹੈ, (ਜੀਵਾਂ ਨੂੰ) ਉਹ ਹੀ ਕਰਨਾ ਪੈਂਦਾ ਹੈ।(ਜਿਸ ਮਨੁੱਖ ਉਤੇ) ਗੋਪਾਲ ਰਾਇ ਪ੍ਰਸੰਨ ਹੋਇਆ ਹੈ, (ਉਸ ਨੂੰ ਕਿਸੇ ਦਾ) ਕੁਛ ਡਰ ਧਾਰਨ ਕਰਨ ਦੀ ਲੋੜ ਨਹੀਂ ਰਹਿੰਦੀ (ਉਹ ਨਿਰਭੈ ਹੋ ਜਾਂਦਾ ਹੈ)।੧। ਹੇ ਪਿਆਰੇ ਗੁਰਸਿਖ! ਪਾਰਬ੍ਰਹਮ ਨੂੰ ਯਾਦ ਕਰਨ ਨਾਲ ਤੈਨੂੰ ਕਦੇ ਦੁਖ ਨਹੀਂ ਲੱਗੇਗਾ ਅਤੇ ਜਮਦੂਤ ਵੀ ਤੇਰੇ ਨੇੜੇ ਨਹੀਂ ਆਵੇਗਾ।੧।ਰਹਾਉ।(ਹੇ ਭਾਈ!) ਪ੍ਰਭੂ ਸਾਰੇ ਕਾਰਨਾਂ ਦੇ ਕਰਨ ਲਈ ਸਮਰੱਥ ਹੈ, ਉਸ ਤੋਂ ਬਿਨਾ ਹੋਰ (ਕੋਈ ਅਜੇਹੀ ਸਮਰੱਥਾ ਵਾਲਾ) ਨਹੀਂ ਹੈ। ਨਾਨਕ ਪ੍ਰਭੂ ਦੀ ਸ਼ਰਣ ਵਿਚ ਆਇਆ ਹੈ, (ਜਿਸ ਦਾ) ਸੱਚਾ ਜੋਰ (ਤਾਕਤ; ਆਸਰਾ ਸਾਡੇ) ਮਨ ਵਿਚ ਹੈ।੨।੫।੬੯।

ਪਦਾਰਥ = ਜੀਅ–ਜੀਵਾਂ ਦੀ। ਜੁਗਤਿ–(ਪਾਲਣ ਪੋਸਣ ਦਾ) ਪ੍ਰਬੰਧ; ਜੀਵਨ ਜਿਉਣ ਦਾ ਢੰਗ। ਵਸਿ–ਵਸ ਵਿਚ। ਕੈ–ਦੇ। ਕਹੈ–ਕਹਿੰਦਾ (ਹੁਕਮ ਕਰਦਾ) ਹੈ। ਸੁ–ਉਹ। ਕਰਨਾ–ਕਰਨਾ ਹੈ। ਭਏ–ਹੋਏ। ਗੋਪਾਲ ਰਾਇ–ਪ੍ਰਭੂ ਪਾਤਸ਼ਾਹ। ਭਉ–ਡਰ।੧। ਤੁਧੁ–ਤੈਨੂੰ। ਚਿਤਾਰੇ–ਯਾਦ ਕਰਨ ਨਾਲ। ਜਮ ਕੰਕਰੁ–ਜਮ ਦੂਤ। ਨੇੜਿ ਨ ਆਵਈ–ਨੇੜੇ ਨਹੀਂ ਆਵੇਗਾ। ਗੁਰਸਿਖ ਪਿਆਰੇ–ਹੇ ਪਿਆਰੇ ਗੁਰਸਿੱਖ!।੧।ਰਹਾਉ। ਕਰਣ ਕਾਰਣ–ਸਾਰੇ ਕਾਰਨਾਂ ਦੇ ਕਰਨ ਵਾਲਾ; ਜਗਤ ਰਚਨਾ ਦਾ ਮੂਲ ਕਾਰਨ। ਸਮਰਥੁ–ਸ਼ਕਤੀਮਾਨ। ਸਰਣਾਗਤੀ–ਸ਼ਰਣ ਵਿਚ ਆਇਆ ਹੈ। ਮਨਿ–ਮਨ ਵਿਚ। ਜੋਰੁ–ਤਾਕਤ; ਆਸਰਾ।੨।੫।੬੯।

ਬਿਲਾਵਲੁ ਮਹਲਾ ੫ ॥ ਸਿਮਰਿ ਸਿਮਰਿ ਪ੍ਰਭੁ ਆਪਨਾ, ਨਾਠਾ ਦੁਖ ਠਾਉ ॥ ਬਿਸ੍ਰਾਮ ਪਾਏ ਮਿਲਿ ਸਾਧ ਸੰਗਿ, ਤਾ ਤੇ ਬਹੁੜਿ ਨ ਧਾਉ ॥੧॥ ਬਲਿਹਾਰੀ ਗੁਰ ਆਪਨੇ, ਚਰਨਨ੍ਹ ਬਲਿ ਜਾਉ ॥ ਅਨਦ ਸੂਖ ਮੰਗਲ ਬਨੇ, ਪੇਖਤ ਗੁਨ ਗਾਉ ॥੧॥ਰਹਾਉ॥ ਕਥਾ ਕੀਰਤਨੁ ਰਾਗ ਨਾਦ ਧੁਨਿ, ਇਹੁ ਬਨਿਓ ਸੁਆਉ ॥ ਨਾਨਕ ਪ੍ਰਭ ਸੁਪ੍ਰਸੰਨ ਭਏ, ਬਾਂਛਤ ਫਲ ਪਾਉ ॥੨॥੬॥੭੦॥ (ਹੇ ਭਾਈ!)

ਅਪਣੇ ਪ੍ਰਭੂ ਨੂੰ ਸਿਮਰ ਸਿਮਰ ਕੇ ਦੁੱਖਾਂ ਦਾ ਥਾਂ (ਅਗਿਆਨ) ਨੱਠ ਗਿਆ ਹੈ।ਸਾਧ ਸੰਗਤ ਵਿਚ ਮਿਲ ਕੇ ਮੈਂ (ਸੁੱਖਾਂ ਦਾ) ਟਿਕਾਣਾ ਪਾ ਲਿਆ ਹੈ, ਇਸ ਲਈ ਮੈਂ ਮੁੜ ਕੇ (ਹੁਣ ਇਧਰ ਉਧਰ) ਨਹੀਂ ਦੌੜਦਾ (ਭਟਕਣਾ ਮੁੱਕ ਗਈ ਹੈ)।੧।(ਹੇ ਭਾਈ!) ਮੈਂ ਅਪਣੇ ਗੁਰੂ ਦੇ ਬਲਿਹਾਰ ਜਾਂਦਾ ਹਾਂ ਅਤੇ (ਗੁਰੂ ਦੇ) ਚਰਨਾਂ ਤੋਂ ਵੀ ਬਲਿਹਾਰ ਜਾਂਦਾ ਹਾਂ।(ਗੁਰੂ ਦਾ) ਦਰਸ਼ਨ ਦੇਖ ਕੇ ਮੈਂ (ਪ੍ਰਭੂ ਦੇ) ਗੁਣ ਗਾਉਂਦਾ ਹਾਂ, (ਜਿਸ ਦੀ ਬਰਕਤ ਨਾਲ ਮੇਰੇ ਅੰਦਰ) ਅਨੰਦ, ਸੁਖ ਤੇ ਚਾਉ ਬਣੇ ਰਹਿੰਦੇ ਹਨ।੧।ਰਹਾਉ।(ਹੇ ਭਾਈ) ਕਥਾ, ਵਾਜਿਆਂ ਦੀ ਧੁਨੀ ਨਾਲ ਕੀਰਤਨ ਕਰਨਾ, ਇਹ (ਮੇਰੇ ਜੀਵਨ ਦਾ) ਪ੍ਰਯੋਜਨ ਬਣ ਗਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਜੀ ਬਹੁਤ ਪ੍ਰਸੰਨ ਹੋਏ ਹਨ, (ਜਿਸ ਕਰਕੇ ਮੈਂ) ਮਨ ਬਾਂਛਤ ਫਲ ਪਾ ਲੈਂਦਾ ਹਾਂ।੨।੬।੭੦।

ਪਦਾਰਥ = ਸਿਮਰਿ–ਸਿਮਰ ਕੇ।ਨਾਠਾ–ਨੱਠ ਗਿਆ।ਠਾਉ–ਥਾਂ।ਬਿਸ੍ਰਾਮ–ਟਿਕਾਣਾ; ਸ਼ਾਂਤੀ।ਪਾਏ–ਪਾ ਲਿਆ।ਮਿਲਿ–ਮਿਲ ਕੇ। ਸਾਧ ਸੰਗਿ–ਸਾਧ ਸੰਗਤ ਵਿਚ।ਤਾ ਤੇ–ਇਸ ਲਈ।ਬਹੁੜਿ–ਮੁੜ ਕੇ।ਨ ਧਾਉ–ਨਹੀਂ ਦੌੜਦਾ।੧।ਬਲਿਹਾਰੀ–ਕੁਰਬਾਨ ਹਾਂ।ਬਲਿ ਜਾਉ–ਕੁਰਬਾਨ ਜਾਂਦਾ ਹਾਂ।ਚਰਨਨ–ਚਰਨਾਂ ਤੋਂ।ਮੰਗਲ–ਖੁਸ਼ੀਆਂ; ਚਾਉ।ਬਨੇ–ਬਣੇ ਰਹਿੰਦੇ ਹਨ।ਪੇਖਤ–ਦੇਖ ਕੇ।ਗਾਉ–ਗਾਉਂਦਾ ਹਾਂ।੧।ਰਹਾਉ।ਨਾਦ ਧੁਨਿ–ਵਾਜਿਆਂ ਦੀ ਧੁਨੀ।ਬਨਿਓ–ਬਣ ਗਿਆ ਹੈ।ਸੁਆਉ–ਪ੍ਰਜੋਜਨ।ਸੁਪ੍ਰਸੰਨ–ਬਹੁਤ ਪ੍ਰਸੰਨ। ਭਏ–ਹੋਏ ਹਨ।ਬਾਂਛਤ ਫਲ–ਮਨ ਮੰਗਿਆ ਫਲ।ਪਾਉ–ਪ੍ਰਾਪਤ ਕਰ ਲੈਂਦਾ ਹਾਂ।੨।੬।੭੦।

ਬਿਲਾਵਲੁ ਮਹਲਾ ੫ ॥ ਦਾਸ ਤੇਰੇ ਕੀ ਬੇਨਤੀ, ਰਿਦ ਕਰਿ ਪਰਗਾਸੁ ॥ ਤੁਮ੍ਰੀ ਕ੍ਰਿਪਾ ਤੇ ਪਾਰਬ੍ਰਹਮ, ਦੋਖਨ ਕੋ ਨਾਸੁ ॥੧॥ ਚਰਨ ਕਮਲ ਕਾ ਆਸਰਾ, ਪ੍ਰਭ ਪੁਰਖ ਗੁਣ ਤਾਸੁ ॥ ਕੀਰਤਨ ਨਾਮੁ ਸਿਮਰਤ ਰਹਉ ,ਜਬ ਲਗੁ ਘਟਿ ਸਾਸੁ ॥੧॥ਰਹਾਉ॥ ਮਾਤ ਪਿਤਾ ਬੰਧਪ ਤੂ ਹੈ, ਤੂ ਸਰਬ ਨਿਵਾਸੁ ॥ ਨਾਨਕ ਪ੍ਰਭ ਸਰਣਾਗਤੀ, ਜਾ ਕੋ ਨਿਰਮਲ ਜਾਸੁ ॥੨॥੭॥੭੧॥ ਹੇ ਪਾਰਬ੍ਰਹਮ! ਤੇਰੇ ਦਾਸ ਦੀ ਬੇਨਤੀ ਹੈ ਕਿ ਮੇਰੇ ਹਿਰਦੇ ਵਿਚ ਬ੍ਰਹਮ ਗਿਆਨ ਦਾ ਪ੍ਰਕਾਸ਼ ਕਰ ਦੇਹ ਅਤੇ ਤੇਰੀ ਕ੍ਰਿਪਾ ਨਾਲ ਦੋਖਾਂ ਮੇਰੇ ਨਾਸ਼ ਹੋ ਜਾਵੇ ।੧।ਹੇ ਗੁਣਾਂ ਦੇ ਖਜਾਨੇ ਸਰਬ ਵਿਆਪਕ ਪ੍ਰਭੂ! (ਮੈਨੂੰ ਤੇਰੇ) ਚਰਨ ਕਮਲਾਂ ਦਾ ਆਸਰਾ ਹੈ।ਜਦੋਂ ਤਕ ਮੇਰੇ ਸਰੀਰ ਵਿਚ (ਇਕ ਵੀ) ਸੁਆਸ ਹੈ, ਮੈਂ ਕੀਰਤਨ ਕਰਦਾ ਰਹਾਂ ਅਤੇ (ਤੇਰਾ) ਨਾਮ ਸਿਮਰਦਾ ਰਹਾਂ।੧।ਰਹਾਉ।(ਹੇ ਪ੍ਰਭੂ!) ਤੂੰ ਹੀ ਮੇਰਾ ਮਾਤਾ ਪਿਤਾ ਤੇ ਸਬੰਧੀ ਹੈਂ ਅਤੇ ਤੂੰ ਸਾਰੇ ਜੀਵਾਂ ਵਿਚ ਨਿਵਾਸ ਕਰ ਰਿਹਾ ਹੈਂ।ਹੇ ਪ੍ਰਭੂ! ਨਾਨਕ ਤੇਰੀ ਸ਼ਰਣ ਵਿਚ ਆਇਆ ਹੈ, ਜਿਸ ਦਾ ਨਿਰਮਲ ਜਸ (ਸਾਰੇ ਜਗਤ ਵਿਚ ਫੈਲਿਆ ਹੋਇਆ) ਹੈ।੨।੭।੭੧।

ਪਦਾਰਥ = ਰਿਦ–ਹਿਰਦੇ ਵਿਚ।ਕਰਿ–ਕਰ ਦੇਹ।ਤੇ–ਤੋਂ; ਨਾਲ।ਪਾਰਬ੍ਰਹਮ–ਹੇ ਪਾਰਬ੍ਰਹਮ!।ਦੋਖਨ ਕੋ–ਦੋਸ਼ਾਂ (ਬੁਰਿਆਈਆਂ) ਦਾ।ਪ੍ਰਭ ਪੁਰਖ–ਹੇ ਸਰਬ ਵਿਆਪਕ ਪ੍ਰਭੂ!।ਗੁਣ ਤਾਸੁ–ਹੇ ਗੁਣਾਂ ਦੇ ਖਜਾਨੇ!।ਸਿਮਰਤ ਰਹਉ–ਸਿਮਰਦਾ ਰਹਾਂ।ਜਬ ਲਗੁ–ਜਦੋਂ ਤਕ।ਘਟਿ–ਸਰੀਰ ਵਿਚ।ਸਾਸੁ–ਸੁਆਸ।੧।ਰਹਾਉ।ਮਾਤ–ਮਾਤਾ।ਬੰਧਪ–ਰਿਸ਼ਤੇਦਾਰ।ਸਰਬ–ਸਾਰਿਆਂ ਜੀਵਾਂ ਵਿਚ। ਸਰਣਾਗਤੀ–ਸ਼ਰਣ ਵਿਚ ਆਇਆ ਹੈ।ਜਾ ਕੋ–ਜਿਸ ਦਾ।ਨਿਰਮਲ–ਪਵਿਤ੍ਰ।ਜਾਸੁ–ਜਸ।੨।੭।੭੧।

ਬਿਲਾਵਲੁ ਮਹਲਾ ੫ ॥ ਸਰਬ ਸਿਧਿ ਹਰਿ ਗਾਈਐ, ਸਭਿ ਭਲਾ ਮਨਾਵਹਿ ॥ ਸਾਧੁ ਸਾਧੁ ਮੁਖ ਤੇ ਕਹਹਿ, ਸੁਣਿ ਦਾਸੁ ਮਿਲਾਵਹਿ ॥੧॥ ਸੂਖ ਸਹਜ ਕਲਿਆਣ ਰਸ, ਪੂਰੈ ਗੁਰਿ ਕੀਨ੍ ॥ ਜੀਅ ਸਗਲ ਦਇਆਲ ਭਏ, ਹਰਿ ਹਰਿ ਨਾਮੁ ਚੀਨ੍ ॥੧॥ਰਹਾਉ॥ ਪੂਰਿ ਰਹਿਓ ਸਰਬਤ੍ਰ ਮਹਿ, ਪ੍ਰਭ ਗੁਣੀ ਗਹੀਰ ॥ ਨਾਨਕ ਭਗਤ ਆਨੰਦਮੈ, ਪੇਖਿ ਪ੍ਰਭ ਕੀ ਧੀਰ ॥੨॥੮॥੭੨॥ (ਹੇ ਭਾਈ!) ਸਭ ਸਿੱਧੀਆਂ ਦੇ ਮਾਲਕ ਹਰੀ ਦੇ ਗੁਣ ਗਾਉਣੇ ਚਾਹੀਦੇ ਹਨ; ਜੇ ਹਰੀ ਦੇ ਗੁਣ ਗਾਈਏ ਤਾਂ ਸਾਰੀਆਂ ਸਿਧੀਆਂ ਪ੍ਰਾਪਤ ਹੋ ਜਾਂਦੀਆਂ ਹਨ, (ਹਰੀ ਦੇ ਗੁਣ ਗਾਉਣ ਵਾਲੇ ਮਨੁੱਖ ਦਾ) ਸਾਰੇ ਲੋਕ ਭਲਾ ਮਨਾਉਂਦੇ ਹਨ।(ਸਾਰੇ ਲੋਕ ਉਸ ਮਨੁੱਖ ਨੂੰ) ਮੂੰਹ ਤੋਂ ਸਾਧ ਸਾਧ ਕਹਿੰਦੇ ਹਨ, (ਉਸ ਦੇ ਬਚਨ) ਸੁਣ ਕੇ ਸੇਵਕ ਭਾਵ ਨਾਲ (ਉਸ ਨੂੰ) ਮਿਲਣ ਵਾਸਤੇ ਆਉਂਦੇ ਹਨ।੧।(ਹੇ ਭਾਈ! ਸਾਨੂੰ) ਪੂਰੇ ਗੁਰੂ ਨੇ ਆਤਮਕ ਅਨੰਦ, ਮੁਕਤੀ ਅਤੇ ਪ੍ਰੇਮ ਬਖਸ਼ਿਸ਼ ਕੀਤੇ ਹਨ।ਸਾਰੇ ਜੀਵ (ਸਾਡੇ ਤੇ) ਮੇਹਰਵਾਨ ਹੋ ਗਏ, (ਜਦੋਂ ਅਸੀਂ) ਹਰੀ ਦਾ ਨਾਮ ਜਾਣਿਆ।੧।ਰਹਾਉ।(ਹੇ ਭਾਈ!) ਅਥਾਹ ਗੁਣਾਂ ਦਾ ਮਾਲਕ ਪ੍ਰਭੂ ਸਾਰੇ ਜੀਵਾਂ ਵਿਚ ਵਿਆਪਕ ਹੋ ਰਿਹਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦੀ ਧੀਰਜਤਾ ਦੇਖ ਕੇ (ਉਸ ਦੇ) ਭਗਤ ਅਨੰਦ ਮਈ ਰਹਿੰਦੇ ਹਨ।੨।੮।੭੨।

ਪਦਾਰਥ = ਸਰਬ ਸਿਧਿ ਹਰਿ–ਸਾਰੀਆਂ ਸਿਧੀਆਂ ਦਾ ਮਾਲਕ ਹਰੀ।ਗਾਈਐ–ਗਾਉਣਾ ਚਾਹੀਦਾ ਹੈ।ਸਭਿ–ਸਾਰੇ ਲੋਕ।ਭਲਾ ਮਨਾਵਹਿ–ਭਲਾ ਮਨਾਉਂਦੇ ਹਨ।ਸਾਧੁ ਸਾਧੁ–ਧੰਨ ਧੰਨ; ਵਾਹ ਵਾਹ।ਮੁਖ ਤੇ–ਮੂੰਹ ਤੋਂ।ਕਹਹਿ–ਕਹਿੰਦੇ ਹਨ।ਸੁਣਿ–ਸੁਣ ਕੇ। ਮਿਲਾਵਹਿ–ਮਿਲਣ ਆਉਂਦੇ ਹਨ।੧।ਸੂਖ ਸਹਜ–ਆਤਮਕ ਅਨੰਦ।ਕਲਿਆਣ–ਮੁਕਤੀ।ਰਸ–ਪ੍ਰੇਮ।ਪੂਰੈ ਗੁਰਿ–ਪੂਰੇ ਗੁਰੂ ਨੇ।

ਕੀਨ੍‍–ਬਖਸ਼ਿਸ਼ ਕੀਤੇ।ਜੀਅ ਸਗਲ–ਸਾਰੇ ਜੀਵ।ਦਇਆਲ ਭਏ–ਮੇਹਰਵਾਨ ਹੋਏ।ਚੀਨ੍‍–ਜਾਣਿਆ।੧।ਰਹਾਉ।ਪੂਰਿ ਰਹਿਓ–ਵਿਆਪਕ ਹੋ ਰਿਹਾ ਹੈ।ਸਰਬਤ੍ਰ ਮਹਿ–ਸਾਰੇ ਜੀਵਾਂ ਵਿਚ।ਪ੍ਰਭ ਗੁਣੀ ਗਹੀਰ–ਅਥਾਹ ਗੁਣਾਂ ਦਾ ਮਾਲਕ ਪ੍ਰਭੂ।ਅਨੰਦਮੈ–ਅਨੰਦ ਮਈ (ਅਨੰਦ ਭਰਪੂਰ)।ਪੇਖਿ–ਦੇਖ ਕੇ।ਧੀਰ–ਧੀਰਜਤਾ; ਧਿਰ (ਆਸਰਾ)।੨।੮।੭੨।

ਉਥਾਨਕਾ = ਪ੍ਰਿਥੀ ਚੰਦ ਨੇ ਬ੍ਰਾਹਮਣ ਦੇ ਹੱਥੋਂ ਬਾਲਕ ਹਰਿਗੋਬਿੰਦ ਸਾਹਿਬ ਨੂੰ ਜਹਿਰ ਦਿਵਾਉਣ ਦਾ ਜਤਨ ਕੀਤਾ {ਲੇਪੁ ਨ ਲਾਗੋ ਤਿਲ ਕਾ ਮੂਲਿ।ਦੁਸਟ ਬ੍ਰਾਹਮਣੁ ਮੂਆ ਹੋਇ ਕੈ ਸੂਲ ੧੧੩੭}।ਪ੍ਰਭੂ ਨੇ ਬਾਲਕ ਦੀ ਰੱਖਿਆ ਕੀਤੀ, ਉਸ ਵੇਲੇ ਪ੍ਰਭੂ ਦਾ ਧੰਨਵਾਦ ਕਰਦੇ ਹੋਏ ਇਹ ਸ਼ਬਦ ਉਚਾਰਿਆ।ਇਸ ਸਬੰਧ ਵਿਚ ਵੱਖ ਵੱਖ ਰਾਗਾਂ ਵਿਚ ਹੋਰ ਵੀ ਸ਼ਬਦ ਉਚਾਰਨ ਕੀਤੇ ਮਿਲਦੇ ਹਨ।

ਬਿਲਾਵਲੁ ਮਹਲਾ ੫ ॥ ਅਰਦਾਸਿ ਸੁਣੀ ਦਾਤਾਰਿ ਪ੍ਰਭਿ, ਹੋਏ ਕਿਰਪਾਲ ॥ ਰਾਖਿ ਲੀਆ ਅਪਨਾ ਸੇਵਕੋ, ਮੁਖਿ ਨਿੰਦਕ ਛਾਰੁ ॥੧॥ ਤੁਝਹਿ ਨ ਜੋਹੈ ਕੋ ਮੀਤ ਜਨ, ਤੂੰ ਗੁਰ ਕਾ ਦਾਸ ॥ ਪਾਰਬ੍ਰਹਮਿ ਤੂ ਰਾਖਿਆ, ਦੇ ਅਪਨੇ ਹਾਥ ॥੧॥ਰਹਾਉ॥ ਜੀਅਨ ਕਾ ਦਾਤਾ ਏਕੁ ਹੈ, ਬੀਆ ਨਹੀ ਹੋਰੁ ॥ ਨਾਨਕ ਕੀ ਬੇਨੰਤੀਆ, ਮੈ ਤੇਰਾ ਜੋਰੁ ॥੨॥੯॥੭੩॥ (ਹੇ ਭਾਈ!) ਦਾਤਾਰ ਪ੍ਰਭੂ ਨੇ (ਸਾਡੀ) ਅਰਦਾਸ ਸੁਣ ਲਈ ਅਤੇ (ਸਾਡੇ ਤੇ) ਮੇਹਰਵਾਨ ਹੋਏ ਹਨ।(ਉਸ ਨੇ) ਅਪਨੇ ਸੇਵਕ ਨੂੰ ਰੱਖ ਲਿਆ ਅਤੇ ਨਿੰਦਕਾਂ ਦੇ ਮੂੰਹ ਵਿਚ (ਲਾਹਣਤਾਂ ਰੂਪ) ਸੁਆਹ ਪਈ ਹੈ।੧।ਹੇ ਮਿਤ੍ਰ! ਹੇ ਸੱਜਨ! ਤੈਨੂੰ ਕੋਈ (ਵੀ ਮਨੁੱਖ ਬੁਰੀ ਨਜਰ ਨਾਲ) ਨਹੀਂ ਦੇਖ ਸਕਦਾ, (ਕਿਉਂਕਿ) ਤੂੰ ਗੁਰੂ (ਨਾਨਕ ਦੇਵ ਜੀ) ਦਾ ਦਾਸ ਹੈਂ।ਪਾਰਬ੍ਰਹਮ ਨੇ ਅਪਣੇ ਹੱਥ ਦੇ ਕੇ ਤੈਨੂੰ ਰੱਖਿਆ ਹੈ।੧।ਰਹਾਉ।(ਹੇ ਭਾਈ!) ਸਾਰੇ ਜੀਵਾਂ ਦਾ ਦਾਤਾ ਇਕ ਪ੍ਰਭੂ ਹੀ ਹੈ, (ਉਸ ਤੋਂ ਬਿਨਾ ਦਾਤਾਂ ਦੇਣ ਵਾਲਾ ਕੋਈ) ਹੋਰ ਦੂਜਾ ਨਹੀਂ।ਨਾਨਕ ਦੀ ਬੇਨਤੀ ਹੈ ਕਿ ਹੇ ਪ੍ਰਭੂ! ਮੈਨੂੰ ਤੇਰਾ ਹੀ ਬਲ (ਆਸਰਾ) ਹੈ।੨।੯।੭੩।

ਪਦਾਰਥ = ਦਾਤਾਰਿ ਪ੍ਰਭਿ–ਦਾਤਾਰ ਪ੍ਰਭੂ ਨੇ।ਰਾਖਿ ਲੀਆ–ਰੱਖ ਲਿਆ (ਰੱਖਿਆ ਕੀਤੀ)।ਸੇਵਕੋ–ਸੇਵਕ ਨੂੰ।ਮੁਖਿ–ਮੂੰਹ ਵਿਚ। ਛਾਰੁ–ਸੁਆਹ।੧।ਤੁਝਹਿ–ਤੈਨੂੰ।ਨ ਜੋਹੈ–ਨਹੀਂ ਦੇਖ ਸਕਦਾ।ਕੋ–ਕੋਈ ਵੀ।ਮੀਤ–ਹੇ ਮਿਤ੍ਰ!।ਜਨ–ਹੇ ਸੱਜਨ!।ਪਾਰਬ੍ਰਹਮਿ–ਪਾਰਬ੍ਰਹਮ ਨੇ।ਤੂ–ਤੈਨੂੰ।ਦੇ–ਦੇ ਕੇ।੧।ਰਹਾਉ।ਜੀਅਨ ਕਾ–ਜੀਵਾਂ ਦਾ।ਬੀਆ–ਦੂਜਾ।ਜੋਰੁ–ਬਲ; ਆਸਰਾ।੨।੯।੭੩।

ਬਿਲਾਵਲੁ ਮਹਲਾ ੫ ॥ ਮੀਤ ਹਮਾਰੇ ਸਾਜਨਾ, ਰਾਖੇ ਗੋਵਿੰਦ ॥ ਨਿੰਦਕ ਮਿਰਤਕ ਹੋਇ ਗਏ, ਤੁਮ੍ ਹੋਹੁ ਨਿਚਿੰਦ ॥੧॥ਰਹਾਉ॥ ਹੇ ਸਾਡੇ ਮਿਤ੍ਰ ਅਤੇ ਸੱਜਣ ਪੁਰਖੋ! ਪ੍ਰਭੂ ਜੀ (ਬਾਲਕ ਹਰਿਗੋਬਿੰਦ ਸਾਹਿਬ ਦੇ) ਰਖਵਾਲੇ ਬਣੇ ਹਨ।ਨਿੰਦਿਆ ਕਰਨ ਵਾਲੇ (ਲੋਕ ਮਾਨੋ) ਮਿਰਤਕ ਹੋ ਗਏ ਹਨ, (ਇਸ ਕਰਕੇ ਪ੍ਰਭੂ ਦੇ ਆਸਰੇ ਨਾਲ) ਤੁਸੀਂ ਬੇ ਫਿਕਰ ਹੋ ਜਾਓ।੧।ਰਹਾਉ।

ਅੰਗ ੮੧੯ = ਸਗਲ ਮਨੋਰਥ ਪ੍ਰਭਿ ਕੀਏ, ਭੇਟੇ ਗੁਰਦੇਵ ॥ ਜੈ ਜੈਕਾਰੁ ਜਗਤ ਮਹਿ, ਸਫਲ ਜਾ ਕੀ ਸੇਵ ॥੧॥ ਊਚ ਅਪਾਰ ਅਗਨਤ ਹਰਿ, ਸਭਿ ਜੀਅ ਜਿਸੁ ਹਾਥਿ ॥ ਨਾਨਕ ਪ੍ਰਭ ਸਰਣਾਗਤੀ, ਜਤ ਕਤ ਮੇਰੈ ਸਾਥਿ ॥੩॥੧੦॥੭੪॥(ਹੇ ਭਾਈ! ਜਦੋਂ) ਗੁਰੂ ਜੀ ਮਿਲ ਪਏ ਤਾਂ ਪ੍ਰਭੂ ਨੇ ਸਾਰੇ ਮਨੋਰਥ ਪੂਰੇ ਕਰ ਦਿਤੇ ਹਨ।ਜਿਸ ਗੁਰੂ ਦੀ ਸੇਵਾ ਫਲ ਦਾਇਕ ਹੈ, (ਉਸ ਸੇਵਾ ਦਾ ਸਦਕਾ) ਜਗਤ ਵਿਚ (ਸਾਡੀ) ਜੈ ਜੈ ਕਾਰ ਹੋ ਰਹੀ ਹੈ।੧।(ਹੇ ਭਾਈ! ਉਹ) ਹਰੀ ਸਭ ਤੋਂ ਉਚਾ, ਬੇਅੰਤ ਅਤੇ ਅਣਗਿਣਤ ਗੁਣਾਂ ਵਾਲਾ ਹੈ. ਜਿਸ ਦੇ ਹੱਥ (ਵਸ) ਵਿਚ ਸਾਰੇ ਜੀਵ ਹਨ।ਨਾਨਕ ਪ੍ਰਭੂ ਦੀ ਸ਼ਰਣ ਵਿਚ ਆਇਆ ਹੈ, (ਉਹ ਸਭ ਜਗ੍ਹਾ) ਜਿੱਥੇ ਕਿੱਥੇ ਮੇਰੇ ਨਾਲ (ਸਹਾਇਕ) ਹੈ।੨।੧੦।੭੪।

ਪਦਾਰਥ = ਮੀਤ ਸਾਜਨਾ–ਹੇ ਮਿਤ੍ਰ ਤੇ ਸੱਜਣ ਪੁਰਖੋ!।ਹਮਾਰੇ–ਸਾਡੇ।ਰਾਖੇ–ਰਖਵਾਲੇ।ਗੋਵਿੰਦ–ਪ੍ਰਭੂ।ਮਿਰਤਕ–ਮੁਰਦੇ।ਹੋਹੁ ਨਿਚਿੰਦ–ਬੇਫਿਕਰ ਹੋ ਜਾਓ।੧।ਰਹਾਉ।ਸਗਲ–ਸਾਰੇ।ਪ੍ਰਭਿ–ਪ੍ਰਭੂ ਨੇ।ਕੀਏ–ਪੂਰੇ ਕਰ ਦਿਤੇ।ਭੇਟੇ–ਮਿਲ ਪਏ।ਗੁਰਦੇਵ–ਗੁਰੂ। ਜੈ ਜੈਕਾਰੁ–ਸੋਭਾ; ਵਡਿਆਈ।ਮਹਿ–ਵਿਚ।ਜਾ ਕੀ–ਜਿਸ ਦੀ।ਸੇਵ–ਸੇਵਾ।੧।ਊਚ–(ਸਭ ਤੋਂ) ਉਚਾ।ਅਪਾਰ–ਬੇਅੰਤ (ਪਾਰ ਰਹਿਤ)।ਅਗਨਤ–ਅਣਗਿਣਤ ਗੁਣਾਂ ਵਾਲਾ।ਸਭਿ ਜੀਅ–ਸਾਰੇ ਜੀਵ।ਜਿਸੁ ਹਾਥਿ–ਜਿਸ ਦੇ ਹੱਥ (ਵਸ) ਵਿਚ।ਸਰਣਾਗਤੀ–ਸ਼ਰਣ ਵਿਚ ਆਇਆ ਹੈ।ਜਤ ਕਤ–ਜਿੱਥੇ ਕਿੱਥੇ (ਸਭ ਜਗ੍ਹਾ)।ਮੇਰੈ ਸਾਥਿ–ਮੇਰੇ ਨਾਲ।੩।੧੦।੭੪।

ਬਿਲਾਵਲੁ ਮਹਲਾ ੫ ॥ ਗੁਰੁ ਪੂਰਾ ਆਰਾਧਿਆ, ਹੋਏ ਕਿਰਪਾਲ ॥ ਮਾਰਗੁ ਸੰਤਿ ਬਤਾਇਆ, ਤੂਟੇ ਜਮ ਜਾਲ ॥੧॥ ਦੂਖ ਭੂਖ ਸੰਸਾ ਮਿਟਿਆ, ਗਾਵਤ ਪ੍ਰਭ ਨਾਮ ॥ ਸਹਜ ਸੂਖ ਆਨੰਦ ਰਸ, ਪੂਰਨ ਸਭਿ ਕਾਮ ॥੧॥ਰਹਾਉ॥ ਜਲਨਿ ਬੁਝੀ ਸੀਤਲ ਭਏ, ਰਾਖੇ ਪ੍ਰਭਿ ਆਪ ॥ ਨਾਨਕ ਪ੍ਰਭ ਸਰਣਾਗਤੀ, ਜਾ ਕਾ ਵਡ ਪਰਤਾਪ ॥੨॥੧੧॥੭੫॥ (ਹੇ ਭਾਈ! ਜਦੋਂ ਮੈਂ) ਪੂਰੇ ਗੁਰੂ ਰਾਹੀਂ ਪ੍ਰਭੂ ਦਾ ਨਾਮ ਸਿਮਰਿਆ, (ਤਦ) ਪ੍ਰਭੂ ਕ੍ਰਿਪਾਲ ਹੋਏ।ਸੰਤ ਗੁਰੂ ਨੇ (ਸਾਨੂੰ ਗੁਰਮਤ ਦਾ) ਮਾਰਗ ਦਸਿਆ ਹੈ, (ਜਿਸ ਮਾਰਗ ਤੇ

ਚਲਣ ਨਾਲ) ਜਮ ਦੇ ਜਾਲ ਟੁੱਟ ਗਏ ਹਨ।੧।(ਹੇ ਭਾਈ!) ਪ੍ਰਭੂ ਦਾ ਨਾਮ ਗਾਉਂਦਿਆਂ (ਜਪਣ ਨਾਲ) ਦੁੱਖ, ਭੁੱਖ ਤੇ ਸੰਸਾ ਮਿਟ ਗਿਆ ਹੈ।ਅਤੇ ਕੁਦਰਤੀ ਸੁਖ ਤੇ ਆਤਮਕ ਅਨੰਦ ਦਾ ਰਸ ਪ੍ਰਾਪਤ ਹੋ ਗਿਆ ਅਤੇ ਸਾਰੇ ਕੰਮ ਵੀ ਪੂਰੇ ਹੋ ਗਏ ਹਨ।੧। ਰਹਾਉ।(ਹੇ ਭਾਈ! ਨਾਮ ਸਿਮਰਨ ਦਾ ਸਦਕਾ ਵਿਛੋੜੇ ਦੀ) ਜਲਨ ਬੁਝ ਗਈ ਹੈ ਅਤੇ ਅਸੀਂ ਸ਼ਾਂਤ ਹੋ ਗਏ ਹਾਂ, ਪ੍ਰਭੂ ਨੇ ਆਪ (ਦੁੱਖਾਂ ਤੋਂ) ਰੱਖਿਆ ਕੀਤੀ ਹੈ।ਨਾਨਕ ਪ੍ਰਭੂ ਦੀ ਸ਼ਰਣ ਵਿਚ ਆਇਆ ਹੈ, ਜਿਸ ਦਾ ਵੱਡਾ ਤੇਜ ਪ੍ਰਤਾਪ ਹੈ।੨।੧੧।੭੫।

ਪਦਾਰਥ = ਆਰਾਧਿਆ–ਸਿਮਰਿਆ।ਕਿਰਪਾਲ–ਮੇਹਰਵਾਨ।ਮਾਰਗੁ–(ਗੁਰਮਤ ਦਾ) ਰਸਤਾ।ਸੰਤਿ–ਸੰਤ ਗੁਰੂ ਨੇ।ਬਤਾਇਆ–ਦੱਸਿਆ।ਤੂਟੇ–ਟੁੱਟ ਗਏ।ਜਮ ਜਾਲ–ਜਮ ਦੀਆ ਫਾਹੀਆਂ।੧।ਸੰਸਾ–ਸ਼ੱਕ; ਭਰਮ।ਗਾਵਤ–ਗਾਉਂਦਿਆਂ।ਸਹਜ ਸੂਖ–ਕੁਦਰਤੀ ਅਸਲੀ ਸੁੱਖ।ਕਾਮ–ਕੰਮ।੧।ਰਹਾਉ।ਜਲਨਿ–ਸੜਨ।ਸੀਤਲ ਭਏ–ਸ਼ਾਂਤ ਹੋ ਗਏ ਹਾਂ।ਪ੍ਰਭਿ–ਪ੍ਰਭੂ ਨੇ।ਸਰਣਾਗਤੀ–ਸ਼ਰਣ ਵਿਚ ਆਇਆ ਹੈ।ਜਾ ਕਾ–ਜਿਸ ਦਾ।ਵਡ ਪਰਤਾਪ–ਵੱਡਾ ਤੇਜ ਪ੍ਰਤਾਪ।੨।੧੧।੭੫।

ਬਿਲਾਵਲੁ ਮਹਲਾ ੫ ॥ ਧਰਤਿ ਸੁਹਾਵੀ ਸਫਲ ਥਾਨੁ ,ਪੂਰਨ ਭਏ ਕਾਮ ॥ ਭਉ ਨਾਠਾ ਭ੍ਰਮੁ ਮਿਟਿ ਗਇਆ, ਰਵਿਆ ਨਿਤ ਰਾਮ ॥੧॥ ਸਾਧ ਜਨਾ ਕੈ ਸੰਗਿ ਬਸਤ, ਸੁਖ ਸਹਜ ਬਿਸ੍ਰਾਮ ॥ ਸਾਈ ਘੜੀ ਸੁਲਖਣੀ, ਸਿਮਰਤ ਹਰਿ ਨਾਮ ॥੧॥ਰਹਾਉ॥ ਪ੍ਰਗਟ ਭਏ ਸੰਸਾਰ ਮਹਿ, ਫਿਰਤੇ ਪਹਨਾਮ ॥ ਨਾਨਕ ਤਿਸੁ ਸਰਣਾਗਤੀ, ਘਟ ਘਟ ਸਭ ਜਾਨ ॥੨॥੧੨॥੭੬॥ (ਅੰਨਵੇ ਅੱਖਰ।ਹੇ ਭਾਈ! ਜਿਸ ਮਨੁੱਖ ਨੇ) ਹਰ ਰੋਜ ਪ੍ਰਭੂ ਦਾ ਨਾਮ ਜਪਿਆ ਹੈ, (ਉਸ ਦੀ ਸਰੀਰ ਰੂਪ) ਧਰਤੀ ਸੋਹਣੀ ਹੈ ਤੇ ਹਿਰਦਾ ਰੂਪ ਸਥਾਨ ਸਫਲ ਹੈ, (ਉਸ ਦਾ ਮੌਤ ਦਾ) ਡਰ ਨੱਠ ਗਿਆ ਹੈ, ਭਰਮ ਮਿਟ ਗਿਆ ਅਤੇ (ਉਸ ਦੇ ਸਾਰੇ) ਕੰਮ ਵੀ ਪੂਰੇ ਹੋ ਗਏ ਹਨ।੧। (ਹੇ ਭਾਈ!) ਸਾਧ ਜਨਾਂ ਦੇ ਨਾਲ ਵਸਦਿਆਂ ਆਤਮਕ ਸੁਖ ਅਤੇ (ਮਾਨਸਕ) ਟਿਕਾਉ ਪ੍ਰਾਪਤ ਹੋ ਗਿਆ ਹੈ।ਉਹ ਹੀ ਘੜੀ ਚੰਗੇ ਲੱਛਣਾਂ (ਭਾਗਾਂ) ਵਾਲੀ ਹੈ, (ਜਦੋਂ ਮਨੁੱਖ) ਹਰੀ ਦਾ ਨਾਮ ਸਿਮਰਦਾ ਹੈ।੧।ਰਹਾਉ।(ਜੋ ਮਨੁੱਖ ਪਹਿਲਾਂ) ਲੁਕੇ ਫਿਰਦੇ ਸੀ (ਕਿਸੇ ਗਿਣਤੀ ਵਿਚ ਨਹੀਂ ਸਨ, ਨਾਮ ਦੇ ਪ੍ਰਤਾਪ ਕਰਕੇ ਉਹ ਹੁਣ) ਸੰਸਾਰ ਵਿਚ ਪ੍ਰਗਟ ਹੋ ਗਏ ਹਨ।ਨਾਨਕ ਉਸ ਪ੍ਰਭੂ ਦੀ ਸਰਣ ਵਿਚ ਆਇਆ ਹੈ, ਜੋ ਸਾਰੇ ਜੀਵਾਂ ਦੇ ਦਿਲਾਂ ਦੀ ਗਲ ਜਾਨਣ ਵਾਲਾ ਹੈ।੨।੧੨।੭੬।

ਪਦਾਰਥ = ਧਰਤਿ–(ਕਰਮਾਂ ਦਾ ਬੀਜ ਬੀਜਣ ਵਾਸਤੇ) ਸਰੀਰ ਰੂਪ ਧਰਤੀ।ਸੁਹਾਵੀ–ਸੋਹਣੀ।ਥਾਨੁ–ਹਿਰਦਾ ਰੂਪ ਥਾਂ।ਪੂਰਨ ਭਏ–ਪੂਰੇ ਹੋਏ।ਕਾਮ–ਕੰਮ।ਭਉ–ਡਰ।ਭ੍ਰਮੁ–ਭਰਮ; ਭਟਕਣਾ।ਰਵਿਆ–ਸਿਮਰਿਆ।ਨਿਤ–ਹਰ ਰੋਜ।੧।ਕੈ ਸੰਗਿ–ਦੇ ਨਾਲ। ਬਸਤ–ਵਸਦਿਆਂ।ਸੁਖ ਸਹਜ–ਆਤਮਕ ਸੁਖ।ਬਿਸ੍ਰਾਮ–ਟਿਕਾਉ; ਸ਼ਾਂਤੀ।ਸਾਈ–ਉਹੀ।ਘੜੀ–੨੪ ਮਿੰਟਾਂ ਦਾ ਸਮਾਂ।ਸੁਲਖਣੀ –ਚੰਗੇ ਲੱਛਣਾ (ਭਾਗਾਂ) ਵਾਲੀ।ਸਿਮਰਤ–ਸਿਮਰਦਾ ਹੈ।੧।ਰਹਾਉ।ਪ੍ਰਗਟ ਭਏ–ਪ੍ਰਸਿੱਧ ਹੋ ਗਏ।ਮਹਿ–ਵਿਚ।ਫਿਰਤੇ ਪਹਨਾਮ–ਲੁਕੇ (ਗੁੰਮਨਾਮ) ਫਿਰਦੇ ਸਨ।ਤਿਸੁ–ਉਸ ਦੀ।ਘਟ ਘਟ–ਜੀਵਾਂ ਦੇ ਦਿਲ ਦੀ ਗੱਲ।ਜਾਨ–ਜਾਨਣ ਵਾਲਾ।੨।੧੨।੭੬।

ਬਿਲਾਵਲੁ ਮਹਲਾ ੫ ॥ ਰੋਗੁ ਮਿਟਾਇਆ ਆਪਿ ਪ੍ਰਭਿ, ਉਪਜਿਆ ਸੁਖੁ ਸਾਂਤਿ ॥ ਵਡ ਪਰਤਾਪੁ ਅਜਰਜ ਰੂਪੁ ,ਹਰਿ ਕੀਨ੍ਹੀ ਦਾਤਿ ॥੧॥ ਗੁਰਿ ਗੋਵਿੰਦਿ ਕ੍ਰਿਪਾ ਕਰੀ, ਰਾਖਿਆ ਮੇਰਾ ਭਾਈ ॥ ਹਮ ਤਿਸ ਕੀ ਸਰਣਾਗਤੀ, ਜੋ ਸਦਾ ਸਹਾਈ ॥੧॥ਰਹਾਉ॥ ਬਿਰਥੀ ਕਦੇ ਨ ਹੋਵਈ, ਜਨ ਕੀ ਅਰਦਾਸਿ ॥ ਨਾਨਕ ਜੋਰੁ ਗੋਵਿੰਦ ਕਾ, ਪੂਰਨ ਗੁਣਤਾਸਿ ॥੨॥੧੩॥੭੭॥(ਹੇ ਭਾਈ!) ਪ੍ਰਭੂ ਨੇ ਆਪ ਹੀ (ਕ੍ਰਿਪਾ ਕਰਕੇ ਸਾਹਿਬਜਾਦਾ ਹਰਿਗੋਬਿੰਦ ਦਾ ਸੀਤਲਾ ਦਾ) ਰੋਗ ਮਿਟਾ ਦਿਤਾ ਹੈ, (ਜਿਸ ਤੋਂ) ਸੁੱਖ ਪੈਦਾ ਹੋਇਆ ਹੈ ਅਤੇ ਸ਼ਾਂਤੀ ਮਿਲ ਗਈ ਹੈ।(ਜਿਸ ਪ੍ਰਭੂ ਦਾ) ਵੱਡਾ ਤੇਜ ਪ੍ਰਤਾਪ ਅਤੇ ਅਸਚਰਜ ਰੂਪ ਹੈ, (ਉਸ) ਹਰੀ ਨੇ (ਅਰੋਗਤਾ ਦੀ) ਦਾਤ ਬਖਸ਼ਿਸ਼ ਕੀਤੀ ਹੈ।੧।ਪੂਜਨੀਕ ਪ੍ਰਭੂ ਨੇ ਕ੍ਰਿਪਾ ਕੀਤੀ ਹੈ, ਮੇਰੇ ਪਿਆਰੇ (ਹਰਿਗੋਬਿੰਦ) ਦੀ ਰੱਖਿਆ ਕੀਤੀ ਹੈ।ਅਸੀਂ ਉਸ ਪ੍ਰਭੂ ਦੀ ਸ਼ਰਣ ਵਿਚ ਆਏ ਹਾਂ, ਜੋ ਸਦਾ (ਅਪਣੇ ਸੇਵਕਾਂ ਦੀ) ਸਹਾਇਤਾ ਕਰਨ ਵਾਲਾ ਹੈ।੧।ਰਹਾਉ।(ਹੇ ਭਾਈ! ਪ੍ਰਭੂ ਦੇ) ਸੇਵਕਾਂ ਦੀ ਕੀਤੀ ਅਰਦਾਸ ਕਦੇ ਬਿਅਰਥ ਨਹੀਂ ਹੁੰਦੀ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਨ੍ਹਾਂ ਸੇਵਕਾਂ ਦੇ ਅੰਦਰ) ਪ੍ਰਭੂ ਦਾ ਰੁਹਾਨੀ ਬਲ ਹੈ (ਇਸ ਕਰਕੇ ਕੀਤੀ ਅਰਦਾਸ ਬਿਰਥੀ ਨਹੀਂ ਜਾਂਦੀ, ਪ੍ਰਭੂ ਜੋ) ਸੰਪੂਰਨ ਗੁਣਾਂ ਦਾ ਖਜਾਨਾ ਹੈ।੨।੧੩।੭੭।

ਪਦਾਰਥ = ਆਪਿ ਪ੍ਰਭਿ–ਪ੍ਰਭੂ ਨੇ ਆਪ ਹੀ।ਉਪਜਿਆ–ਪੈਦਾ ਹੋਇਆ।ਵਡ ਪਰਤਾਪੁ–ਵੱਡਾ ਤੇਜ ਪ੍ਰਤਾਪ।ਕੀਨ੍ਹੀ–ਕੀਤੀ। ਅਚਰਜ ਰੂਪੁ–ਅਸਚਰਜ ਸਰੂਪ।੧।ਗੁਰਿ ਗੋਵਿੰਦਿ–ਪੂਜਨੀਕ ਪ੍ਰਭੂ ਨੇ।ਕਰੀ–ਕੀਤੀ।ਰਾਖਿਆ–ਰੱਖਿਆ ਕੀਤੀ।ਮੇਰਾ ਭਾਈ–ਮੇਰਾ ਪਿਆਰਾ।ਹਮ–ਅਸੀਂ (ਮੈਂ)।ਤਿਸ ਕੀ–ਉਸ ਦੀ।ਸਰਣਾਗਤੀ–ਸ਼ਰਣ ਵਿਚ ਆਇਆ ਹਾਂ।ਸਹਾਈ–ਸਹਾਇਤਾ ਕਰਨ ਵਾਲਾ ।੧।ਰਹਾਉ।ਬਿਰਥੀ–ਬਿਅਰਥ; ਨਿਸਫਲ।ਨ ਹੋਵਈ–ਨਹੀਂ ਹੁੰਦੀ।ਜਨ ਕੀ–ਸੇਵਕਾਂ ਦੀ।ਗੋਵਿੰਦ ਕਾ–ਪ੍ਰਭੂ ਦਾ।ਜੋਰੁ–ਰੁਹਾਨੀ

ਬਲ; ਆਸਰਾ।ਪੂਰਨ-ਸੰਪੂਰਨ।ਗੁਣਤਾਸਿ-ਗੁਣਾਂ ਦਾ ਖਜਾਨਾ।੨।੧੩।੭੭।

ਬਿਲਾਵਲੁ ਮਹਲਾ ੫ ॥ ਮਰਿ ਮਰਿ ਜਨਮੇ, ਜਿਨ ਬਿਸਰਿਆ ਜੀਵਨ ਕਾ ਦਾਤਾ ॥ ਪਾਰਬ੍ਰਹਮੁ ਜਨਿ ਸੇਵਿਆ, ਅਨਦਿਨੁ ਰੰਗਿ ਰਾਤਾ ॥੧॥ ਸਾਂਤਿ ਸਹਜੁ ਆਨਦੁ ਘਨਾ, ਪੂਰਨ ਭਈ ਆਸ ॥ ਸੁਖੁ ਪਾਇਆ ਹਰਿ ਸਾਧ ਸੰਗਿ, ਸਿਮਰਤ ਗੁਣਤਾਸ ॥੧॥ਰਹਾਉ॥ ਸੁਣਿ ਸੁਆਮੀ ਅਰਦਾਸਿ ਜਨ, ਤੁਮ੍ ਅੰਤਰਜਾਮੀ ॥ ਥਾਨ ਥਨੰਤਰਿ ਰਵਿ ਰਹੇ, ਨਾਨਕ ਕੇ ਸੁਆਮੀ ॥੨॥੧੪॥੭੮॥(ਹੇ ਭਾਈ!) ਜਿਨ੍ਹਾਂ ਮਨੁੱਖਾਂ ਨੂੰ ਜੀਵਨ ਦਾ ਦਾਤਾ ਪ੍ਰਭੂ ਭੁੱਲ ਗਿਆ ਹੈ, ਉਹ ਮਰ ਮਰ ਕੇ ਜੰਮਦੇ (ਆਵਾਗਵਨ ਵਿਚ ਪਏ) ਰਹਿੰਦੇ ਹਨ।(ਪਰ ਪ੍ਰਭੂ ਦੇ) ਸੇਵਕ ਨੇ ਪਾਰਬ੍ਰਹਮ ਨੂੰ ਸਿਮਰਿਆ ਹੈ ਅਤੇ (ਉਹ) ਹਰ ਰੋਜ ਪ੍ਰਭੂ ਦੇ ਪ੍ਰੇਮ ਰੰਗਿ ਵਿਚ ਰੰਗਿਆ ਰਹਿੰਦਾ ਹੈ।੧।(ਹੇ ਭਾਈ! ਹਰੀ ਦੇ ਸੇਵਕ ਨੇ) ਸਾਧ ਸੰਗਤ ਵਿਚ ਗੁਣਾਂ ਦੇ ਖਜਾਨੇ ਹਰੀ ਦਾ ਨਾਮ ਸਿਮਰਦਿਆਂ ਸੁਖ ਪ੍ਰਾਪਤ ਕੀਤਾ ਹੈ।(ਉਸ ਦੇ ਹਿਰਦੇ ਅੰਦਰ) ਸ਼ਾਂਤੀ, (ਮਨ ਦੀ) ਅਡੋਲਤਾ ਅਤੇ ਬਹੁਤ ਅਨੰਦ ਬਣਿਆ ਰਹਿੰਦਾ ਹੈ, (ਜਿਸ ਕਰਕੇ ਉਸ ਦੀ ਹਰੇਕ) ਆਸ ਪੂਰੀ ਹੋ ਗਈ ਹੈ।੧।ਰਹਾਉ।ਹੇ ਮਾਲਕ ਪ੍ਰਭੂ! ਅਪਣੇ ਸੇਵਕ ਦੀ ਅਰਦਾਸ ਸੁਣ, ਤੂੰ ਅੰਤਰਜਾਮੀ ਹੈਂ।ਹੇ ਨਾਨਕ ਦੇ ਮਾਲਕ ਪ੍ਰਭੂ! ਤੂੰ ਸਭ ਥਾਵਾਂ ਅਤੇ ਥਾਵਾਂ ਦੀਆਂ ਵਿੱਥਾਂ ਦੇ ਅੰਦਰ ਵਿਆਪਕ ਹੋ ਰਿਹਾ ਹੈਂ।੨।੧੪।੭੮।

ਪਦਾਰਥ = ਮਰਿ ਮਰਿ-ਮਰ ਮਰ ਕੇ।ਜਿਨ-ਜਿਨ੍ਹਾਂ ਨੂੰ।ਬਿਸਰਿਆ-ਭੁੱਲ ਗਿਆ।ਜਨਿ-ਸੇਵਕ ਨੇ।ਸੇਵਿਆ-ਸਿਮਰਿਆ।ਅਨ ਦਿਨੁ-ਹਰ ਰੋਜ।ਰੰਗਿ ਰਾਤਾ-ਪ੍ਰੇਮ ਰੰਗ ਵਿਚ ਰੰਗਿਆ।੧।ਸਹਜੁ-ਅਡੋਲਤਾ।ਘਨਾ-ਬਹੁਤ।ਭਈ-ਹੋ ਗਈ।ਗੁਣਤਾਸ-ਗੁਣਾਂ ਦਾ ਖਜਾਨਾ।੧।ਰਹਾਉ।ਸੁਆਮੀ-ਹੇ ਮਾਲਕ ਪ੍ਰਭੂ!।ਜਨ-ਸੇਵਕ ਦੀ।ਅੰਤਰਜਾਮੀ-ਦਿਲਾਂ ਦੇ ਅੰਦਰ ਦੀਆਂ ਗੱਲਾਂ ਜਾਨਣ ਵਾਲਾ ।ਥਾਨ ਥਨੰਤਰਿ-ਥਾਵਾਂ ਅਤੇ ਥਾਵਾਂ ਦੇ ਅੰਦਰ ਦੀਆਂ ਵਿਥਾਂ ਅੰਦਰ।ਰਵਿ ਰਹੇ-ਵਿਆਪਕ ਹੋ ਰਿਹਾ ਹੈਂ।੨।੧੪।੭੮।

ਬਿਲਾਵਲੁ ਮਹਲਾ ੫ ॥ ਤਾਤੀ ਵਾਉ ਨ ਲਗਈ, ਪਾਰਬ੍ਰਹਮ ਸਰਣਾਈ ॥ ਚਉਗਿਰਦ ਹਮਾਰੈ ਰਾਮ ਕਾਰ, ਦੁਖੁ ਲਗੈ ਨ ਭਾਈ ॥੧॥ ਸਤਿਗੁਰੁ ਪੂਰਾ ਭੇਟਿਆ, ਜਿਨਿ ਬਣਤ ਬਣਾਈ ॥ ਰਾਮ ਨਾਮੁ ਅਉਖਧੁ ਦੀਆ, ਏਕਾ ਲਿਵ ਲਾਈ ॥੧॥ਰਹਾਉ॥ ਰਾਖਿ ਲੀਏ ਤਿਨਿ ਰਖਨਹਾਰਿ, ਸਭ ਬਿਆਧਿ ਮਿਟਾਈ ॥ ਕਹੁ ਨਾਨਕ ਕਿਰਪਾ ਭਈ, ਪ੍ਰਭ ਭਏ ਸਹਾਈ ॥੨॥੧੫॥੭੯॥ (ਹੇ ਭਾਈ!) ਪਾਰਬ੍ਰਹਮ ਦੀ ਸ਼ਰਣ ਵਿਚ ਆਉਣ ਨਾਲ ਤੱਤੀ ਹਵਾ ਨਹੀਂ ਲਗਦੀ।(ਕਿਉਂਕਿ) ਹੇ ਭਾਈ! ਸਾਡੇ ਚਾਰ ਚੁਫੇਰੇ ਰੱਖਿਆ ਕਰਨ ਵਾਲੀ ਪ੍ਰਭੂ ਦੇ ਨਾਮ ਦੀ ਲਕੀਰ ਹੈ, (ਜਿਸ ਕਰਕੇ ਸਾਨੂੰ ਕੋਈ) ਦੁਖ ਨਹੀਂ ਲਗ ਸਕਦਾ।੧।(ਹੇ ਭਾਈ! ਸਾਨੂੰ) ਪੂਰਾ ਸਤਿਗੁਰੂ ਮਿਲਿਆ ਹੈ, ਜਿਸ ਨੇ (ਰੋਗ ਦੂਰ ਕਰਨ ਦੀ ਇਹ) ਬਣਤ ਬਣਾਈ ਹੈ।(ਰੋਗ ਦੂਰ ਕਰਨ ਲਈ ਗੁਰੂ ਨੇ ਸਾਨੂੰ) ਪ੍ਰਭੂ ਦਾ ਨਾਮ ਰੂਪ ਦਵਾਈ ਦਿਤੀ, (ਜਿਸ ਦਾ ਸਦਕਾ ਅਸੀਂ) ਇਕ ਪ੍ਰਭੂ ਵਿਚ ਲਿਵ ਲਾਈ ਹੋਈ ਹੈ।੧।ਰਹਾਉ।(ਹੇ ਭਾਈ!) ਰੱਖਿਆ ਕਰਨ ਵਾਲੇ ਉਸ ਪ੍ਰਭੂ ਨੇ (ਸਾਨੂੰ ਬਚਾ ਕੇ) ਰੱਖ ਲਿਆ ਹੈ ਅਤੇ ਸਾਰੀਆਂ ਬਿਮਾਰੀਆਂ ਮਿਟਾ ਦਿਤੀਆਂ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਸਾਡੇ ਤੇ ਪ੍ਰਭੂ ਦੀ) ਕ੍ਰਿਪਾ ਹੋਈ ਹੈ ਅਤੇ ਪ੍ਰਭੂ ਜੀ ਸਹਾਈ ਹੋਏ ਹਨ।੨।੧੫।੭੯।

ਪਦਾਰਥ = ਤਾਤੀ ਵਾਉ-ਤੱਤੀ ਹਵਾ ਦਾ ਸੇਕ (ਦੁੱਖ)।ਨ ਲਗਈ-ਨਹੀਂ ਲਗਦਾ।ਸਰਣਾਈ-ਸ਼ਰਣ ਵਿਚ ਆਉਣ ਨਾਲ।ਚਉ ਗਿਰਦ-ਚਾਰੇ ਪਾਸੇ।ਹਮਾਰੈ-ਸਾਡੇ।ਰਾਮ ਕਾਰ-ਪ੍ਰਮਾਤਮਾ ਦੇ ਨਾਮ ਦੀ ਲਕੀਰ (ਸ਼ਿਕਾਰ ਤੇ ਜਾਣ ਤੋਂ ਪਹਿਲਾਂ ਰਾਮ ਚੰਦ੍ਰ ਜੀ ਨੇ ਸੀਤਾ ਦੇ ਬਚਾਓ ਲਈ ਖਿੱਚੀ ਸੀ।ਇਸ ਲਕੀਰ ਤੋਂ ਬਾਹਰ ਜਾਣ ਕਰਕੇ ਹੀ ਸੀਤਾ ਰਾਵਣ ਦੇ ਛਲ ਵਿਚ ਆ ਗਈ ਸੀ)।ਭਾਈ-ਹੇ ਭਾਈ!।੧।ਭੇਟਿਆ-ਮਿਲਿਆ।ਜਿਨਿ-ਜਿਸ ਨੇ।ਬਣਤ-ਪ੍ਰਬੰਧ; ਵਿਉਂਤ।ਅਉਖਧੁ-ਦਵਾਈ।ਦੀਆ-ਦਿਤਾ।ਏਕਾ-ਇਕ ਪ੍ਰਭੂ ਵਿਚ।ਲਿਵ ਲਾਈ-ਸੁਰਤ ਜੋੜੀ ਹੋਈ ਹੈ।੧।ਰਹਾਉ।ਤਿਨਿ-ਉਸ ਨੇ।ਰਖਨਹਾਰਿ-ਰੱਖਿਆ ਕਰਨ ਵਾਲੇ ਨੇ।ਸਭ ਬਿਆਧਿ-ਸਭ ਬਿਮਾਰੀਆਂ।ਭਈ-ਹੋਈ।ਭਏ-ਹੋਏ।ਸਹਾਈ-ਸਹਾਇਤਾ ਕਰਨ ਵਾਲਾ।੨।੧੫।੭੯।

ਬਿਲਾਵਲੁ ਮਹਲਾ ੫ ॥ ਅਪਣੇ ਬਾਲਕ ਆਪਿ ਰਖਿਅਨੁ ,ਪਾਰਬ੍ਰਹਮ ਗੁਰਦੇਵ ॥ (ਗੁਰੂ ਅਰਜਨ ਦੇਵ ਜੀ ਨੇ ਬਾਲਕ ਹਰਿਗੋਬਿੰਦ ਸਾਹਿਬ ਦੇ ਸੀਤਲਾ ਰੋਗ ਤੋਂ ਰਾਜੀ ਹੋਣ ਤੇ ਪ੍ਰਭੂ ਦਾ ਸ਼ੁਕਰਾਨਾ ਕਰਦੇ ਹੋਏ ਇਹ ਸ਼ਬਦ ਉਚਾਰਿਆ) ਪਾਰਬ੍ਰਹਮ ਗੁਰਦੇਵ ਨੇ ਅਪਣੇ ਬਾਲਕ (ਹਰਿਗੋਬਿੰਦ ਸਾਹਿਬ; ਬੱਚਿਆਂ ਨੂੰ) ਆਪ ਰੱਖ ਲਏ ਹਨ (ਰੱਖਿਆ ਕੀਤੀ ਹੈ)।

ਅੰਗ ੮੨੦ = ਸੁਖ ਸਾਂਤਿ ਸਹਜ ਆਨਦ ਭਏ, ਪੂਰਨ ਭਈ ਸੇਵ ॥੧॥ਰਹਾਉ॥ ਭਗਤ ਜਨਾ ਕੀ ਬੇਨਤੀ, ਸੁਣੀ ਪ੍ਰਭਿ ਆਪਿ ॥ ਰੋਗ ਮਿਟਾਇ ਜੀਵਾਲਿਅਨੁ ,ਜਾ ਕਾ ਵਡ ਪਰਤਾਪੁ ॥੧॥ ਦੋਖ ਹਮਾਰੇ ਬਖਸਿਅਨੁ ,ਅਪਣੀ ਕਲ ਧਾਰੀ ॥ ਮਨ ਬਾਂਛਤ ਫਲ ਦਿਤਿਅਨੁ ,ਨਾਨਕ ਬਲਿਹਾਰੀ ॥੨॥੧੬॥੮੦॥ (ਸਾਡੀ ਕੀਤੀ) ਸੇਵਾ ਭਗਤੀ ਪੂਰੀ ਹੋਈ ਹੈ, (ਜਿਸ ਸੇਵਾ ਦੀ ਬਰਕਤ ਨਾਲ

ਸਰੀਰਕ) ਸੁਖ, ਸ਼ਾਂਤੀ ਅਤੇ ਆਤਮਕ ਅਨੰਦ (ਆਦਿ ਗੁਣ) ਪ੍ਰਾਪਤ ਹੋਏ ਹਨ।੧।ਰਹਾਉ।(ਹੇ ਭਾਈ!) ਭਗਤ ਜਨਾਂ ਦੀ ਬੇਨਤੀ ਪ੍ਰਭੂ ਨੇ ਆਪ ਸੁਣੀ ਹੈ।ਉਸ ਨੇ (ਸੀਤਲਾ ਦਾ) ਰੋਗ ਮਿਟਾ ਕੇ (ਬਾਲਕ ਨੂੰ) ਜੀਵਨ ਬਖਸ਼ਿਆ ਹੈ, ਜਿਸ (ਪ੍ਰਭੂ) ਦਾ ਵੱਡਾ ਤੇਜ ਪ੍ਰਤਾਪ ਹੈ।੧।(ਹੇ ਭਾਈ!) ਉਸ ਪ੍ਰਭੂ ਨੇ (ਸਾਡੇ ਅੰਦਰ) ਅਪਣੀ ਸ਼ਕਤੀ ਟਿਕਾ ਕੇ ਸਾਡੇ ਦੋਖ ਬਖਸ ਦਿਤੇ ਹਨ।ਉਸ ਪ੍ਰਭੂ ਨੇ (ਸਾਨੂੰ) ਮਨ ਇੱਛਤ ਫਲ ਬਖਸ ਦਿਤੇ ਹਨ, ਨਾਨਕ (ਉਸ ਪ੍ਰਭੂ ਦੇ) ਬਲਹਾਰ ਜਾਂਦਾ ਹੈ।੨।੧੬।੮੦।

ਪਦਾਰਥ = ਰਖਿਅਨੁ–ਰੱਖ ਲਏ ਹਨ।ਸਹਜ ਆਨਦ–ਆਤਮਕ ਅਨੰਦ।ਭਏ–ਹੋਏ ਹਨ।ਪੂਰਨ ਭਈ–ਪੂਰੀ ਹੋਈ; ਸਫਲ ਹੋਈ। ਸੇਵ–ਸੇਵਾ ਭਗਤੀ।੧।ਰਹਾਉ।ਪ੍ਰਭਿ–ਪ੍ਰਭੂ ਨੇ।ਜੀਵਾਲਿਅਨੁ–ਉਸ ਨੇ ਜਿਵਾਏ ਹਨ।ਜਾ ਕਾ–ਜਿਸ ਦਾ।ਵਡ ਪਰਤਾਪੁ–ਵੱਡਾ ਤੇਜ ਪ੍ਰਤਾਪ (ਬਹੁਤ ਤਾਕਤ ਵਾਲਾ)।੧।ਦੋਖ–ਪਾਪ; ਔਗਣ।ਬਖਸਿਅਨੁ–ਉਸ ਨੇ ਬਖ਼ਸ਼ (ਮਾਫ ਕਰ) ਦਿਤੇ ਹਨ।ਕਲ ਧਾਰੀ–(ਸਾਡੇ ਅੰਦਰ) ਸ਼ਕਤੀ ਟਿਕਾ ਕੇ।ਮਨ ਬਾਂਛਤ–ਮਨ ਦੇ ਚਾਹੇ।ਦਿਤਿਅਨੁ–ਉਸ ਨੇ ਦਿਤੇ ਹਨ।੨।੧੬।੮੦।

ਰਾਗੁ ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੬ ੴ ਸਤਿਗੁਰ ਪ੍ਰਸਾਦਿ ॥ ਮੇਰੇ ਮੋਹਨ, ਸ੍ਰਵਨੀ ਇਹ ਨ ਸੁਨਾਏ ॥ ਸਾਕਤ ਗੀਤ ਨਾਦ ਧੁਨਿ ਗਾਵਤ, ਬੋਲਤ ਬੋਲ ਅਜਾਏ ॥੧॥ਰਹਾਉ॥ ਸੇਵਤ ਸੇਵਿ ਸੇਵਿ ਸਾਧ ਸੇਵਉ ,ਸਦਾ ਕਰਉ ਕਿਰਤਾਏ ॥ ਅਭੈ ਦਾਨੁ ਪਾਵਉ ਪੁਰਖ ਦਾਤੇ, ਮਿਲਿ ਸੰਗਤਿ ਹਰਿ ਗੁਣ ਗਾਏ ॥੧॥ ਰਸਨਾ ਅਗਹ ਅਗਹ ਗੁਨ ਰਾਤੀ, ਨੈਨ ਦਰਸ ਰੰਗੁ ਲਾਏ ॥ ਹੋਹੁ ਕ੍ਰਿਪਾਲ ਦੀਨ ਦੁਖ ਭੰਜਨ, ਮੋਹਿ ਚਰਣ ਰਿਦੈ ਵਸਾਏ ॥੨॥ ਸਭਹੂ ਤਲੈ ਤਲੈ ਸਭ ਊਪਰਿ, ਏਹ ਦ੍ਰਿਸਟਿ ਦ੍ਰਿਸਟਾਏ ॥ ਅਭਿਮਾਨੁ ਖੋਇ ਖੋਇ ਖੋਇ ਖੋਈ ਹਉ ,ਮੋਕਉ ਸਤਿਗੁਰ ਮੰਤ੍ਰੁ ਦ੍ਰਿੜਾਏ ॥੩॥ ਅਤੁਲੁ ਅਤੁਲੁ ਅਤੁਲੁ ਨਹ ਤੁਲੀਐ, ਭਗਤਿ ਵਛਲੁ ਕਿਰਪਾਏ ॥ ਜੋ ਜੋ ਸਰਣਿ ਪਰਿਓ ਗੁਰ ਨਾਨਕ, ਅਭੈ ਦਾਨੁ ਸੁਖ ਪਾਏ ॥੪॥੧॥੮੧॥ ਹੇ ਮਨ ਨੂੰ ਮੋਹ ਲੈਣ ਵਾਲੇ ਮੇਰੇ ਪ੍ਰਭੂ! ਰੱਬ ਨਾਲੋਂ ਟੁੱਟੇ ਮਨੁੱਖ (ਜਿਹੜੇ) ਗੀਤਾਂ ਤੇ ਰਾਗਾਂ ਦੀ ਧੁਨੀ ਗਾਉਂਦੇ ਹਨ, (ਉਹ ਸਭ) ਫਜ਼ੂਲ ਬੋਲ ਬੋਲਦੇ ਹਨ।(ਮੇਹਰ ਕਰ ਕਿ ਉਨ੍ਹਾਂ ਦੇ) ਇਹ ਬੋਲ ਮੇਰੇ ਕੰਨਾਂ ਵਿਚ ਨਾ ਸੁਣੇ ਜਾਣ।੧।ਰਹਾਉ।(ਹੇ ਪ੍ਰਭੂ!) ਮੈਂ ਸਾਧੂਆਂ ਨੂੰ ਸੇਵਦਿਆਂ ਤੇ ਸੇਵਾ ਕਰ ਕਰਕੇ (ਮਨ ਤਨ ਤੇ ਬਾਣੀ ਦੁਆਰਾ ਮੁੜ ਮੁੜ) ਸੇਵਾ ਕਰਦਾ ਰਹਾਂ, ਸਦਾ ਇਹੋ ਕਰਮ ਕਰਦਾ ਰਹਾਂ।ਹੇ ਸਰਬ ਵਿਆਪਕ ਦਾਤਾਰ ਹਰੀ! ਮੈਂ ਸਾਧ ਸੰਗਤ ਵਿਚ ਮਿਲ ਕੇ ਤੇਰੇ ਗੁਣ ਗਾ ਕੇ (ਤੇਰੇ ਪਾਸੋਂ) ਨਿਰਭੈ ਹੋਣ ਦਾ ਦਾਨ ਪ੍ਰਾਪਤ ਕਰਾਂ (ਸਭ ਤਰ੍ਹਾਂ ਦਾ ਡਰ ਦੂਰ ਹੋ ਜਾਵੇ)।੧।ਹੇ ਅਥਾਹ ਪ੍ਰਭੂ! ਮੇਰੀ ਜੀਭ ਤੇਰੇ ਅਥਾਹ ਗੁਣ ਗਾਉਣ ਵਿਚ ਮਗਨ ਰਹੇ ਅਤੇ ਅੱਖਾਂ ਵਿਚ ਤੇਰੇ ਦਰਸ਼ਨ ਦਾ ਪ੍ਰੇਮ ਲੱਗਾ ਰਹੇ।ਹੇ ਗਰੀਬਾਂ ਦੇ ਦੁਖ ਨਾਸ਼ ਕਰਨ ਵਾਲੇ ਪ੍ਰਭੂ! (ਮੇਰੇ ਉਪਰ) ਮੇਹਰਵਾਨ ਹੋਵੋਂ, ਮੇਰੇ ਹਿਰਦੇ ਵਿਚ ਅਪਣੇ ਚਰਨ ਵਸਾਈ ਰੱਖ।੨।(ਹੇ ਪ੍ਰਭੂ!) ਮੇਰੀ ਨਜਰ ਵਿਚ ਇਹ ਦਿਖਾਈ ਦੇਵੇ ਕਿ ਮੈਂ (ਅਪਣੇ ਆਪ ਨੂੰ) ਸਭ ਤੋਂ ਨੀਵਾਂ ਸਮਝਾਂ ਅਤੇ (ਅਪਣੇ ਨਾਲੋਂ ਹੋਰ) ਸਭ ਨੂੰ ਉਪਰ ਸਮਝਾਂ।ਮੈਨੂੰ ਸਤਿਗੁਰੂ ਦਾ ਮੰਤ੍ਰ (ਉਪਦੇਸ਼) ਦ੍ਰਿੜ ਕਰਾ ਦੇਹ ਤਾਂ ਕਿ ਮੈਂ (ਅਪਣੇ ਅੰਦਰੋਂ) ਅਭਿਮਾਨ ਨੂੰ ਦੂਰ ਕਰਕੇ (ਸਦਾ ਲਈ ਇਹ) ਆਦਤ ਦੂਰ ਕਰ ਦੇਵਾਂ।੩।(ਹੇ ਭਾਈ!) ਭਗਤੀ ਨਾਲ ਪਿਆਰ ਕਰਨ ਵਾਲਾ ਅਤੇ ਕਿਰਪਾਲ ਸਰੂਪ ਪ੍ਰਭੂ ਤਿੰਨਾਂ ਕਾਲਾਂ ਵਿਚ ਅਤੁੱਲ ਹੈ, ਉਹ ਤੋਲਿਆ ਨਹੀਂ ਜਾ ਸਕਦਾ।ਜੋ ਜੋ ਮਨੁੱਖ ਗੁਰੂ ਨਾਨਕ ਦੇਵ ਜੀ ਦੀ ਸਰਣ ਵਿਚ ਪਿਆ ਹੈ, (ਉਸ ਨੇ) ਨਿਰਭੈ ਹੋਣ ਦਾ ਦਾਨ ਅਤੇ ਸਾਰੇ ਸੁਖ ਪਾ ਲਏ ਹਨ।੪।੧।੮੧।

ਸਭਹੂ ਤਲੈ ਤਲੈ = ਮੇਰੀ ਦ੍ਰਿਸਟੀ ਇਹੋ ਜਿਹੀ ਨਿਮ੍ਰਤਾ ਵਾਲੀ ਹੋ ਜਾਵੇ, ਜਿਵੇਂ ਮਿੱਟੀ ਦੀ ਹੁੰਦੀ ਹੈ, ਜੋ ਜੀਵਦਿਆਂ ਸਾਰਿਆਂ ਦੇ ਹੇਠਾਂ ਹੁੰਦੀ ਹੈ, ਪਰ ਜਦ ਓਹ ਮਰ ਜਾਂਦੇ ਹਨ, ਤਾਂ ਉਨ੍ਹਾਂ ਦੇ ਉਤੇ ਹੋ ਜਾਂਦੀ ਹੈ (ਸ਼ਬਦਾਰਥ)।

ਪਦਾਰਥ = ਮੋਹਨ–ਜੀਵਾਂ ਦੇ ਮਨ ਨੂੰ ਮੋਹ ਲੈਣ ਵਾਲਾ ਪ੍ਰਭੂ।ਸ੍ਰਵਨੀ–ਕੰਨਾਂ ਵਿਚ।ਨ ਸੁਨਾਏ–ਨਾ ਸੁਣੇ ਜਾਣ; ਨਾ ਸੁਣਨੇ ਪੈਣ। ਸਾਕਤ–ਰੱਬ ਤੋਂ ਟੁੱਟੇ ਮਨੁੱਖ; ਧਰਮ ਤੋਂ ਗਿਰੇ ਹੋਏ ਲੋਕ।ਨਾਦ ਧੁਨਿ–ਰਾਗਾਂ ਦੀਆਂ ਧੁਨਾਂ (ਸੁਰਾਂ)।ਅਜਾਏ–ਫਜ਼ੂਲ; ਬਿਅਰਥ। ੧।ਰਹਾਉ।ਸੇਵਤ–ਸੇਵਾ ਕਰਦਿਆਂ।ਸੇਵਿ ਸੇਵਿ–ਮਨ ਤੇ ਤਨ ਰਾਹੀਂ ਸੇਵਾ ਕਰ ਕਰਕੇ।ਸਾਧ ਸੇਵਉ–ਸਾਧੂਆਂ ਦੀ ਸੇਵਾ ਕਰਦਾ ਰਹਾਂ।ਕਰਉ–ਮੈਂ ਕਰਦਾ ਰਹਾਂ।ਕਿਰਤਾਏ–ਕਿਰਤ (ਕਰਮ)।ਅਭੈ ਦਾਨੁ–ਨਿਰਭੈ ਹੋਣ ਦਾ ਦਾਨ।ਪਾਵਉ–ਮੈਂ ਪ੍ਰਾਪਤ ਕਰਾਂ।ਪੁਰਖ ਦਾਤੇ–ਹੇ ਸਰਬ ਵਿਆਪਕ ਦਾਤਾਰ!।ਮਿਲਿ–ਮਿਲ ਕੇ।ਗਾਏ–ਗਾ ਕੇ।੧।ਰਸਨਾ–ਜੀਭ।ਅਗਹ–ਅਥਾਹ; ਜੋ ਪਕੜਿਆ ਨਾ ਜਾਵੇ।ਰਾਤੀ–ਮਗਨ ਰਹੇ।ਨੈਨ–ਅੱਖਾਂ ਵਿਚ।ਦਰਸ–ਦਰਸ਼ਨ।ਰੰਗੁ ਲਾਏ–ਪ੍ਰੇਮ ਲੱਗਾ ਰਹੇ।ਹੋਹੁ ਕ੍ਰਿਪਾਲ–ਮੇਹਰਵਾਨ ਹੋਵੋ।ਦੀਨ ਦੁਖ ਭੰਜਨ–ਹੇ ਗਰੀਬਾਂ ਦੇ ਦੁਖ ਨਾਸ਼ ਕਰਨ ਵਾਲੇ!।ਮੋਹਿ–ਮੇਰੇ।ਰਿਦੈ–ਹਿਰਦੇ ਵਿਚ।ਵਸਾਏ–ਵਸਾਈ ਰੱਖ।੨।ਸਭਹੂ–ਸਭ ਨਾਲੋਂ। ਤਲੈ–ਨੀਵਾਂ; ਹੇਠਾਂ।ਊਪਰਿ–ਉਚਾ।ਦ੍ਰਿਸਟਿ–ਨਜਰ ਵਿਚ।ਦ੍ਰਿਸਟਾਏ–ਦਿਖਾਈ ਦੇਵੇ।ਖੋਇ–ਦੂਰ ਕਰਕੇ; ਆਦਤ (ਮ.ਕੋ.; ਗੁ.

ਗ੍ਰੰ. ਕੋਸ਼)।ਖੋਈ–ਦੂਰ ਕਰ ਦੇਵਾਂ।ਹਉ–ਮੈਂ।ਮੋਕਉ–ਮੈਨੂੰ।ਮੰਤ੍ਰ–ਉਪਦੇਸ਼।ਦ੍ਰਿੜਾਏ–ਮਨ ਵਿਚ ਪੱਕੀ ਤਰ੍ਹਾਂ ਟਿਕਾ ਦੇਹ।੩। ਅਤੁਲੁ–ਜੋ ਤੋਲਿਆ (ਜਾਚਿਆ ਜਾਂ ਵਿਚਾਰਿਆ) ਨਾ ਜਾ ਸਕੇ; ਜਿਸ ਦੇ ਬਰਾਬਰ ਦਾ ਹੋਰ ਕੋਈ ਨਾ ਹੋਵੇ।ਭਗਤਿ ਵਛਲੁ–ਭਗਤੀ ਨਾਲ ਪਿਆਰ ਕਰਨ ਵਾਲਾ।ਕਿਰਪਾਏ–ਕਿਰਪਾ ਕਰਨ ਵਾਲਾ।ਪਰਿਓ–ਪਿਆ ਹੈ।ਪਾਏ–ਪਾ ਲੈਂਦਾ ਹੈ।੪।੧।੮੧।

ਬਿਲਾਵਲੁ ਮਹਲਾ ੫ ॥ ਪ੍ਰਭ ਜੀ, ਤੂ ਮੇਰੇ ਪ੍ਰਾਨ ਅਧਾਰੈ ॥ ਨਮਸਕਾਰ ਡੰਡਉਤਿ ਬੰਦਨਾ, ਅਨਿਕ ਬਾਰ ਜਾਉ ਬਾਰੈ ॥੧॥ਰਹਾਉ॥ ਊਠਤ ਬੈਠਤ ਸੋਵਤ ਜਾਗਤ, ਇਹੁ ਮਨੁ ਤੁਝਹਿ ਚਿਤਾਰੈ ॥ ਸੂਖ ਦੂਖ ਇਸੁ ਮਨ ਕੀ ਬਿਰਥਾ, ਤੁਝ ਹੀ ਆਗੈ ਸਾਰੈ ॥੧॥ ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ, ਤੁਮਹਿ ਮੇਰੈ ਪਰਵਾਰੈ ॥ ਜੋ ਤੁਮ ਕਰਹੁ ਸੋਈ ਭਲ ਹਮਰੈ, ਪੇਖਿ ਨਾਨਕ ਸੁਖ ਚਰਨਾਰੈ ॥੨ ॥੨॥੮੨॥ (ਪ੍ਰਭੂ ਅੱਗੇ ਅਰਦਾਸ ਕਰਦੇ ਹਨ) ਹੇ ਪ੍ਰਭੂ ਜੀ! ਤੂੰ ਮੇਰੇ ਪ੍ਰਾਣਾਂ ਦਾ ਆਸਰਾ ਹੈਂ।(ਹੇ ਪ੍ਰਭੂ! ਮੈਂ ਤੇਰੇ ਚਰਨਾਂ ਵਿਚ ਮਨ ਕਰਕੇ) ਨਮਸ਼ਕਾਰ ਕਰਦਾ ਹਾਂ, (ਸਰੀਰ ਕਰਕੇ ਵੀ) ਡੰਡੇ ਵਾਂਗ ਲੰਮੇ ਪੈ ਕੇ ਨਮਸ਼ਕਾਰ ਕਰਦਾ ਹਾਂ ਅਤੇ ਅਨੇਕਾਂ ਵਾਰ (ਤੈਥੋਂ) ਬਲਹਾਰ ਜਾਂਦਾ ਹਾਂ।੧।ਰਹਾਉ।(ਹੇ ਪ੍ਰਭੂ!) ਉਠਦਿਆਂ ਬੈਠਦਿਆਂ, ਸੌਂਦਿਆ ਤੇ ਜਾਗਦਿਆਂ ਮੇਰਾ ਇਹ ਮਨ ਤੈਨੂੰ ਹੀ ਯਾਦ ਕਰਦਾ ਰਹਿੰਦਾ ਹੈ।ਸੁਖ ਤੇ ਦੁਖ ਜੋ ਵੀ ਇਸ ਮਨ ਦੀ ਹਾਲਤ ਹੈ, ਉਹ ਤੇਰੇ ਅੱਗੇ ਹੀ ਪੇਸ਼ ਕਰਦਾ ਹਾਂ।੧।(ਹੇ ਪ੍ਰਭੂ!) ਤੂੰ ਹੀ ਮੇਰੀ ਓਟ ਹੈਂ, ਮੇਰਾ ਬਲ, ਬੁੱਧੀ ਤੇ ਧਨ ਆਦਿ ਸਭ ਕੁਛ ਤੂੰ ਹੀ ਹੈਂ ਅਤੇ ਤੂੰ ਹੀ ਮੇਰਾ ਪ੍ਰਵਾਰ ਹੈਂ।ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਤੂੰ ਕਰਦਾ ਹੈਂ, ਸਾਡੇ ਲਈ ਉਹ ਹੀ ਚੰਗਾ ਹੈ, ਤੇਰੇ ਚਰਨਾਂ ਦਾ ਦਰਸ਼ਨ ਦੇਖ ਕੇ (ਮੈਨੂੰ) ਸੁਖ ਹੁੰਦਾ ਹੈ।੨।

ਪਦਾਰਥ = ਪ੍ਰਾਨ ਅਧਾਰੈ–ਪ੍ਰਾਣਾਂ ਦਾ ਆਸਰਾ।ਡੰਡਉਤਿ ਬੰਦਨਾ–ਡੰਡੇ ਵਾਂਗ ਸਿੱਧਾ ਲੰਮਾ ਪੈ ਕੇ ਨਮਸ਼ਕਾਰ ਕਰਨਾ।ਅਨਿਕ ਬਾਰ –ਅਨੇਕਾਂ ਵਾਰੀ।ਜਾਉ ਬਾਰੈ–ਬਲਹਾਰ ਜਾਂਦਾ ਹਾਂ।੧।ਰਹਾਉ।ਸੋਵਤ–ਸੌਂਦਿਆਂ।ਤੁਝਹਿ–ਤੈਨੂੰ ਹੀ।ਚਿਤਾਰੈ–ਯਾਦ ਕਰਦਾ ਹੈ। ਬਿਰਥਾ–ਹਾਲਤ; ਪੀੜਾ (ਦਰਦ)।ਤੁਝ ਹੀ–ਤੇਰੇ ਅੱਗੇ ਹੀ।ਸਾਰੈ–ਪੇਸ਼ ਕਰਦਾ ਹੈ; ਕਹਿੰਦਾ ਹੈ (ਸੰ.ਸ.; ਫ.ਸ.; ਟਕਸਾਲ)।੧। ਓਟ–ਆਸਰਾ।ਬਲ–ਤਾਕਤ।ਬੁਧਿ–ਅਕਲ।ਤੁਮਹਿ–ਤੂੰ ਹੀ।ਪਰਵਾਰੈ–ਪ੍ਰਵਾਰ।ਕਰਹੁ–ਕਰਦਾ ਹੈਂ।ਸੋਈ–ਉਹ ਹੀ।ਭਲ–ਭਲਾ; ਚੰਗਾ।ਹਮਰੈ–ਸਾਡੇ ਲਈ।ਪੇਖਿ ਚਰਨਾਰੈ–ਚਰਨਾਂ ਦਾ ਦਰਸ਼ਨ ਕਰਕੇ।੨।੨।੮੨।

ਬਿਲਾਵਲੁ ਮਹਲਾ ੫ ॥ ਸੁਨੀਅਤ ਪ੍ਰਭ ਤਉ ਸਗਲ ਉਧਾਰਨ ॥ ਮੋਹ ਮਗਨ ਪਤਿਤ ਸੰਗਿ ਪ੍ਰਾਨੀ, ਐਸੇ ਮਨਹਿ ਬਿਸਾਰਨ ॥੧॥ ਰਹਾਉ॥ ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ, ਅੰਮ੍ਰਿਤੁ ਮਨ ਤੇ ਡਾਰਨ ॥ ਕਾਮ ਕ੍ਰੋਧ ਲੋਭ ਰਤੁ ਨਿੰਦਾ, ਸਤੁ ਸੰਤੋਖੁ ਬਿਦਾਰਨ ॥੧॥ ਇਨ ਤੇ ਕਾਢਿ ਲੇਹੁ ਮੇਰੇ ਸੁਆਮੀ, ਹਾਰਿ ਪਰੇ ਤੁਮ੍ ਸਾਰਨ ॥ ਨਾਨਕ ਕੀ ਬੇਨੰਤੀ ਪ੍ਰਭ ਪਹਿ, ਸਾਧ ਸੰਗਿ ਰੰਕ ਤਾਰਨ ॥੨॥੩॥ ੮੩॥ ਹੇ ਪ੍ਰਭੂ! (ਧਰਮੀ ਪੁਰਖਾਂ ਪਾਸੋਂ ਤੇਰੇ ਬਾਰੇ) ਸੁਣੀਦਾ ਹੈ ਕਿ ਤੂੰ ਸਭ ਜੀਵਾਂ ਦਾ (ਸੰਸਾਰ ਸਮੁੰਦਰ ਤੋਂ) ਪਾਰ ਉਤਾਰਾ ਕਰਨ ਵਾਲਾ ਹੈਂ।(ਪਰ ਅਸੀਂ ਲੋਕ) ਮੋਹ ਦੀ ਮਸਤੀ ਕਰਕੇ ਪਤਿਤ ਪ੍ਰਾਣੀਆਂ ਦੀ ਸੰਗਤ ਕਰਦੇ ਹਾਂ, ਇਸ ਤਰ੍ਹਾਂ (ਅਸੀਂ ਤੈਨੂੰ ਅਪਣੇ) ਮਨ ਤੋਂ ਭੁਲਾ ਛਡਿਆ ਹੈ।੧।ਰਹਾਉ।(ਹੇ ਪ੍ਰਭੂ! ਅਸੀਂ) ਜਹਿਰ ਰੂਪ ਮਾਇਆ ਇਕੱਠੀ ਕਰਕੇ ਗ੍ਰਹਿਣ ਕਰ ਲਈ ਹੈ (ਇਸ ਨੂੰ ਛਡਦੇ ਨਹੀਂ) ਅਤੇ ਨਾਮ ਰੂਪ ਅੰਮ੍ਰਿਤ ਜਲ ਪਰੇ ਸੁੱਟ ਦਿਤਾ ਹੈ।(ਅਸੀਂ ਸੰਸਾਰੀ ਲੋਕ) ਕਾਮ ਕ੍ਰੋਧ ਲੋਭ ਤੇ ਨਿੰਦਿਆ ਵਿਚ ਮਸਤ ਰਹਿੰਦੇ ਹਾਂ, (ਪਰ ਅਪਣੇ ਮਨਾਂ ਵਿਚੋਂ) ਸਤ ਸੰਤੋਖ ਆਦਿ ਗੁਣ ਨਸ਼ਟ ਕਰ ਦਿਤੇ ਹਨ।੧।ਹੇ ਮੇਰੇ ਮਾਲਕ! (ਸਾਨੂੰ ਜੀਵਾਂ ਨੂੰ) ਇਨ੍ਹਾਂ ਵਿਕਾਰਾਂ ਤੋਂ ਬਾਹਰ ਕਢ ਲੈ, (ਇਨ੍ਹਾਂ ਅੱਗੇ ਸਾਡੀ ਪੇਸ਼ ਨਹੀਂ ਜਾਂਦੀ, ਇਸ ਕਰਕੇ ਅਸੀਂ) ਹਾਰ ਕੇ ਤੇਰੀ ਸ਼ਰਨ ਵਿਚ ਆ ਪਏ ਹਾਂ।ਹੇ ਪ੍ਰਭੂ! ਨਾਨਕ ਦੀ ਤੇਰੇ ਪਾਸ ਬੇਨਤੀ ਹੈ ਕਿ ਤੂੰ ਸਾਧ ਸੰਗਤ ਰਾਹੀਂ ਮੂਰਖ (ਗਿਆਨ ਹੀਣ) ਲੋਕਾਂ ਨੂੰ ਭਵਜਲ ਤੋਂ ਤਾਰਨ ਵਾਲਾ ਹੈਂ, (ਸਾਨੂੰ ਵੀ ਤਾਰ ਲੈ)।੨।੩।੮੩।

ਪਦਾਰਥ = ਸੁਨੀਅਤ–ਸੁਣੀਦਾ ਹੈ।ਪ੍ਰਭ–ਹੇ ਪ੍ਰਭੂ!।ਤਉ–ਤੂੰ।ਸਗਲ–ਸਾਰੇ ਜੀਵਾਂ ਨੂੰ।ਉਧਾਰਨ–(ਸੰਸਾਰ ਸਮੁੰਦਰ ਤੋਂ) ਪਾਰ ਕਰਨ ਵਾਲਾ।ਮੋਹ ਮਗਨ–ਮੋਹ ਦੀ ਮਸਤੀ; ਮੋਹ ਵਿਚ ਡੁੱਬੇ ਹੋਏ।ਪਤਿਤ–ਧਰਮ ਤੋਂ ਡਿਗੇ ਹੋਏ।ਸੰਗਿ ਪ੍ਰਾਨੀ–ਪ੍ਰਾਣੀਆਂ ਦੀ ਸੰਗਤ ਕਰਦੇ ਹਾਂ।ਐਸੇ–ਇਸ ਤਰ੍ਹਾਂ।ਮਨਹਿ–ਮਨ ਤੋਂ।ਬਿਸਾਰਨ–ਭੁਲਾ ਦਿਤਾ ਹੈ।੧।ਰਹਾਉ।ਸੰਚਿ–ਇਕੱਠੀ ਕਰਕੇ।ਬਿਖਿਆ– ਜਹਿਰ ਰੂਪ ਮਾਇਆ।ਲੇ ਗ੍ਰਾਹਜੁ ਕੀਨੀ–ਗ੍ਰਹਿਣ ਕਰ ਲਈ।ਤੇ–ਤੋਂ।ਡਾਰਨ–ਪਰੇ ਸੁੱਟ ਦਿਤਾ ਹੈ।ਰਤੁ–ਮਸਤ; ਖੁਸ਼।ਬਿਦਾਰਨ– ਨਸ਼ਟ ਕਰ ਦਿਤੇ।੧।ਇਨ ਤੇ–ਇਨ੍ਹਾਂ ਤੋਂ।ਸੁਆਮੀ–ਹੇ ਮਾਲਕ!।ਹਾਰਿ–ਹਾਰ ਕੇ।ਪਰੇ–ਆ ਪਏ ਹਾਂ। ਤੁਮ੍ ਸਾਰਨ–ਤੇਰੀ ਸ਼ਰਨ ਵਿਚ।ਪਹਿ–ਪਾਸ।ਸੰਗਿ–ਸੰਗਤ ਰਾਹੀਂ।ਰੰਕ–ਕੰਗਾਲ; ਮੂਰਖ (ਗਿਆਨ ਹੀਣ)।ਤਾਰਨ–ਤਾਰਨ ਵਾਲਾ।੨।੩।੮੩।

ਬਿਲਾਵਲੁ ਮਹਲਾ ੫ ॥ ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥ ਕਥਾ ਕੀਰਤਨੁ ਆਨੰਦ ਮੰਗਲ ਧੁਨਿ, ਪੂਰਿ ਰਹੀ ਦਿਨਸੁ ਅਰੁ

ਰਾਤਿ ॥੧॥ਰਹਾਉ॥ ਕਰਿ ਕਿਰਪਾ ਅਪਨੇ ਪ੍ਰਭਿ ਕੀਨੇ, ਨਾਮੁ ਅਪੁਨੇ ਕੀ ਕੀਨੀ ਦਾਤਿ ॥ ਆਠ ਪਹਰ ਗੁਨ ਗਾਵਤ ਪ੍ਰਭ ਕੇ, ਕਾਮ ਕ੍ਰੋਧ ਇਸੁ ਤਨ ਤੇ ਜਾਤ ॥੧॥(ਹੇ ਭਾਈ!) ਸੰਤਾਂ ਦੇ ਘਰ (ਸਾਧ ਸੰਗਤ) ਵਿਚ ਪ੍ਰਭੂ ਦੀ ਗੱਲਬਾਤ ਸੁਣੀ ਜਾਂਦੀ ਹੈ।(ਕਿਉਂਕਿ ਉਥੇ) ਅਨੰਦ ਤੇ ਖੁਸ਼ੀਆਂ ਦੇਣ ਵਾਲੀ ਕਥਾ ਵਾਰਤਾ ਤੇ ਕੀਰਤਨ ਦੀ ਧੁਨੀ ਦਿਨ ਅਤੇ ਰਾਤ ਭਰੀ ਰਹਿੰਦੀ ਹੈ (ਕਥਾ ਕੀਰਤਨ ਦਾ ਪ੍ਰਵਾਹ ਸਦਾ ਚਲਦਾ ਰਹਿੰਦਾ ਹੈ)।੧।ਰਹਾਉ।(ਹੇ ਭਾਈ! ਜਿਹੜੇ ਸੰਤ) ਪ੍ਰਭੂ ਨੇ ਕ੍ਰਿਪਾ ਕਰਕੇ (ਅਪਣਾ ਸੇਵਕ) ਬਣਾ ਲਏ ਹਨ ਅਤੇ (ਅਪਣੇ ਉਨ੍ਹਾਂ ਨੂੰ) ਨਾਮ ਦੀ ਦਾਤ ਬਖਸ਼ਿਸ਼ ਕੀਤੀ ਹੈ।ਅੱਠੇ ਪਹਿਰ ਪ੍ਰਭੂ ਦੇ ਗੁਣ ਗਾਉਂਦਿਆਂ (ਉਨ੍ਹਾਂ ਦੇ) ਇਸ ਸਰੀਰ ਵਿਚੋਂ ਕਾਮ ਕ੍ਰੋਧ ਆਦਿ ਵਿਕਾਰ ਦੂਰ ਹੋ ਜਾਂਦੇ ਹਨ; (ਉਹ ਸੰਤ ਜਨ) ਅੱਠੇ ਪਹਿਰ ਪ੍ਰਭੂ ਦੇ ਗੁਣ ਗਾਉਂਦੇ ਹਨ, (ਜਿਨ੍ਹਾਂ ਗੁਣਾਂ ਨੂੰ ਸ੍ਰਵਨ ਕਰਨ ਨਾਲ) ਇਸ ਸਰੀਰ ਵਿਚੋਂ ਕਾਮ ਕ੍ਰੋਧ ਆਦਿ ਵਿਕਾਰ ਚਲੇ ਜਾਂਦੇ ਹਨ।(ਫ.ਸ.)।੧।

ਅੰਗ ੮੨੧ = ਤ੍ਰਿਪਤਿ ਅਘਾਏ ਪੇਖਿ ਪ੍ਰਭ ਦਰਸਨੁ ,ਅੰਮ੍ਰਿਤ ਹਰਿ ਰਸੁ ਭੋਜਨੁ ਖਾਤ ॥ ਚਰਨ ਸਰਨ ਨਾਨਕ ਪ੍ਰਭ ਤੇਰੀ, ਕਰਿ ਕਿਰਪਾ ਸੰਤ ਸੰਗਿ ਮਿਲਾਤ ॥੨॥੪॥੮੪॥ ਪ੍ਰਭੂ ਦਾ ਦਰਸ਼ਨ ਦੇਖ ਕੇ (ਉਹ ਸੰਤ ਇਸ ਲੋਕ ਦੇ ਪਦਾਰਥਾਂ ਵੱਲੋ ਵੀ) ਰੱਜ ਗਏ ਹਨ ਅਤੇ (ਪ੍ਰਲੋਕ ਦੇ ਪਦਾਰਥਾਂ ਵੱਲੋਂ ਵੀ) ਰੱਜ ਗਏ ਹਨ ਅਤੇ (ਉਹ) ਹਰੀ ਦੇ ਨਾਮ ਅੰਮ੍ਰਿਤ ਦਾ ਸੁਆਦਲਾ ਭੋਜਨ ਖਾਂਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜੇ ਮਨੁੱਖ) ਤੇਰੇ ਚਰਨਾਂ ਦੀ ਸ਼ਰਨ ਵਿਚ ਪੈਂਦੇ ਹਨ, (ਉਨ੍ਹਾਂ ਨੂੰ ਤੂੰ) ਕਿਰਪਾ ਕਰਕੇ ਸੰਤਾਂ ਦੀ ਸੰਗਤ ਵਿਚ ਮਿਲਾ ਦੇਂਦਾ ਹੈਂ।੨।੪।੮੪।

ਪਦਾਰਥ = ਸੰਤਨ ਕੈ–ਸੰਤਾਂ ਦੇ ਘਰ (ਸਾਧ ਸੰਗਤ) ਵਿਚ।ਸੁਨੀਅਤ–ਸੁਣੀ ਜਾਂਦੀ ਹੈ।ਬਾਤ–ਕਥਾ ਵਾਰਤਾ।ਮੰਗਲ ਧੁਨਿ–ਖੁਸ਼ੀਆਂ ਦੇਣ ਵਾਲੀ ਧੁਨੀ।ਪੂਰਿ ਰਹੀ–ਭਰੀ ਰਹਿੰਦੀ ਹੈ (ਪ੍ਰਵਾਹ ਚਲਦਾ ਰਹਿੰਦਾ ਹੈ)।ਦਿਨਸੁ–ਦਿਨ।ਅਰੁ–ਅਤੇ।੧।ਰਹਾਉ। ਕਰਿ–ਕਰ ਕੇ।ਪ੍ਰਭਿ–ਪ੍ਰਭੂ ਨੇ।ਕੀਨੇ–ਬਣਾ ਲਏ।ਕੀਨੀ–ਕੀਤੀ ਹੈ।ਆਠ ਪਹਰ–ਅੱਠੇ ਪਹਿਰ (ਸਦਾ)।ਤਨ ਤੇ–ਸਰੀਰ ਤੋਂ (ਵਿਚੋਂ)।ਜਾਤ–ਦੂਰ ਹੋ ਜਾਂਦੇ ਹਨ।੧।ਤ੍ਰਿਪਤਿ–ਰੱਜ ਗਏ ਹਨ।ਅਘਾਏ–ਰੱਜ ਗਏ ਹਨ।ਪੇਖਿ–ਦੇਖ ਕੇ।ਰਸੁ–ਸੁਆਦਲਾ।ਖਾਤ –ਖਾਂਦੇ ਹਨ।ਪ੍ਰਭ–ਹੇ ਪ੍ਰਭੂ!।ਸੰਗਿ–ਸੰਗਤ ਵਿਚ।ਮਿਲਾਤ–ਮਿਲਾ ਦੇਂਦਾ ਹੈਂ।੨।੪।੮੪।

ਬਿਲਾਵਲੁ ਮਹਲਾ ੫ ॥ ਰਾਖਿ ਲੀਏ ਅਪਨੇ ਜਨ ਆਪ ॥ ਕਰਿ ਕਿਰਪਾ ਹਰਿ ਹਰਿ ਨਾਮੁ ਦੀਨੋ, ਬਿਨਸਿ ਗਏ ਸਭ ਸੋਗ ਸੰਤਾਪ ॥੧॥ਰਹਾਉ॥ ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ, ਰਾਗ ਰਤਨ ਰਸਨਾ ਆਲਾਪ ॥ ਕੋਟਿ ਜਨਮ ਕੀ ਤ੍ਰਿਸਨਾ ਨਿਵਰੀ, ਰਾਮ ਰਸਾਇਣਿ ਆਤਮ ਧ੍ਰਾਪ ॥੧॥ ਚਰਣ ਗਹੇ ਸਰਣਿ ਸੁਖ ਦਾਤੇ, ਗੁਰ ਕੈ ਬਚਨਿ ਜਪੇ ਹਰਿ ਜਾਪ ॥ ਸਾਗਰ ਤਰੇ ਭਰਮ ਭੈ ਬਿਨਸੇ, ਕਹੁ ਨਾਨਕ ਠਾਕੁਰ ਪਰਤਾਪ ॥੨॥੫॥੮੫॥(ਹੇ ਭਾਈ! ਪ੍ਰਭੂ ਨੇ) ਅਪਣੇ ਸੇਵਕ ਜਨ ਆਪ ਹੀ ਰੱਖ ਲਏ ਹਨ (ਰੱਖਿਆ ਕੀਤੀ ਹੈ)।ਹਰੀ ਨੇ ਕ੍ਰਿਪਾ ਕਰਕੇ (ਜਿਨ੍ਹਾਂ ਮਨੁੱਖਾਂ ਨੂੰ ਅਪਣਾ) ਨਾਮ ਬਖਸ਼ ਦਿਤਾ ਹੈ, (ਉਨ੍ਹਾਂ ਦੇ) ਸਾਰੇ ਫਿਕਰ ਤੇ ਦੁੱਖ ਕਲੇਸ਼ ਨਾਸ਼ ਹੋ ਗਏ ਹਨ।੧।ਰਹਾਉ।ਹੇ ਹਰੀ ਦੇ ਸੇਵਕ ਜਨੋਂ! ਸਾਰੇ (ਤੁਸੀਂ ਮਿਲ ਕੇ) ਹਰੀ ਦੇ ਗੁਣ ਗਾਇਆ ਕਰੋ ਅਤੇ ਰਸਨਾ ਨਾਲ ਸੁੰਦਰ ਰਾਗਾਂ ਦਾ ਉਚਾਰਨ ਕਰਿਆ ਕਰੋ।(ਜਿਹੜੇ ਪ੍ਰਭੂ ਦੇ ਗੁਣ ਗਾਉਂਦੇ ਹਨ, ਉਨ੍ਹਾਂ ਦੀ) ਕ੍ਰੋੜਾਂ ਜਨਮਾਂ ਦੀ ਤ੍ਰਿਸ਼ਨਾ ਦੂਰ ਹੋ ਗਈ ਹੈ, ਰਾਮ ਦਾ ਨਾਮ ਰਸਾਂ ਦਾ ਘਰ ਹੈ, (ਇਸ ਨਾਮ ਰਸ ਨਾਲ ਉਨ੍ਹਾਂ ਦਾ) ਮਨ ਰੱਜ ਗਿਆ ਹੈ।੧।(ਹੇ ਭਾਈ! ਜਿਨ੍ਹਾਂ ਪੁਰਖਾਂ ਨੇ) ਸੁਖ ਦੇਣ ਵਾਲੇ ਪ੍ਰਭੂ ਦੀ ਸ਼ਰਣ ਵਿਚ ਪੈ ਕੇ (ਉਸ ਦੇ) ਚਰਨ ਫੜੇ ਹਨ ਅਤੇ ਗੁਰੂ ਦੇ ਬਚਨਾਂ ਦੁਆਰਾ ਹਰੀ ਦੇ ਨਾਮ ਦਾ ਜਾਪ ਜਪਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮਾਲਕ ਪ੍ਰਭੂ ਦੇ ਤਪ ਤੇਜ ਕਰਕੇ (ਉਨ੍ਹਾਂ ਦੇ ਮਨ ਵਿਚੋਂ ਸਭ ਕਿਸਮ ਦੇ) ਭਰਮ ਤੇ ਭੈ ਨਾਸ਼ ਹੋ ਗਏ ਹਨ ਅਤੇ (ਉਹ) ਸੰਸਾਰ ਸਮੁੰਦਰ ਤੋਂ ਤਰ ਗਏ ਹਨ।੨।੫।੮੫।

ਪਦਾਰਥ = ਰਾਖਿ ਲੀਏ–ਰੱਖ ਲਏ (ਰੱਖਿਆ ਕੀਤੀ)।ਜਨ–ਸੇਵਕ।ਦੀਨੋ–ਦਿਤਾ।ਬਿਨਸਿ ਗਏ–ਨਾਸ਼ ਹੋ ਗਏ।ਸੋਗ–ਫਿਕਰ। ਸੰਤਾਪ–ਦੁਖ ਕਲੇਸ਼।੧।ਰਹਾਉ।ਗਾਵਹੁ–ਗਾਓ।ਹਰਿ ਜਨ–ਹੇ ਹਰੀ ਦੇ ਸੇਵਕ ਜਨੋ!।ਰਾਗ ਰਤਨ–ਸੁੰਦਰ ਰਾਗਾਂ ਦਾ।ਰਸਨਾ–ਜੀਭ।ਆਲਾਪ–ਉਚਾਰਨ ਕਰੋ।ਕੋਟਿ–ਕ੍ਰੋੜਾਂ।ਨਿਵਰੀ–ਦੂਰ ਹੋ ਗਈ।ਰਸਾਇਣਿ–ਰਸਾਂ ਦਾ ਘਰ।ਆਤਮ–ਮਨ।ਧ੍ਰਾਪ–ਰੱਜ ਗਿਆ; ਸ਼ਾਂਤ ਹੋ ਗਿਆ।੧।ਗਹੇ–ਫੜੇ ਹਨ।ਗੁਰ ਕੈ ਬਚਨਿ–ਗੁਰੂ ਦੇ ਬਚਨਾਂ ਦੁਆਰਾ।ਜਪੇ–ਜਪਿਆ ਹੈ।ਸਾਗਰ–ਸੰਸਾਰ ਸਮੁੰਦਰ।ਤਰੇ–ਤਰ ਗਏ।ਭੈ–ਡਰ।ਬਿਨਸੇ–ਨਾਸ਼ ਹੋ ਗਏ।ਠਾਕੁਰ ਪਰਤਾਪ–ਮਾਲਕ ਦੇ ਤਪ ਤੇਜ ਕਰਕੇ।੨।੫।੮੫।

ਬਿਲਾਵਲੁ ਮਹਲਾ ੫ ॥ ਤਾਪੁ ਲਾਹਿਆ ਗੁਰ ਸਿਰਜਨਹਾਰਿ ॥ ਸਤਿਗੁਰ ਅਪਨੇ ਕਉ ਬਲਿ ਜਾਈ, ਜਿਨਿ ਪੈਜ ਰਖੀ ਸਾਰੈ ਸੰਸਾਰਿ ॥੧॥ਰਹਾਉ॥ ਕਰੁ ਮਸਤਕਿ ਧਾਰਿ ਬਾਲਿਕੁ ਰਖਿ ਲੀਨੋ ॥ ਪ੍ਰਭਿ ਅੰਮ੍ਰਿਤ ਨਾਮੁ ਮਹਾ ਰਸੁ ਦੀਨੋ ॥੧॥ ਦਾਸ ਕੀ ਲਾਜ ਰਖੈ

ਮਿਹਰਵਾਨੁ ॥ ਗੁਰੁ ਨਾਨਕੁ ਬੋਲੈ ਦਰਗਹ ਪਰਵਾਨੁ ॥੨॥੬॥੮੬॥ (ਹੇ ਭਾਈ!) ਗੁਰੂ ਨੇ, ਸਿਰਜਨਹਾਰ ਪ੍ਰਭੂ ਨੇ (ਹਰਿਗੋਬਿੰਦ ਸਾਹਿਬ ਬਾਲਕ ਦਾ) ਤਾਪ ਉਤਾਰ ਦਿਤਾ ਹੈ। ਮੈਂ ਅਪਣੇ ਸਤਿਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸ (ਗੁਰੂ) ਨੇ ਸਾਰੇ ਸੰਸਾਰ ਵਿਚ (ਸਾਡੀ) ਪੈਜ ਰੱਖੀ ਹੈ।੧।ਰਹਾਉ।(ਅਪਣਾ ਮੇਹਰ ਭਰਿਆ) ਹੱਥ ਸਿਰ ਤੇ ਧਰ ਕੇ ਬਾਲਿਕ (ਹਰਿਗੋਬਿੰਦ) ਨੂੰ ਰੱਖ (ਸੀਤਲਾ ਦੇ ਤਾਪ ਤੋਂ ਬਚਾ) ਲਿਆ ਹੈ (ਤਾਪ ਤੋਂ ਬਚਾਓ ਲਈ ਲੋਕ ਤਾਂ ਸਾਡੇ ਪ੍ਰਵਾਰ ਨੂੰ ਸੀਤਲਾ ਦੇਵੀ ਦੀ ਪੂਜਾ ਕਰਨ ਦੀ ਪ੍ਰੇਰਨਾ ਦੇਂਦੇ ਰਹੇ ਹਨ)। ਪ੍ਰਭੂ ਨੇ ਨਾਮ ਰੂਪ ਅੰਮ੍ਰਿਤ ਦਾ ਮਹਾਨ ਰਸ ਬਖਸ਼ ਦਿਤਾ ਹੈ (ਇਸ ਨਾਮ ਰਸ ਦੀ ਦਵਾਈ ਨੇ ਬਾਲਕ ਦਾ ਤਾਪ ਲਾਹਿਆ ਹੈ)।੧।(ਹੇ ਭਾਈ!) ਮੇਹਰਵਾਨ ਪ੍ਰਭੂ (ਸਦਾ ਅਪਣੇ) ਦਾਸਾਂ ਦੀ ਪੈਜ ਰਖਦਾ ਹੈ।(ਜੋ ਕੁਛ ਅਪਣੇ ਮੁਖ ਤੋਂ) ਗੁਰੂ ਨਾਨਕ ਬੋਲਦਾ ਹੈ, (ਉਹ ਰੱਬੀ) ਦਰਗਾਹ ਵਿਚ ਪ੍ਰਵਾਨ ਹੁੰਦਾ ਹੈ (ਗੁਰੂ ਦਾ ਬਚਨ ਕਦੇ ਨਿਸਫਲ ਨਹੀਂ ਜਾਂਦਾ)।੨।੬।੮੬।

ਪਦਾਰਥ = ਤਾਪੁ-(ਸੀਤਲਾ ਦਾ) ਬੁਖਾਰ। ਲਾਹਿਆ-ਉਤਾਰਿਆ। ਗੁਰ ਸਿਰਜਨਹਾਰਿ-ਗੁਰੂ ਕਰਤਾਰ ਨੇ। ਕਉ-ਨੂੰ; ਤੋਂ। ਬਲਿ ਜਾਈ-ਸਦਕੇ ਜਾਂਦਾ ਹਾਂ। ਜਿਨਿ-ਜਿਸ (ਗੁਰੂ) ਨੇ। ਪੈਜ-ਲਾਜ; ਇੱਜਤ। ਸਾਰੈ ਸੰਸਾਰਿ-ਸਾਰੇ ਸੰਸਾਰ ਵਿਚ।੧।ਰਹਾਉ। ਕਰੁ-ਹੱਥ। ਮਸਤਕਿ-ਮੱਥੇ (ਸਿਰ) ਉਤੇ। ਧਾਰਿ-ਰੱਖ ਕੇ। ਰਖਿ ਲੀਨੋ-ਰੱਖ (ਬਚਾ) ਲਿਆ। ਪ੍ਰਭਿ-ਪ੍ਰਭੂ ਨੇ। ਮਹਾ ਰਸੁ-ਬਹੁਤ ਸੁਆਦਲਾ। ਦੀਨੋ-ਦਿਤਾ ਹੈ।੧। ਲਾਜ-ਇੱਜਤ। ਰਖੈ-ਰੱਖਦਾ ਹੈ। ਦਰਗਹ-ਰੱਬੀ ਦਰਬਾਰ ਵਿਚ। ਪਰਵਾਨੁ-ਕਬੂਲ।੨।੬।੮੬।

ਰਾਗੁ ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੭ ੴ ਸਤਿਗੁਰ ਪ੍ਰਸਾਦਿ ॥ ਸਤਿਗੁਰ ਸਬਦਿ ਉਜਾਰੋ ਦੀਪਾ ॥ ਬਿਨਸਿਓ ਅੰਧਕਾਰ ਤਿਹ ਮੰਦਰਿ, ਰਤਨ ਕੋਠੜੀ ਖੁਲ੍ਹੀ ਅਨੂਪਾ ॥੧॥ਰਹਾਉ॥ ਬਿਸਮਨ ਬਿਸਮ ਭਏ ਜਉ ਪੇਖਿਓ, ਕਹਨੁ ਨ ਜਾਇ ਵਡਿਆਈ ॥ ਮਗਨ ਭਏ ਊਹਾ ਸੰਗਿ ਮਾਤੇ, ਓਤਿ ਪੋਤਿ ਲਪਟਾਈ ॥੧॥ ਆਲ ਜਾਲ ਨਹੀ ਕਛੂ ਜੰਜਾਰਾ, ਅਹੰਬੁਧਿ ਨਹੀ ਭੋਰਾ ॥ ਊਚਨ ਊਚਾ ਬੀਚੁ ਨ ਖੀਚਾ, ਹਉ ਤੇਰਾ ਤੂ ਮੋਰਾ ॥੨॥ ਏਕੰਕਾਰੁ ਏਕੁ ਪਾਸਾਰਾ, ਏਕੈ ਅਪਰ ਅਪਾਰਾ ॥ ਏਕੁ ਬਿਸਥੀਰਨੁ ਏਕੁ ਸੰਪੂਰਨੁ ,ਏਕੈ ਪ੍ਰਾਨ ਅਧਾਰਾ ॥੩॥ ਨਿਰਮਲ ਨਿਰਮਲ ਸੂਚਾ ਸੂਚੋ, ਸੂਚਾ ਸੂਚੋ ਸੂਚਾ ॥ ਅੰਤ ਨ ਅੰਤਾ ਸਦਾ ਬੇਅੰਤਾ, ਕਹੁ ਨਾਨਕ ਊਚੋ ਊਚਾ ॥੪॥੧॥੮੭॥ (ਹੇ ਭਾਈ! ਜਿਸ ਮਨੁੱਖ ਦੇ ਹਿਰਦੇ ਵਿਚ) ਸਤਿਗੁਰੂ ਦੇ ਸ਼ਬਦ ਦੁਆਰਾ ਗਿਆਨ ਰੂਪ ਦੀਵੇ ਦਾ ਪ੍ਰਕਾਸ਼ ਹੋਇਆ ਹੈ। ਉਸ ਸਰੀਰ ਰੂਪ ਮੰਦਰ ਵਿਚੋਂ (ਅਗਿਆਨਤਾ ਦਾ) ਹਨ੍ਹੇਰਾ ਨਾਸ਼ ਹੋ ਗਿਆ ਹੈ ਅਤੇ ਰਤਨਾਂ ਦੀ ਬਹੁਤ ਸੁੰਦਰ ਕੋਠੜੀ ਖੁਲ੍ਹ ਗਈ ਹੈ (ਗੁਰੂ ਦੇ ਸ਼ਬਦ ਦੁਆਰਾ ਅਮੋਲਕ ਗੁਣਾਂ ਵਾਲੀ ਮੱਤ ਪ੍ਰਗਟ ਹੋਈ ਹੈ)।੧।ਰਹਾਉ।(ਹੇ ਭਾਈ!) ਜਦ ਹਰੀ ਨੂੰ ਦੇਖਿਆ, ਤਾਂ ਅਸੀਂ ਹੈਰਾਨ ਤੋਂ ਹੈਰਾਨ ਹੋ ਗਏ, (ਉਸ ਹਰੀ ਦੀ) ਵਡਿਆਈ ਕਥਨ ਨਹੀਂ ਕੀਤੀ ਜਾ ਸਕਦੀ। ਜਿਵੇਂ ਤਾਣੇ ਪੇਟੇ ਦੇ ਧਾਗੇ ਆਪਸ ਵਿਚ ਲਿਪਟੇ (ਮਿਲੇ) ਹੁੰਦੇ ਹਨ, ਤਿਵੇਂ ਅਸੀਂ ਮਸਤ ਹੋ ਕੇ ਉਸ ਦੇ ਨਾਲ ਲੀਨ ਹੋ ਗਏ ਹਾਂ।੧।(ਹੇ ਭਾਈ! ਗਿਆਨ ਦੇ ਚਾਨਣ ਕਰਕੇ ਹੁਣ) ਘਰ ਦੇ ਧੰਦੇ ਤੇ ਜੰਜਾਲ ਸਾਡੇ ਉਤੇ ਕੋਈ ਅਸਰ ਨਹੀਂ ਕਰਦੇ ਅਤੇ (ਸਾਡੇ ਅੰਦਰ) ਹੰਕਾਰ ਵਾਲੀ ਬੁੱਧੀ ਵੀ ਰੱਤਾ ਭਰ ਨਹੀਂ ਰਹੀ।(ਹੁਣ ਮੇਰੀ ਨਜਰ ਵਿਚ ਕੋਈ) ਉਚੇ ਤੋਂ ਉਚਾ ਨਹੀਂ, (ਹੇ ਪ੍ਰਭੂ! ਤੇਰੇ ਨਾਲ ਪੂਰਨ ਮਿਲਾਪ ਹੋਣ ਕਰਕੇ ਮੇਰੇ ਤੇ ਤੇਰੇ) ਵਿਚਕਾਰ ਕੋਈ ਪੜਦਾ ਨਹੀਂ ਖਿੱਚਿਆ ਹੋਇਆ ਹੈ, ਮੈਂ ਤੇਰਾ ਹਾਂ ਤੇ ਤੂੰ ਮੇਰਾ ਹੈਂ ਭਾਵ ਵਖਰੇਵਾਂ ਮੁੱਕ ਗਿਆ ਹੈ (ਊਚ ਨੀਚ ਸ਼ਬਦ ਉਥੇ ਵਰਤੇ ਜਾਂਦੇ ਹਨ, ਜਿਥੇ ਵਖਰੇਵਾਂ ਹੋਵੇ, ਅਭੇਦਤਾ ਵਿਚ ਕੋਈ ਫਰਕ ਨਹੀਂ ਰਹਿ ਜਾਂਦਾ, ਊਚ ਸ਼ਬਦ ਵਰਤਿਆ ਹੀ ਨਹੀਂ ਜਾਂਦਾ, ਕਿਉਂਕਿ ਉਚਾ ਹੁਣ ਕੋਈ ਹੈ ਹੀ ਨਹੀਂ। ਸ਼ਬਦਾਰਥ)।੨।(ਹੇ ਭਾਈ! ਸਾਰਾ ਸੰਸਾਰ) ਪਸਾਰਾ ਇਕ ਵਾਹਿਗੁਰੂ ਦਾ ਹੀ ਹੈ ਅਤੇ ਇਕ ਵਾਹਿਗੁਰੂ ਪਰੇ ਤੋਂ ਪਰੇ ਬੇਅੰਤ ਹੈ। ਸਾਰਾ ਵਿਸਥਾਰ ਇਕ ਵਾਹਿਗੁਰੂ ਦਾ ਹੀ ਹੈ, ਇਕ ਵਾਹਿਗੁਰੂ ਹੀ ਸੰਪੂਰਨ ਹੈ ਅਤੇ ਇਕ ਵਾਹਿਗੁਰੂ ਹੀ ਸਾਰੇ ਜੀਵਾਂ ਦੇ ਪ੍ਰਾਣਾਂ ਦਾ ਆਸਰਾ ਹੈ।੩। ਭੂਤ ਕਾਲ ਵਿਚ ਵੀ) ਵਾਹਿਗੁਰੂ ਪਵਿਤ੍ਰ ਤੋਂ ਪਵਿਤ੍ਰ ਸੀ, (ਹੁਣ ਵਰਤਮਾਨ ਕਾਲ ਵਿਚ ਵੀ ਉਹ) ਸੁੱਚਿਆਂ ਤੋਂ ਸੁੱਚਾ ਹੈ, (ਭਵਿੱਖ ਵਿਚ ਵੀ ਉਹ) ਸੁੱਚਾ ਰਹੇਗਾ, ਸੁੱਚੇ ਤੋਂ ਵੀ ਸੁੱਚਾ ਰਹੇਗਾ। ਨਾਨਕ ਗੁਰੂ ਜੀ ਆਖਦੇ ਹਨ ਕਿ ਵਾਹਿਗੁਰੂ ਦਾ ਅੰਤ ਲੈਣ ਵਾਲੇ (ਉਸ ਦਾ) ਅੰਤ ਨਹੀਂ ਪਾ ਸਕਦੇ, ਉਹ ਸਦਾ ਬੇਅੰਤ ਹੈ ਅਤੇ ਉਹ ਉਚਿਆਂ ਤੋਂ ਵੀ ਉਚਾ ਹੈ (ਉਸ ਵਰਗਾ ਹੋਰ ਕੋਈ ਨਹੀਂ)।੪।੧।੮੭।

ਪਦਾਰਥ = ਸਬਦਿ-ਸ਼ਬਦ ਦੁਆਰਾ। ਉਜਾਰੋ-ਚਾਨਣਾ ਹੋ ਗਿਆ। ਦੀਪਾ-ਦੀਵਾ। ਬਿਨਸਿਓ-ਨਾਸ਼ ਹੋ ਗਿਆ। ਅੰਧਕਾਰ-ਹਨ੍ਹੇਰਾ (ਅਗਿਆਨਤਾ ਦਾ)। ਤਿਹ ਮੰਦਰਿ-ਉਸ ਸਰੀਰ ਰੂਪ ਮੰਦਰ ਵਿਚੋਂ। ਰਤਨ ਕੋਠੜੀ-ਅਮੋਲਕ ਗੁਣਾਂ ਵਾਲੀ ਅਕਲ ਰੂਪ ਕੋਠੜੀ; ਆਤਮ ਵਿਚਾਰ ਵਾਲੀ ਅਕਲ; ਦੈਵੀ ਗੁਣਾਂ ਨਾਲ ਭਰਪੂਰ ਅੰਤਹਕਰਣ। ਅਨੂਪਾ-ਬਹੁਤ ਸੁੰਦਰ; ਬੇਮਿਸਾਲ।੧।ਰਹਾਉ। ਬਿਸਮਨ ਬਿਸਮ-ਹੈਰਾਨ ਤੋਂ ਹੈਰਾਨ। ਭਏ-ਹੋ ਗਏ। ਜਉ-ਜਦੋਂ। ਪੇਖਿਓ-ਦੇਖਿਆ। ਕਹਨੁ ਨ ਜਾਇ-ਕਥਨ ਨਹੀਂ ਕੀਤੀ ਜਾ ਸਕਦੀ। ਮਗਨ

ਭਏ–ਲੀਨ ਹੋ ਗਏ। ਊਹਾ ਸੰਗਿ–ਉਸ ਨਾਲ। ਮਾਤੇ–ਮਸਤ। ਓਤਿ ਪੋਤਿ–ਤਾਣੇ ਪੇਟੇ ਵਾਂਗ (ਪੂਰਨ ਤੌਰ ਤੇ)। ਲਪਟਾਈ–ਲਿਪਟੇ (ਮਿਲੇ) ਹੁੰਦੇ ਹਨ।੧। ਆਲ ਜਾਲ–ਘਰ ਦੇ ਧੰਧੇ; ਘਰ ਦੇ ਬੰਧਨ। ਜੰਜਾਰਾ–ਜੰਜਾਲ; ਝਮੇਲੇ। ਅਹੰਬੁਧਿ–ਹੰਕਾਰ ਵਾਲੀ ਬੁੱਧੀ। ਭੋਰਾ –ਰੱਤੀ ਭਰ। ਊਚਨ ਊਚਾ–ਉਚੇ ਤੋਂ ਉਚਾ (ਊਚਨ–ਪਾਠ ਇਕੱਠਾ ਹੈ)। ਬੀਚੁ–ਵਿੱਥ; ਪੜਦਾ। ਨ ਖੀਚਾ–ਨਹੀਂ ਖਿਚਿਆ (ਤਣਿਆ) ਹੋਇਆ। ਹਉ–ਮੈਂ। ਮੋਰਾ–ਮੇਰਾ।੨। ਏਕੰਕਾਰੁ ਏਕੁ–ਇਕ ਵਾਹਿਗੁਰੂ। ਪਸਾਰਾ–ਖਿਲਾਰਾ; ਫੈਲਾਉ। ਏਕੈ–ਇਕ ਹੀ। ਅਪਰ–ਪਰੇ ਤੋਂ ਪਰੇ। ਅਪਾਰਾ–ਬੇਅੰਤ (ਪਾਰ ਰਹਿਤ)। ਬਿਸਥੀਰਨੁ–ਵਿਸਥਾਰ (ਫੈਲਾਉ)। ਸੰਪੂਰਨੁ–ਪੂਰਾ; ਵਿਆਪਕ। ਪ੍ਰਾਨ ਅਧਾਰਾ–ਪ੍ਰਾਣਾਂ ਦਾ ਆਸਰਾ।੩। ਨਿਰਮਲ ਨਿਰਮਲ–ਪਵਿਤ੍ਰ ਤੋਂ ਪਵਿਤ੍ਰ। ਸੂਚਾ ਸੂਚੋ–ਸੁੱਚਿਆਂ ਤੋਂ ਸੁੱਚਾ।੪।੧।੮੭।

ਬਿਲਾਵਲੁ ਮਹਲਾ ੫ ॥ਬਿਨੁ ਹਰਿ ਕਾਮਿ ਨ ਆਵਤ ਹੇ ॥ ਜਾ ਸਿਉ ਰਾਚਿ ਮਾਚਿ ਤੁਮ੍ ਲਾਗੇ, ਓਹ ਮੋਹਨੀ ਮੋਹਾਵਤ ਹੇ ॥੧॥ਰਹਾਉ ॥ ਕਨਿਕ ਕਾਮਿਨੀ ਸੇਜ ਸੋਹਨੀ, ਛੋਡਿ ਖਿਨੈ ਮਹਿ ਜਾਵਤ ਹੇ ॥ ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ, ਬਿਖੈ ਠਗਉਰੀ ਖਾਵਤ ਹੇ ॥੧॥ ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ, ਪਾਵਕੁ ਤਲੈ ਜਰਾਵਤ ਹੇ ॥ ਐਸੇ ਗੜ ਮਹਿ ਐਠਿ ਹਠੀਲੋ, ਫੂਲਿ ਫੂਲਿ ਕਿਆ ਪਾਵਤ ਹੇ ॥੨॥ ਪੰਚ ਦੂਤ ਮੂਡ ਪਰਿ ਠਾਢੇ, ਕੇਸ ਗਹੇ ਫੇਰਾਵਤ ਹੇ ॥ (ਹੇ ਭਾਈ!) ਪ੍ਰਭੂ ਦੇ ਨਾਮ ਤੋਂ ਬਿਨਾ (ਕੋਈ ਹੋਰ ਪਦਾਰਥ ਪ੍ਰਲੋਕ ਵਿਚ ਤੇਰੇ) ਕੰਮ ਨਹੀਂ ਆਉਂਦਾ। ਜਿਸ ਨਾਲ ਤੂੰ ਰਚ ਮਿਚ ਕੇ ਲੱਗਾ ਹੋਇਆ ਹੈਂ, ਉਹ ਮਨ ਨੂੰ ਮੋਹ ਲੈਣ ਵਾਲੀ ਮਾਇਆ ਤੈਨੂੰ ਠੱਗ (ਸ਼ੁੱਭ ਗੁਣਾਂ ਦੀ ਪੂੰਜੀ ਨੂੰ ਲੁੱਟ) ਰਹੀ ਹੈ।੧।ਰਹਾਉ।(ਹੇ ਭਾਈ!) ਸੋਨਾ, ਇਸਤ੍ਰੀ ਅਤੇ ਸੋਹਣੀ ਸੇਜ (ਆਦਿ ਸਭ ਕੁਛ) ਇਕ ਖਿਨ ਵਿਚ ਛਡ ਕੇ (ਜੀਵ ਪ੍ਰਲੋਕ ਵਿਚ) ਚਲਾ ਜਾਂਦਾ ਹੈ।(ਇਹ ਜੀਵ) ਇੰਦ੍ਰੀਆਂ ਦਾ ਪ੍ਰੇਰਿਆ ਹੋਇਆ ਵਿਸ਼ਿਆਂ ਦੇ ਸੁਆਦਾਂ ਵਿਚ ਫਸਿਆ ਰਿਹਾ ਹੈ, ਓਹੀ ਵਿਸ਼ਿਆਂ ਦੀ ਠਗ ਬੂਟੀ ਖਾ ਰਿਹਾ ਹੈ।੧।(ਹੇ ਭਾਈ! ਜਿਵੇਂ ਕਿਸੇ ਮਨੁੱਖ ਨੇ) ਕੱਖਾਂ ਦਾ ਘਰ ਬਣਾ ਕੇ ਸਵਾਰਿਆ ਹੋਵੇ ਅਤੇ (ਉਸ ਦੇ) ਥੱਲੇ ਅੱਗ ਬਾਲ ਰਿਹਾ ਹੋਵੇ ਭਾਵ ਸੁੰਦਰ ਸਰੀਰ ਵਿਚ ਵਿਸ਼ਿਆਂ ਦੀ ਅੱਗ ਬਾਲ ਰਿਹਾ ਹੈ {ਛਾਪਰੁ ਬਾਂਧਿ ਸਵਾਰੈ ਤ੍ਰਿਣ ਕੋ ਦੁਆਰੈ ਪਾਵਕੁ ਜਾਰੈ ੧੨੦੫}। ਇਹੋ ਜਿਹੇ ਸਰੀਰ ਰੂਪ ਕਿਲ੍ਹੇ ਵਿਚ ਆਕੜ ਤੇ ਜਿੱਦ ਵਾਲਾ ਮਨੁੱਖ ਖੁਸ਼ ਹੋ ਹੋ ਕੇ ਕੀ ਪ੍ਰਾਪਤ ਕਰ ਰਿਹਾ ਹੈ? (ਕੁਛ ਨਹੀਂ ਪ੍ਰਾਪਤ ਕਰ ਸਕਦਾ)।੨।(ਹੇ ਭਾਈ!) ਪੰਜ ਕਾਮਾਦਿਕ ਵੈਰੀ (ਹਰ ਵਕਤ ਤੇਰੇ) ਸਿਰ ਤੇ ਖੜ੍ਹੇ ਹਨ, ਜੋ ਕੇਸਾਂ ਤੋਂ ਫੜ ਕੇ ਘੁਮਾਉਂਦੇ ਹਨ (ਚੰਗੀ ਤਰ੍ਹਾਂ ਜਲੀਲ ਕਰਦੇ ਹਨ)।

ਅੰਗ ੮੨੨ = ਦ੍ਰਿਸਟਿ ਨ ਆਵਹਿ ਅੰਧ ਅਗਿਆਨੀ, ਸੋਇ ਰਹਿਓ ਮਦ ਮਾਵਤ ਹੇ ॥੩॥ ਜਾਲੁ ਪਸਾਰਿ ਚੋਗ ਬਿਸਥਾਰੀ, ਪੰਖੀ ਜਿਉ ਫਾਹਾਵਤ ਹੇ ॥ ਕਹੁ ਨਾਨਕ ਬੰਧਨ ਕਾਟਨ ਕਉ ,ਮੈ ਸਤਿਗੁਰੁ ਪੁਰਖੁ ਧਿਆਵਤ ਹੇ ॥੪॥੨॥੮੮॥ ਹੇ ਅੰਨ੍ਹੇ ਅਗਿਆਨੀ ਮਨੁੱਖ! (ਤੈਨੂੰ ਉਹ ਕਾਮਾਦਿਕ ਵੈਰੀ) ਨਜਰ ਨਹੀਂ ਆਉਂਦੇ, ਤੂੰ ਹੰਕਾਰ ਦੇ ਨਸ਼ੇ ਵਿਚ ਮਸਤ ਹੋ ਕੇ (ਮੋਹ ਮਾਇਆ ਦੀ ਨੀਂਦ ਵਿਚ) ਸੌਂ ਰਿਹਾ ਹੈਂ (ਬੇਫਿਕਰ ਹੋਇਆ ਪਿਆ ਹੈਂ)।੩।(ਹੇ ਭਾਈ! ਸ਼ਿਕਾਰੀ) ਜਾਲ ਪਸਾਰ ਕੇ (ਉਸ ਵਿਚ) ਚੋਗ ਖਿਲਾਰ ਕੇ ਜਿਵੇਂ ਪੰਛੀਆਂ ਨੂੰ ਫਸਾਉਂਦਾ ਹੈ, (ਤਿਵੇਂ ਪ੍ਰਭੂ ਨੇ ਮਾਇਆ ਦਾ ਜਾਲ ਤੇ ਪਦਾਰਥਾਂ ਦੇ ਭੋਗਾਂ ਦਾ ਚੋਗ ਖਿਲਾਰਿਆ ਹੋਇਆ ਹੈ, ਜਿਸ ਵਿਚ ਹਰੇਕ ਜੀਵ ਫਸਿਆ ਹੋਇਆ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ ਮਾਇਆ ਦੇ ਬੰਧਨ ਕੱਟਣ ਵਾਸਤੇ ਮੈਂ ਸਤਿਗੁਰੂ ਪੁਰਖ ਨੂੰ ਸਿਮਰਦਾ ਹਾਂ।੪।੨।੮੮।

ਪਦਾਰਥ = ਕਾਮਿ–ਕੰਮ। ਜਾ ਸਿਉ–ਜਿਸ ਨਾਲ। ਰਾਚਿ ਮਾਚਿ–ਰਚ ਮਿਚ (ਗਲਤਾਨ ਹੋ) ਕੇ। ਮੋਹਨੀ–ਮਾਇਆ। ਮੋਹਾਵਤ ਹੇ–ਠੱਗ ਰਹੀ ਹੈ।੧।ਰਹਾਉ। ਕਨਿਕ–ਸੋਨਾ। ਕਾਮਿਨੀ–ਇਸਤ੍ਰੀ। ਸੇਜ ਸੋਹਨੀ–ਸੋਹਣਾ ਪਲੰਘ। ਛੋਡਿ–ਛਡ ਕੇ। ਖਿਨੈ ਮਹਿ–ਇਕ ਖਿਨ ਵਿਚ। ਜਾਵਤ ਹੇ–ਚਲਾ ਜਾਂਦਾ ਹੈ। ਉਰਝਿ ਰਹਿਓ–ਉਲਝਿਆ (ਫਸਿਆ) ਰਿਹਾ ਹੈ। ਇੰਦ੍ਰੀ ਪ੍ਰੇਰਿਓ–ਇੰਦ੍ਰੀਆਂ ਦਾ ਪ੍ਰੇਰਿਆ। ਰਸ–ਸੁਆਦ। ਬਿਖੈ ਠਗਉਰੀ–ਵਿਸ਼ਿਆਂ ਦੀ ਠਗਬੂਟੀ (ਠਗਮੂਰੀ ਉਹ ਬੂਟੀ ਹੈ, ਜੋ ਠੱਗ ਲੋਕ ਰਾਹੀਆਂ ਨੂੰ ਖੁਆ ਕੇ ਬੇਹੋਸ਼ ਕਰ ਦੇਂਦੇ ਹਨ। ਗੁਰਬਾਣੀ ਵਿਚ ਮਾਇਆ ਨੂੰ ਠਗਉਰੀ ਕਿਹਾ ਹੈ)। ਖਾਵਤ ਹੇ–ਖਾਂਦਾ ਹੈ।੧। ਤ੍ਰਿਣ ਕੋ–ਕੱਖਾਂ ਦਾ। ਮੰਦਰੁ–ਘਰ। ਸਾਜਿ–ਬਣਾ ਕੇ। ਸਵਾਰਿਓ–ਸ਼ਿੰਗਾਰਿਆ। ਪਾਵਕੁ–ਅੱਗ। ਤਲੈ–ਥੱਲੇ। ਜਰਾਵਤ ਹੇ–ਜਲਾ ਰਿਹਾ ਹੈ। ਐਸੇ–ਇਹੋ ਜਿਹੇ। ਗੜ ਮਹਿ–ਕਿਲ੍ਹੇ ਵਿਚ। ਐਠਿ–ਆਕੜ ਵਾਲਾ। ਹਠੀਲੋ–ਜਿੱਦ ਵਾਲਾ। ਫੂਲਿ ਫੂਲਿ–ਫੁੱਲ ਫੁੱਲ ਕੇ; ਖੁਸ਼ ਹੋ ਕੇ; ਹੰਕਾਰ ਕਰਕੇ। ਪਾਵਤ ਹੈ–ਪ੍ਰਾਪਤ ਕਰਦਾ ਹੈ।੨। ਪੰਚ ਦੂਤ–ਪੰਜ ਕਾਮਾਦਿਕ ਵੈਰੀ। ਮੂਡ ਪਰਿ–ਸਿਰ ਉਤੇ। ਠਾਢੇ–ਖੜ੍ਹੇ ਹਨ। ਕੇਸ ਗਹੇ–ਵਾਲਾਂ ਤੋਂ ਫੜ ਕੇ। ਫੇਰਾਵਤ ਹੇ–ਘੁਮਾਉਂਦੇ ਹਨ। ਦ੍ਰਿਸਟਿ ਨ ਆਵਹਿ–ਨਜਰ ਨਹੀਂ ਆਉਂਦੇ। ਅੰਧ ਅਗਿਆਨੀ–ਹੇ ਅੰਨ੍ਹੇ ਗਿਆਨ ਹੀਣ ਮਨੁੱਖ! । ਸੋਇ ਰਹਿਓ –ਸੌਂ ਰਿਹਾ ਹੈਂ। ਮਦ–ਨਸ਼ਾ। ਮਾਵਤ ਹੇ–ਮਸਤ ਹੋ ਕੇ।੩। ਪਸਾਰਿ–ਖਿਲਾਰ ਕੇ। ਬਿਸਥਾਰੀ–ਖਿਲਾਰ ਕੇ। ਪੰਖੀ–ਪੰਛੀ। ਫਾਹਾਵਤ

ਹੇ–ਫਸਾਉਂਦਾ ਹੈ।ਕਾਟਨ ਕਉ–ਕੱਟਣ ਵਾਸਤੇ।ਧਿਆਵਤ ਹੇ–ਸਿਮਰਦਾ ਹਾਂ।੪।੨।੮੮।

ਬਿਲਾਵਲੁ ਮਹਲਾ ੫ ॥ ਹਰਿ ਹਰਿ ਨਾਮੁ ਅਪਾਰ ਅਮੋਲੀ ॥ ਪ੍ਰਾਨ ਪਿਆਰੋ ਮਨਹਿ ਅਧਾਰੋ, ਚੀਤਿ ਚਿਤਵਉ ਜੈਸੇ ਪਾਨ ਤੰਬੋਲੀ ॥੧॥ਰਹਾਉ॥ ਸਹਜਿ ਸਮਾਇਓ ਗੁਰਹਿ ਬਤਾਇਓ, ਰੰਗਿ ਰੰਗੀ ਮੇਰੇ ਤਨ ਕੀ ਚੋਲੀ ॥ ਪ੍ਰਿਅ ਮੁਖਿ ਲਾਗੋ ਜਉ ਵਡਭਾਗੋ, ਸੁਹਾਗੁ ਹਮਾਰੋ ਕਤਹੁ ਨ ਡੋਲੀ ॥੧॥ ਰੂਪ ਨ ਧੂਪ ਨ ਗੰਧ ਨ ਦੀਪਾ, ਓਤਿ ਪੋਤਿ ਅੰਗ ਅੰਗ ਸੰਗਿ ਮਉਲੀ ॥ ਕਹੁ ਨਾਨਕ ਪ੍ਰਿਅ ਰਵੀ ਸੁਹਾਗਨਿ, ਅਤਿ ਨੀਕੀ ਮੇਰੀ ਬਨੀ ਖਟੋਲੀ ॥੨॥੩॥੮੯॥ (ਹੇ ਸਖੀ!) ਬੇਅੰਤ ਹਰੀ ਦਾ ਨਾਮ ਅਮੋਲਕ ਹੈ।(ਹਰੀ ਦਾ ਨਾਮ ਮੇਰੇ) ਪ੍ਰਾਣਾਂ ਦਾ ਪਿਆਰਾ ਤੇ ਮਨ ਦਾ ਆਸਰਾ ਹੈ, ਮੈਂ ਹਰੀ ਦੇ ਨਾਮ ਨੂੰ ਅਪਣੇ ਚਿਤ ਵਿਚ ਇਸ ਤਰ੍ਹਾਂ ਚੇਤੇ ਕਰਦੀ ਰਹਿੰਦੀ ਹਾਂ, ਜਿਸ ਤਰ੍ਹਾਂ ਪਾਨ ਵੇਚਣ ਵਾਲਾ ਮਨੁੱਖ ਪਾਨਾਂ ਦਾ ਖਿਆਲ ਰਖਦਾ ਹੈ (ਤਾਂ ਕਿ ਪਾਨ ਖਰਾਬ ਨਾ ਹੋ ਜਾਣ)।੧।ਰਹਾਉ।(ਹੇ ਸਖੀ!) ਗੁਰੂ ਨੇ (ਮੈਨੂੰ ਪ੍ਰਭੂ ਦਾ ਨਾਮ) ਦਸਿਆ, (ਜਿਸ ਨੂੰ ਜਪ ਕੇ ਮੈਂ) ਸਹਿਜ ਅਵਸਥਾ ਵਿਚ ਲੀਨ ਹੋ ਗਈ ਹਾਂ ਅਤੇ ਮੇਰੀ ਸਰੀਰ ਦੀ ਚੋਲੀ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੀ ਗਈ ਹੈ।ਜਦੋਂ ਤੋਂ (ਗੁਰੂ ਦੀ ਕ੍ਰਿਪਾ ਨਾਲ ਮੇਰੇ) ਵੱਡੇ ਭਾਗ ਜਾਗ ਪਏ, ਤਾਂ ਮੈਂ ਪਿਆਰੇ ਦੇ ਮੂੰਹ ਲੱਗੀ ਹਾਂ (ਪਿਆਰੇ ਦਾ ਦਰਸ਼ਨ ਹੋਇਆ ਹੈ, ਹੁਣ) ਮੇਰਾ ਸੁਹਾਗ ਕਿਸੇ ਤਰ੍ਹਾਂ ਵੀ ਡੋਲਦਾ ਨਹੀਂ (ਵਿਛੋੜਾ ਨਹੀਂ ਹੋਵੇਗਾ)। ੧।(ਹੇ ਸਖੀ! ਗੁਰੂ ਦੀ ਕ੍ਰਿਪਾ ਨਾਲ) ਤਾਣੇ ਪੇਟੇ ਵਾਂਗ ਉਸ ਨਾਲ ਮਿਲ ਕੇ ਮੇਰਾ ਅੰਗ ਅੰਗ ਖਿੜ ਪਿਆ ਹੈ; ਹਰੀ ਦੇ ਅੰਗਾਂ ਨਾਲ ਮੇਰੇ ਅੰਗ ਲਗ ਕੇ ਮੈਂ ਖਿੜ ਪਈ ਹਾਂ, (ਹੁਣ ਮੈਨੂੰ) ਨਾ ਸੁੰਦਰ ਰੂਪ, ਪੂਜਾ ਲਈ ਨਾ ਧੂਪ, ਨਾ ਸੁਗੰਧੀ ਅਤੇ ਨਾ ਦੀਵਾ ਬਾਲਣ ਦੀ ਲੋੜ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਦੋਂ ਪਿਆਰੇ ਪਤੀ ਪ੍ਰਭੂ ਨੇ ਮੈਨੂੰ ਸੁਹਾਗਣ ਬਣਾ ਕੇ ਭੋਗਿਆ (ਅਪਣੇ ਨਾਲ ਮਿਲਾਇਆ, ਤਾਂ ਮੇਰੀ) ਹਿਰਦੇ ਰੂਪ ਸੇਜ ਬਹੁਤ ਸੋਹਣੀ ਬਣ ਗਈ।੨।੩।੮੯।

ਪਦਾਰਥ = ਅਪਾਰ–ਬੇਅੰਤ।ਅਮੋਲੀ–ਅਮੋਲਕ।ਪ੍ਰਾਨ ਪਿਆਰੋ–ਪ੍ਰਾਣਾਂ ਦਾ ਪਿਆਰਾ।ਮਨਹਿ ਅਧਾਰੋ–ਮਨ ਦਾ ਆਸਰਾ।ਚੀਤਿ–ਚਿਤ ਵਿਚ।ਚਿਤਵਉ–ਮੈਂ ਚੇਤੇ ਕਰਦੀ ਹਾਂ।ਤੰਬੋਲੀ–ਪਾਨ ਵੇਚਣ ਜਾਂ ਪਾਨ ਬਣਾਉਣ ਵਾਲਾ।੧।ਰਹਾਉ।ਸਹਜਿ–ਸਹਿਜ ਅਵਸਥਾ ਵਿਚ।ਸਮਾਇਓ–ਸਮਾ ਗਈ ਹਾਂ।ਗੁਰਹਿ–ਗੁਰੂ ਨੇ।ਬਤਾਇਓ–(ਨਾਮ ਮੰਤ੍ਰ) ਦੱਸਿਆ।ਰੰਗਿ–ਪ੍ਰੇਮ ਰੰਗ ਵਿਚ।ਤਨ ਕੀ–ਸਰੀਰ ਦੀ।ਚੋਲੀ–(ਇਸਤ੍ਰੀਆਂ ਦੀ ਛਾਤੀ ਤੇ ਪਹਿਨਣ ਵਾਲੀ) ਅੰਗੀ।ਪ੍ਰਿਅ–ਪਿਆਰਾ।ਮੁਖਿ ਲਾਗੋ–ਮੂੰਹ ਲੱਗੀ ਹਾਂ (ਦਰਸ਼ਨ ਹੋਇਆ)। ਜਉ–ਜਦੋਂ।ਵਡਭਾਗੋ–ਵੱਡੇ ਭਾਗ (ਜਾਗ ਪਏ)।ਹਮਾਰੋ–ਮੇਰਾ।ਕਤਹੁ–ਕਿਸੇ ਤਰ੍ਹਾਂ ਵੀ।ਨ ਡੋਲੀ–ਨਹੀਂ ਡੋਲਦਾ (ਲਾਂਭੇ ਨਹੀਂ ਹੋਵੇਗਾ)।੧।ਰੂਪ–ਸੁੰਦਰ ਰੂਪ।ਗੰਧ–ਸੁਗੰਧੀ।ਦੀਪਾ–ਦੀਵਾ।ਓਤਿ ਪੋਤਿ–ਤਾਣੇ ਪੇਟੇ ਵਾਂਗ।ਅੰਗ ਅੰਗ–ਹਰੇਕ ਅੰਗ; ਅੰਗਾਂ ਨਾਲ ਅੰਗ ਮਿਲ ਕੇ।ਸੰਗਿ–ਨਾਲ।ਮਉਲੀ–ਖਿੜ ਪਈ।ਪ੍ਰਿਅ–ਪਿਆਰੇ ਨੇ।ਰਵੀ–ਭੋਗਿਆ; ਮਿਲਾਇਆ।ਅਤਿ ਨੀਕੀ–ਬਹੁਤ ਸੋਹਣੀ ।ਬਨੀ–ਬਣ ਗਈ।ਖਟੋਲੀ–ਖਾਟ (ਮੰਜੀ; ਹਿਰਦਾ ਰੂਪ ਸੇਜ)।੨।੩।੮੯।

ਬਿਲਾਵਲ ਮਹਲਾ ੫ ॥ ਗੋਬਿੰਦ ਗੋਬਿੰਦ ਗੋਬਿੰਦ ਮਈ ॥ ਜਬ ਤੇ ਭੇਟੇ ਸਾਧ ਦਇਆਰਾ, ਤਬ ਤੇ ਦੁਰਮਤਿ ਦੂਰਿ ਭਈ ॥੧॥ਰਹਾਉ॥ ਪੂਰਨ ਪੂਰਿ ਰਹਿਓ ਸੰਪੂਰਨ, ਸੀਤਲ ਸਾਂਤਿ ਦਇਆਲ ਦਈ ॥ ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ, ਤਨ ਤੇ ਹੋਏ ਸਗਲ ਖਈ ॥੧॥ ਸਤੁ ਸੰਤੋਖੁ ਦਇਆ ਧਰਮੁ ਸੁਚਿ, ਸੰਤਨ ਤੇ ਇਹੁ ਮੰਤੁ ਲਈ ॥ ਕਹੁ ਨਾਨਕ ਜਿਨਿ ਮਨਹੁ ਪਛਾਨਿਆ, ਤਿਨ ਕਉ ਸਗਲੀ ਸੋਝ ਪਈ ॥੨॥੪॥੯੦॥ (ਹੇ ਭਾਈ! ਮਨ ਤੇ ਸਰੀਰ ਕਰਕੇ) ਗੋਬੰਦ ਗੋਬਿੰਦ ਸਿਮਰਦਿਆਂ ਮੈਂ ਗੋਬਿੰਦ ਰੂਪ ਹੋ ਗਿਆ ਹਾਂ।ਜਦੋਂ ਤੋਂ ਮੈਨੂੰ ਦਇਆ ਦੇ ਸੋਮੇ ਸਾਧੂ (ਗੁਰੂ) ਮਿਲੇ ਹਨ, ਉਦੋਂ ਤੋਂ ਮੇਰੀ ਖੋਟੀ ਬੁੱਧੀ ਦੂਰ ਹੋ ਗਈ ਹੈ।੧।ਰਹਾਉ।(ਹੇ ਭਾਈ!) ਸਾਰੇ ਗੁਣਾਂ ਨਾਲ ਸੰਪੂਰਨ, ਸ਼ਾਂਤੀ, ਠੰਢ ਤੇ ਦਇਆ ਦਾ ਸੋਮਾ ਪ੍ਰਕਾਸ਼ ਪ੍ਰਭੂ ਸਭ ਜਗ੍ਹਾ ਪੂਰਨ ਤੌਰ ਤੇ ਵਿਆਪਕ ਹੋ ਰਿਹਾ ਹੈ।(ਗੋਬਿੰਦ ਦਾ ਸਿਮਰਨ ਕਰਨ ਨਾਲ) ਕਾਮ ਕ੍ਰੋਧ ਤ੍ਰਿਸ਼ਨਾ ਤੇ ਹੰਕਾਰ ਆਦਿ ਸਾਰੇ ਵਿਕਾਰ ਸਰੀਰ ਤੋਂ ਨਾਸ਼ ਹੋ ਗਏ ਹਨ।੧।(ਹੇ ਭਾਈ!) ਸਤ ਸੰਤੋਖ, ਦਇਆ, ਧਰਮ ਤੇ ਸੁੱਚਮਤਾ ਆਦਿ ਗੁਣ ਪੈਦਾ ਕਰਨ ਦਾ ਇਹ ਉਪਦੇਸ਼ ਮੈਂ ਸੰਤ ਗੁਰੂ ਤੋਂ ਲਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੇ ਮਨ ਤੋਂ ਪ੍ਰਭੂ ਨੂੰ ਪਛਾਣਿਆ ਹੈ, ਉਨ੍ਹਾਂ ਨੂੰ ਸਾਰੀ ਸਮਝ ਪੈ ਗਈ ਹੈ।੨।੪।੯੦।

ਪਦਾਰਥ = ਗੋਬਿੰਦ ਮਈ–ਗੋਬਿੰਦ ਦਾ ਰੂਪ।ਜਬ ਤੇ–ਜਦੋਂ ਤੋਂ।ਭੇਟੇ–ਮਿਲੇ ਹਨ।ਸਾਧ–ਸਾਧੂ ਗੁਰੂ।ਦਇਆਰਾ–ਦਇਆ ਦਾ ਸੋਮਾ।ਤਬ ਤੇ–ਉਦੋਂ ਤੋਂ।ਦੁਰਮਤਿ–ਖੋਟੀ ਬੁੱਧੀ।ਭਈ–ਹੋ ਗਈ।੧।ਰਹਾਉ।ਪੂਰਨ–ਪੂਰਨ ਤੌਰ ਤੇ।ਪੂਰਿ ਰਹਿਓ–ਵਿਆਪਕ ਹੋ ਰਿਹਾ ਹੈ।ਸੰਪੂਰਨ–ਗੁਣਾਂ ਨਾਲ ਭਰਪੂਰ।ਦਈ–ਪ੍ਰਕਾਸ਼ ਸਰੂਪ ਪ੍ਰਭੂ।ਤਨ ਤੇ–ਸਰੀਰ ਤੋਂ।ਸਗਲ–ਸਾਰੇ।ਖਈ–ਨਾਸ਼ ਹੋ ਗਏ।੧। ਸਤੁ–ਸੱਚ ਬੋਲਣਾ।ਸੁਚਿ–ਸੁੱਚਮਤਾ।ਸੰਤਨ ਤੇ–ਸੰਤਾਂ ਤੋਂ।ਮੰਤੁ–ਉਪਦੇਸ਼।ਜਿਨਿ–ਜਿਨ੍ਹਾਂ ਨੇ।ਮਨਹੁ–ਮਨ ਤੋਂ (ਦਿਲੋਂ)।ਤਿਨ ਕਉ

-ਉਨ੍ਹਾਂ ਨੂੰ।ਸਗਲੀ ਸੋਝ-ਸਾਰੀ ਸਮਝ।ਪਈ-ਪੈ ਗਈ ਹੈ।ਪਈ-ਪੈ ਗਈ ਹੈ।੨।੪।੯੦।

ਬਿਲਾਵਲੁ ਮਹਲਾ ੫ ॥ ਕਿਆ ਹਮ ਜੀਅ ਜੰਤ ਬੇਚਾਰੇ, ਬਰਨਿ ਨ ਸਾਕਹ ਏਕ ਰੋਮਾਈ ॥ ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ, ਬੇਅੰਤ ਠਾਕੁਰ ਤੇਰੀ ਗਤਿ ਨਹੀ ਪਾਈ ॥੧॥ ਕਿਆ ਕਥੀਐ ਕਿਛੁ ਕਥਨੁ ਨ ਜਾਈ ॥ ਜਹ ਜਹ ਦੇਖਾ ਤਹ ਰਹਿਆ ਸਮਾਈ ॥੧॥ਰਹਾਉ॥ ਜਹ ਮਹਾ ਭਇਆਨ ਦੂਖ ਜਮ ਸੁਨੀਐ, ਤਹ ਮੇਰੇ ਪ੍ਰਭ ਤੂ ਹੈ ਸਹਾਈ ॥ ਸਰਨਿ ਪਰਿਓ ਹਰਿ ਚਰਨ ਗਹੇ ਪ੍ਰਭ, ਗੁਰਿ ਨਾਨਕ ਕਉ ਬੂਝ ਬੁਝਾਈ ॥੨॥੫॥੯੧॥ (ਹੇ ਪ੍ਰਭੂ!) ਅਸੀਂ ਵਿਚਾਰੇ ਜੀਵ ਜੰਤ ਕੀ (ਚੀਜ ਭਾਵ ਬਹੁਤ ਤੁੱਛ) ਹਾਂ, ਤੇਰਾ ਜਸ ਇਕ ਰੋਮ ਜਿੰਨਾ ਵੀ ਵਰਨਣ ਨਹੀਂ ਕਰ ਸਕਦੇ; ਤੇਰਾ ਇਕ ਰੋਮ ਵੀ ਨਹੀਂ ਵਰਨਣ ਕਰ ਸਕਦੇ (ਕਿਉਂਕਿ ਤੇਰੇ ਇਕ ਇਕ ਰੋਮ ਵਿਚ ਕ੍ਰੋੜਾਂ ਕ੍ਰੋੜਾਂ ਬ੍ਰਹਿਮੰਡ ਹਨ)।ਹੇ ਬੇਅੰਤ ਪ੍ਰਭੂ! ਬ੍ਰਹਮਾ, ਸ਼ਿਵ ਜੀ, ਸਿੱਧ, ਰਿਸ਼ੀ ਮੁਨੀ ਅਤੇ ਇੰਦ੍ਰ ਆਦਿਕਾਂ ਨੇ ਵੀ ਤੇਰੀ ਗਤੀ ਨਹੀਂ ਪਾਈ (ਤੇਰੀ ਅਵਸਥਾ ਨਹੀਂ ਜਾਣ ਸਕੇ)।੧।(ਹੇ ਪ੍ਰਭੂ! ਤੇਰੇ ਬਾਰੇ) ਕੀ ਆਖੀਏ? ਕੁਛ ਬਿਆਨ ਨਹੀਂ ਕੀਤਾ ਜਾ ਸਕਦਾ।ਜਿੱਥੇ ਜਿੱਥੇ ਮੈਂ ਦੇਖਦਾ ਹਾਂ, ਉਥੇ ਤੂੰ ਹੀ ਵਿਆਪਕ ਹੋ ਰਿਹਾ ਹੈਂ (ਸਭ ਜਗ੍ਹਾ ਮੌਜੂਦ ਹੈਂ)।੧।ਰਹਾਉ।ਜਿੱਥੇ ਪ੍ਰਲੋਕ ਵਿਚ ਜਮਾਂ ਦੇ ਬਹੁਤ ਭਿਆਨਕ ਦੁਖ ਮਿਲਦੇ ਸੁਣੀਦੇ ਹਨ, ਹੇ ਮੇਰੇ ਪ੍ਰਭੂ! ਉਥੇ (ਦੁੱਖਾਂ ਤੋਂ ਬਚਾਉਣ ਵਾਸਤੇ) ਤੂੰ ਹੀ ਸਹਾਈ ਹੁੰਦਾ ਹੈਂ।ਹੇ ਪ੍ਰਭੂ! ਹੇ ਹਰੀ! ਗੁਰੂ ਨੇ ਨਾਨਕ ਨੂੰ ਇਹ ਬੂਝ ਬੁਝਾਈ (ਗਿਆਨ ਬਖਸ਼ਿਆ) ਹੈ, (ਇਸੇ ਲਈ ਮੈਂ) ਤੇਰੀ ਸ਼ਰਨ ਪਿਆ ਹਾਂ ਅਤੇ ਤੇਰੇ ਚਰਨ ਫੜੇ ਹਨ।੨।੫।੯੧।

ਪਦਾਰਥ = ਹਮ-ਅਸੀਂ।ਜੀਅ ਜੰਤ-ਛੋਟੇ ਤੇ ਵੱਡੇ ਜੀਵ; ਸਾਰੇ ਜੀਵ।ਬੇਚਾਰੇ-ਗਰੀਬ; ਸਹਾਇਤਾ ਰਹਿਤ।ਬਰਨਿ ਨ ਸਾਕਹ-ਵਰਨਣ ਨਹੀਂ ਕਰ ਸਕਦੇ।ਏਕ ਰੋਮਾਈ-ਇਕ ਰੋਮ ਜਿਤਨਾ ਵੀ।ਬ੍ਰਹਮ-ਬ੍ਰਹਮਾ।ਮਹੇਸ-ਸ਼ਿਵ ਜੀ।ਸਿਧ-ਜੋਗ ਸਾਧਨਾ ਵਿਚ ਪੁੱਗੇ ਹੋਏ ਕਰਾਮਾਤੀ ਜੋਗੀ।ਮੁਨਿ-ਸਮਾਧੀਆਂ ਲਾਈ ਬੈਠੇ ਰਿਸ਼ੀ ਮੁਨੀ।ਇੰਦ੍ਰਾ-ਇੰਦਰ।ਬੇਅੰਤ ਠਾਕੁਰ-ਹੇ ਬੇਅੰਤ ਪ੍ਰਭੂ!।ਗਤਿ-ਅਵਸਥਾ।੧।ਕਿਆ ਕਥੀਐ-ਕੀ ਆਖੀਏ?।ਜਹ ਜਹ-ਜਿੱਥੇ ਜਿੱਥੇ।ਦੇਖਾ-ਦੇਖਦਾ ਹਾਂ।ਤਹ-ਉਥੇ।ਰਹਿਆ ਸਮਾਈ-ਵਿਆਪਕ ਹੋ ਰਿਹਾ ਹੈਂ।੧।ਰਹਾਉ।ਮਹਾ ਭਇਆਨ-ਬਹੁਤ ਭਿਆਨਕ।ਦੂਖ ਜਮ-ਜਮਾਂ ਦੇ ਦੁਖ।ਪ੍ਰਭ-ਹੇ ਪ੍ਰਭੂ!।ਸਹਾਈ-ਸਹਾਇਤਾ ਕਰਨ ਵਾਲਾ।ਸਰਨਿ ਪਰਿਓ-ਸ਼ਰਨ ਵਿਚ ਪਿਆ ਹਾਂ।ਗਹੇ-ਫੜੇ ਹਨ।ਗੁਰਿ-ਗੁਰੂ ਨੇ।ਨਾਨਕ ਕਉ-ਨਾਨਕ ਨੂੰ।ਬੂਝ ਬੁਝਾਈ-ਸਮਝ ਬਖਸ਼ੀ ਹੈ।੨।੫।੯੧।

ਬਿਲਾਵਲੁ ਮਹਲਾ ੫ ॥ ਅਗਮ ਰੂਪ ਅਬਿਨਾਸੀ ਕਰਤਾ, ਪਤਿਤ ਪਵਿਤ ਇਕ ਨਿਮਖ ਜਪਾਈਐ ॥ ਅਚਰਜੁ ਸੁਨਿਓ ਪਰਾਪਤਿ ਭੇਟੁਲੇ, ਸੰਤ ਚਰਨ ਚਰਨ ਮਨੁ ਲਾਈਐ ॥੧॥ ਕਿਤੁ ਬਿਧੀਐ ਕਿਤੁ ਸੰਜਮਿ ਪਾਈਐ ॥ ਕਹੁ ਸੁਰਜਨ, ਕਿਤੁ ਜੁਗਤੀ ਧਿਆਈਐ ॥੧॥ਰਹਉ॥ ਜੋ ਮਾਨੁਖੁ ਮਾਨੁਖ ਕੀ ਸੇਵਾ, ਓਹੁ ਤਿਸ ਕੀ ਲਈ ਲਈ ਫੁਨਿ ਜਾਈਐ ॥ ਨਾਨਕ ਸਰਨਿ ਸਰਣਿ ਸੁਖ ਸਾਗਰ, ਮੋਹਿ ਟੇਕ ਤੇਰੀ ਇਕ ਨਾਈਐ ॥੨॥੬॥੯੨॥ (ਰਹਾਉ ਵਾਲੀ ਪੰਗਤੀ ਵਿਚ ਤਿੰਨ ਪ੍ਰਸ਼ਨ ਕੀਤੇ ਹਨ।ਪਹਿਲੇ ਤੇ ਦੂਜੇ ਪਦਿਆਂ ਵਿਚ ਤਿੰਨਾਂ ਪ੍ਰਸ਼ਨਾਂ ਦਾ ਉਤਰ ਦਿਤਾ ਹੈ) ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ, ਨਾਸ਼ ਰਹਿਤ ਕਰਤਾਰ! ਹੇ ਪਾਪੀਆਂ ਨੂੰ ਪਵਿਤ੍ਰ ਕਰਨ ਵਾਲੇ ਪ੍ਰਭੂ! ਮੈਥੋਂ ਤੂੰ ਇਕ ਨਿਮਖ ਨਿਮਖ ਸਿਮਰਨ ਕਰਾ।ਜਿਹੜਾ ਪ੍ਰਭੂ ਅਸਚਰਜ ਸੁਣੀਂਦਾ ਹੈ, ਉਹ ਸੰਤ ਗੁਰੂ ਦੇ ਚਰਨਾਂ ਵਿਚ ਮਿਲਣ ਨਾਲ ਪ੍ਰਾਪਤ ਹੁੰਦਾ ਹੈ, (ਇਸ ਕਰਕੇ ਅਪਣਾ) ਮਨ ਸੰਤ ਗੁਰੂ ਦੇ ਚਰਨਾਂ ਵਿਚ ਲਾਉਣਾ ਚਾਹੀਦਾ ਹੈ।੧।(ਹੇ ਭਾਈ!) ਕਿਸ ਵਿਧੀ ਨਾਲ ਅਤੇ ਕਿਸ ਜਤਨ ਨਾਲ (ਉਸ ਪ੍ਰਭੂ ਨੂੰ) ਪਾਇਆ ਜਾ ਸਕਦਾ ਹੈ? ਹੇ ਸ੍ਰੇਸਟ ਪੁਰਖ (ਗੁਰੂ ਜੀ)! ਮੈਨੂੰ ਦੱਸੋ, ਕਿਸ ਤਰੀਕੇ ਨਾਲ ਪ੍ਰਭੂ ਨੂੰ ਸਿਮਰੀਦਾ ਹੈ?।੧।ਰਹਾਉ।ਜੋ ਮਨੁੱਖ ਦੂਜੇ ਮਨੁੱਖ ਦੀ ਸੇਵਾ ਕਰਦਾ ਹੈ, ਉਹ ਮਨੁੱਖ ਉਸ ਦੀ ਕੀਤੀ ਸੇਵਾ ਨੂੰ ਮੁੜ ਮੁੜ ਲਈ ਜਾਂਦਾ ਹੈ; ਉਹ ਮਨੁੱਖ ਵੀ ਸੇਵਾ ਕਰਨ ਵਾਲੇ ਮਨੁੱਖ ਲਈ ਕੰਮ ਕਰਦਾ ਹੈ, ਭਾਵ ਉਸ ਦਾ ਪੱਖ ਪੂਰਦਾ ਹੈ (ਉਸ ਦੀ ਕੀਤੀ ਸੇਵਾ ਨੂੰ ਕਦੇ ਭੁਲਦਾ ਨਹੀਂ, ਇਸ ਤਰ੍ਹਾਂ ਪ੍ਰਭੂ ਦੀ ਕੀਤੀ ਸੇਵਾ ਬਿਰਥੀ ਨਹੀਂ ਜਾਂਦੀ, ਸੇਵਾ ਕਰਨ ਵਾਲੇ ਮਨੁੱਖ ਦਾ ਪ੍ਰਭੂ ਪੱਖ ਪੂਰਦਾ ਹੈ)।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ ਹੇ ਸੁੱਖਾਂ ਦੇ ਸਮੁੰਦਰ ਪ੍ਰਭੂ! ਮੈਂ ਮਨ ਅਤੇ ਸਰੀਰ ਕਰਕੇ ਤੇਰੀ ਸਰਣ ਵਿਚ ਪਿਆ ਹਾਂ, ਮੈਨੂੰ ਇਕ ਤੇਰੇ ਨਾਮ ਦੀ ਹੀ ਟੇਕ ਹੈ।੨।੬।੯੨।

ਪਦਾਰਥ = ਅਗਮ ਰੂਪ-ਮਨ ਬਾਣੀ ਦੀ ਪਹੁੰਚ ਤੋਂ ਪਰੇ ਹਸਤੀ ਵਾਲਾ।ਅਬਿਨਾਸੀ-ਨਾਸ਼ ਰਹਿਤ।ਕਰਤਾ-ਕਰਤਾਰ।ਪਤਿਤ ਪਵਿਤ-ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ।ਨਿਮਖ-ਅੱਖ ਝਮਕਣ ਜਿੰਨਾ ਸਮਾਂ।ਜਪਾਈਐ-ਜਾਪ ਕਰਾ।ਭੇਟੁਲੇ-ਮਿਲਣ ਨਾਲ (ਭੇਟਿਆਂ)।ਚਰਨ-ਚਰਨਾਂ ਵਿਚ।ਲਾਈਐ-ਲਾਉਣਾ ਚਾਹੀਦਾ ਹੈ।੧।ਕਿਤੁ ਬਿਧੀਐ-ਕਿਸ ਵਿਧੀ ਨਾਲ।ਸੰਜਮਿ-ਜਤਨ ਨਾਲ।

ਕਹੁ–ਦੱਸੋ।ਸੁਰਜਨ–ਹੇ ਸ੍ਰੇਸ਼ਟ ਪੁਰਖ (ਗੁਰੂ ਜੀ)!।ਜੁਗਤੀ–ਤਰੀਕੇ ਨਾਲ।ਧਿਆਈਐ–ਸਿਮਰੀਦਾ ਹੈ।੧।ਰਹਾਉ।ਕੀ–ਦੀ। ਲਈ ਲਈ–ਤਰਫਦਾਰੀ ਕਰਦਾ ਹੈ; ਪੱਖ ਪੂਰਦਾ ਹੈ (ਮ.ਕੋ.)।ਜਾਈਐ–ਜਾਂਦਾ ਹੈ।ਫੁਨਿ–ਮੁੜ ਮੁੜ।ਸੁਖ ਸਾਗਰ–ਹੇ ਸੁੱਖਾਂ ਦਾ ਸਮੁੰਦਰ!।ਮੋਹਿ–ਮੈਨੂੰ।ਟੇਕ–ਓਟ (ਆਸਰਾ)।ਨਾਈਐ–ਨਾਮ ਦੀ।੨।੬।੯੨।

ਬਿਲਾਵਲੁ ਮਹਲਾ ੫ ॥ ਸੰਤ ਸਰਣਿ ਸੰਤ ਟਹਲ ਕਰੀ ॥ ਧੰਧੁ ਬੰਧੁ ਅਰੁ ਸਗਲ ਜੰਜਾਰੋ, ਅਵਰ ਕਾਜ ਤੇ ਛੂਟਿ ਪਰੀ ॥੧॥ਰਹਾਉ॥ ਸੂਖ ਸਹਜ ਅਰੁ ਘਨੋ ਅਨੰਦਾ, ਗੁਰ ਤੇ ਪਾਇਓ ਨਾਮੁ ਹਰੀ ॥ (ਹੇ ਭਾਈ! ਜਦੋਂ ਮੈਂ) ਸੰਤਾਂ ਦੀ ਸ਼ਰਣ ਵਿਚ ਪੈ ਕੇ ਸੰਤਾਂ ਦੀ ਸੇਵਾ ਕੀਤੀ।(ਜਿਸ ਦੀ ਬਰਕਤ ਨਾਲ ਮੇਰੇ ਮਨ ਵਿਚੋਂ ਦੁਨਿਆਵੀ) ਧੰਧਾ, ਬੰਧਨ ਅਤੇ ਸਾਰੇ ਜੰਜਾਲ ਮੁੱਕ ਗਏ, (ਹੁਣ ਮੇਰੀ ਬ੍ਰਿਤੀ) ਹੋਰ ਕੰਮਾਂ ਤੋਂ ਛੁਟ ਗਈ ਹੈ (ਦੁਖਦਾਈ ਵਿਹਾਰਾਂ ਨੂੰ ਛਡ ਦਿਤਾ ਹੈ)।੧।ਰਹਾਉ।(ਹੇ ਭਾਈ!) ਗੁਰੂ ਤੋਂ ਹਰੀ ਦਾ ਨਾਮ ਪ੍ਰਾਪਤ ਕੀਤਾ, (ਤਾਂ ਮੇਰੇ ਅੰਦਰ) ਕੁਦਰਤੀ ਅਸਲੀ ਸੁਖ ਅਤੇ ਬਹੁਤ ਆਤਮਕ ਅਨੰਦ ਪੈਦਾ ਹੋ ਗਏ ਹਨ।

ਅੰਗ ੮੨੩ = ਐਸੋ ਹਰਿ ਰਸੁ ਬਰਨਿ ਨ ਸਾਕਉ ,ਗੁਰਿ ਪੂਰੈ ਮੇਰੀ ਉਲਟਿ ਧਰੀ ॥੧॥ ਪੇਖਿਓ ਮੋਹਨੁ ਸਭ ਕੈ ਸੰਗੇ, ਊਨ ਨ ਕਾਹੂ ਸਗਲ ਭਰੀ ॥ ਪੂਰਨ ਪੂਰਿ ਰਹਿਓ ਕਿਰਪਾਨਿਧਿ, ਕਹੁ ਨਾਨਕ ਮੇਰੀ ਪੂਰੀ ਪਰੀ ॥੨॥੭॥੯੩॥ ਹਰੀ ਦੇ ਨਾਮ ਦਾ ਅਜੇਹਾ ਰਸ ਮੈਂ ਬਿਆਨ ਨਹੀਂ ਕਰ ਸਕਦਾ, ਪੂਰੇ ਗੁਰੂ ਨੇ ਮੇਰੀ ਬ੍ਰਿਤੀ (ਸੰਸਾਰ ਵੱਲੋਂ) ਉਲਟ ਧਰੀ (ਮੋੜ ਦਿਤੀ) ਹੈ।੧।(ਹੇ ਭਾਈ!) ਮਨ ਨੂੰ ਮੋਹ ਲੈਣ ਵਾਲੇ ਪ੍ਰਭੂ ਨੂੰ ਮੈਂ ਸਭ ਦੇ ਨਾਲ ਵਸਦਾ ਦੇਖਿਆ ਹੈ, (ਉਸ ਨੇ ਅਪਣੀ ਚੇਤਨ ਸੱਤਾ ਨਾਲ) ਸਾਰੀ ਸ੍ਰਿਸ਼ਟੀ ਭਰੀ ਹੋਈ ਹੈ, ਕੋਈ ਵੀ ਜਗ੍ਹਾ (ਉਸ ਤੋਂ) ਖਾਲੀ ਨਹੀਂ ਹੈ।ਕ੍ਰਿਪਾ ਦਾ ਖਜਾਨਾ ਪੂਰਨ ਪ੍ਰਭੂ ਵਿਆਪਕ ਦਿਸ ਰਿਹਾ ਹੈ, ਨਾਨਕ ਆਖ ਰਿਹਾ ਹੈ ਕਿ (ਗੁਰੂ ਦੀ ਕ੍ਰਿਪਾ ਨਾਲ) ਮੇਰੀ ਪੂਰੀ ਪੈ ਗਈ (ਜੀਵਨ ਸਫਲ ਹੋ ਗਿਆ) ਹੈ।੨।੭।੯੩।

ਪਦਾਰਥ = ਸੰਤ ਸਰਣਿ–ਸੰਤਾਂ ਦੀ ਸ਼ਰਣ ਵਿਚ।ਟਹਲ ਕਰੀ–ਸੇਵਾ ਕੀਤੀ।ਧੰਧੁ–ਧੰਧਾ।ਬੰਧੁ–ਬੰਧਨ।ਅਰੁ–ਅਤੇ।ਸਗਲ ਜੰਜਾਰੋ –ਸਾਰੇ ਜੰਜਾਲ।ਅਵਰ–ਹੋਰ।ਕਾਜ ਤੇ–ਕੰਮਾਂ ਤੋਂ।ਛੂਟਿ ਪਰੀ–(ਮੇਰੀ ਬ੍ਰਿਤੀ) ਛੁਟ ਪਈ।੧।ਰਹਾਉ।ਸੂਖ ਸਹਜ–ਕੁਦਰਤੀ ਸੁਖ। ਘਨੋ ਅਨੰਦਾ–ਬਹੁਤ ਅਨੰਦ।ਤੇ–ਤੋਂ; ਪਾਸੋਂ।ਰਸੁ–ਅਨੰਦ।ਬਰਨਿ ਨ ਸਾਕਉ–ਮੈਂ ਬਿਆਨ ਨਹੀਂ ਕਰ ਸਕਦਾ।ਗੁਰਿ ਪੂਰੈ–ਪੂਰੇ ਗੁਰੂ ਨੇ।ਉਲਟਿ ਧਰੀ–ਉਲਟਾ (ਮੋੜ) ਦਿਤੀ।੧।ਪੇਖਿਓ–ਦੇਖਿਆ ਹੈ।ਮੋਹਨ–ਮਨ ਨੂੰ ਮੋਹ ਲੈਣ ਵਾਲਾ ਪ੍ਰਭੂ।ਸਭ ਕੈ ਸੰਗੇ– ਸਭ ਦੇ ਨਾਲ।ਊਨ–ਖਾਲੀ।ਕਾਹੂ–ਕੋਈ ਵੀ ਜਗ੍ਹਾ।ਸਗਲ ਭਰੀ–ਸਾਰੀ ਸ੍ਰਿਸ਼ਟੀ ਭਰੀ ਹੋਈ ਹੈ।ਪੂਰਨ–ਪੂਰਨ ਪ੍ਰਭੂ।ਪੂਰਿ ਰਹਿਓ– ਵਿਆਪਕ ਹੋ ਰਿਹਾ ਹੈ।ਕ੍ਰਿਪਾਨਿਧਿ–ਕ੍ਰਿਪਾ ਦਾ ਖਜਾਨਾ।ਪੂਰੀ ਪਰੀ–ਪੂਰੀ ਪੈ (ਮਿਹਨਤ ਸਫਲ ਹੋ) ਗਈ।੨।੭।੯੩।

ਬਿਲਾਵਲੁ ਮਹਲਾ ੫ ॥ ਮਨ ਕਿਆ ਕਹਤਾ, ਹਉ ਕਿਆ ਕਹਤਾ ॥ ਜਾਨ ਪ੍ਰਬੀਨ ਠਾਕੁਰ ਪ੍ਰਭ ਮੇਰੇ, ਤਿਸੁ ਆਗੈ ਕਿਆ ਕਹਤਾ ॥੧॥ਰਹਾਉ॥ ਅਨ ਬੋਲੇ ਕਉ ਤੁਹੀ ਪਛਾਨਹਿ, ਜੋ ਜੀਅਨ ਮਹਿ ਹੋਤਾ ॥ ਰੇ ਮਨ ਕਾਇ ਕਹਾ ਲਉ ਡਹਕਹਿ, ਜਉ ਪੇਖਤ ਹੀ ਸੰਗਿ ਸੁਨਤਾ ॥੧॥ ਐਸੋ ਜਾਨਿ ਭਏ ਮਨਿ ਆਨਦ, ਆਨ ਨ ਬੀਓ ਕਰਤਾ ॥ ਕਹੁ ਨਾਨਕ ਗੁਰ ਭਏ ਦਇਆਰਾ, ਹਰਿ ਰੰਗੁ ਨ ਕਬਹੂ ਲਹਤਾ ॥੨॥੮॥੯੪॥ ਹੇ (ਮੇਰੇ) ਮਨ! ਤੂੰ ਕੀ ਕਹਿੰਦਾ ਫਿਰਦਾ ਹੈਂ ਤੇ ਮੈਂ ਕੀ ਕਹਿੰਦਾ ਹਾਂ?; ਮਨ ਕੀ ਕਹਿੰਦਾ ਹੈ (ਮਨ ਉਲਟੇ ਪਾਸੇ ਚੱਲਣ ਨੂੰ ਕਹਿੰਦਾ ਹੈ), ਅਤੇ ਮੈਂ ਕੀ ਕਹਿੰਦਾ ਹਾਂ (ਮੈਂ ਗੁਰਮਤਿ ਮਾਰਗ ਤੇ ਤੁਰਨ ਲਈ ਕਹਿੰਦਾ ਹਾਂ)।ਮੇਰੇ ਮਾਲਕ ਪ੍ਰਭੂ ਜੀ (ਸਭ ਕੁਛ) ਜਾਨਣ ਵਾਲੇ ਤੇ ਸਿਆਣੇ ਹਨ, (ਹੇ ਮਨ!) ਤੂੰ ਉਸ ਦੇ ਅੱਗੇ ਕੀ ਕਹਿੰਦਾ ਹੈਂ?।੧।ਰਹਾਉ।(ਹੇ ਪ੍ਰਭੂ!) ਜੋ ਜੀਵਾਂ ਦੇ ਦਿਲ ਵਿਚ (ਕੋਈ ਬਚਨ) ਹੁੰਦਾ ਹੈ, (ਉਹ ਬਚਨ) ਬਿਨਾ ਬੋਲੇ ਨੂੰ ਹੀ ਤੂੰ ਪਛਾਣ ਲੈਂਦਾ ਹੈਂ।ਹੇ (ਮੇਰੇ) ਮਨ! ਤੂੰ ਕਿਸ ਵਾਸਤੇ ਕਿਥੋਂ ਤਕ ਭਟਕਦਾ ਫਿਰੇਂਗਾ; ਕਿਉਂ ਤੇ ਕਦੋਂ ਤਕ ਛਲ ਕਰਦਾ ਰਹੇਂਗਾ? ਜਦੋਂ ਕਿ ਪ੍ਰਭੂ ਤੇਰੇ ਨਾਲ (ਵਸਦਾ ਹੋਇਆ ਤੇਰੇ ਕੰਮਾਂ ਨੂੰ) ਦੇਖਦਾ ਤੇ ਸੁਣਦਾ ਹੈ (ਉਸ ਤੋਂ ਤੂੰ ਕੁਛ ਛੁਪਾ ਨਹੀਂ ਸਕਦਾ)।੧।ਇਸ ਤਰ੍ਹਾਂ ਜਾਣ ਕੇ ਅਸੀਂ ਮਨ ਵਿਚ ਪ੍ਰਸੰਨ ਹੋ ਗਏ ਹਾਂ ਕਿ ਪ੍ਰਭੂ ਤੋਂ ਬਿਨਾ ਹੋਰ ਕੋਈ ਦੂਜਾ ਕੁਛ ਕਰਨ ਵਾਲਾ ਨਹੀਂ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਜੀ (ਮੇਰੇ ਉਤੇ) ਦਇਆਲ ਹੋਏ ਹਨ, (ਇਸ ਕਰਕੇ ਮੇਰੇ ਮਨ ਵਿਚੋਂ) ਹਰੀ ਦੇ ਪ੍ਰੇਮ ਦਾ ਰੰਗ ਕਦੇ ਉਤਰਦਾ ਨਹੀਂ।੨।੮।੯੪।

ਪਦਾਰਥ = ਮਨ–ਹੇ (ਮੇਰੇ) ਮਨ!।ਕਹਤਾ–ਕਹਿੰਦਾ ਹੈਂ।ਹਉ–ਮੈਂ।ਜਾਨ–(ਸਭ ਕੁਛ) ਜਾਨਣ ਵਾਲਾ।ਪ੍ਰਬੀਨ–ਸਿਆਣਾ; ਨਿਪੁੰਨ ।ਠਾਕੁਰ–ਮਾਲਕ।ਤਿਸੁ ਆਗੈ–ਉਸ ਦੇ ਅੱਗੇ।੧।ਰਹਾਉ।ਅਨ ਬੋਲੇ ਕਉ–ਬਿਨਾ ਬੋਲੇ ਬੋਲ ਨੂੰ।ਤੁਹੀ–ਤੂੰ ਹੀ।ਜੀਅਨ ਮਹਿ– ਜੀਵਾਂ ਦੇ ਦਿਲ ਵਿਚ।ਹੋਤਾ–ਹੁੰਦਾ ਹੈ।ਰੇ ਮਨ–ਹੇ ਮਨ!।ਕਾਇ–ਕਿਸ ਵਾਸਤੇ; ਕਿਉਂ।ਕਹਾ ਲਉ–ਕਿਥੇ ਤਕ; ਕਦ ਤਕ।ਜਉ– ਜਦੋਂ।ਡਹਕਹਿ–ਭਟਕਦਾ ਫਿਰਦਾ ਹੈਂ; ਠੱਗੀ ਕਰਦਾ ਹੈਂ।ਪੇਖਤ–ਦੇਖਦਾ ਹੈ।ਸੰਗਿ–ਨਾਲ।ਸੁਨਤਾ–ਸੁਣਦਾ ਹੈ।੧।ਐਸੋ ਜਾਨਿ–

ਇਸ ਤਰ੍ਹਾਂ ਜਾਣ ਕੇ। ਭਏ ਆਨਦ-ਪ੍ਰਸੰਨ ਹੋ ਗਏ ਹਾਂ। ਮਨਿ-ਮਨ ਵਿਚ। ਆਨ-ਕੋਈ ਹੋਰ। ਬੀਓ-ਦੂਜਾ। ਕਰਤਾ-ਕਰਨ ਵਾਲਾ। ਦਇਆਰਾ-ਮੇਹਰਵਾਨ। ਰੰਗੁ-ਪ੍ਰੇਮ ਦਾ ਰੰਗ। ਕਬਹੂ-ਕਦੇ ਵੀ। ਨ ਲਹਤਾ-ਲਹਿੰਦਾ ਨਹੀਂ।੨।੮।੯੪।

ਉਥਾਨਕਾ = ਗੁਰਿਆਈ ਗੱਦੀ ਨਾ ਮਿਲਣ ਦੇ ਕਾਰਣ ਪ੍ਰਿਥੀ ਚੰਦ ਗੁਰੂ ਅਰਜਨ ਦੇਵ ਜੀ ਦਾ ਵਿਰੋਧੀ ਬਣ ਗਿਆ। ਉਹ ਬਟਾਲੇ ਦੇ ਹਾਕਮ ਸੁਲਹੀ ਖਾਨ ਨੂੰ ਗੁਰੂ ਤੇ ਚੜ੍ਹਾ ਲਿਆਇਆ। ਪ੍ਰਿਥੀ ਚੰਦ ਸੁਲਹੀ ਖਾਨ ਨੂੰ ਪਹਿਲਾਂ ਅਪਣੇ ਸਹੁਰੇ ਪਿੰਡ ਹੇਰਾਂ ਲੈ ਗਿਆ, ਜਿੱਥੇ ਉਸ ਨੇ ਅਪਣਾ ਦਰਬਾਰ ਸਾਹਿਬ ਰਚਣ ਵਾਸਤੇ ਭੱਠਾ ਲਾਇਆ ਹੋਇਆ ਸੀ। ਪ੍ਰਿਥੀ ਚੰਦ ਸੁਲਹੀ ਨੂੰ ਅਪਣਾ ਭੱਠਾ ਦਿਖਾਉਣ ਵਾਸਤੇ ਭੱਠੇ ਤੇ ਲੈ ਗਿਆ, ਤਾਂ ਸੁਲਹੀ ਦਾ ਘੋੜਾ ਕਿਸੇ ਚੀਜ ਤੋਂ ਡਰ ਕੇ ਬਲਦੇ ਭੱਠੇ ਵਿਚ ਗਿਰ ਗਿਆ, ਸਮੇਤ ਘੋੜੇ ਦੇ ਸੁਲਹੀ ਜਲ ਕੇ ਮਰ ਗਿਆ। ਇਸ ਤੋਂ ਬਾਦ ਪ੍ਰਿਥੀਆ ਸੁਲਹੀ ਖਾਨ ਦੇ ਭਤੀਜੇ ਸੁਲੱਬੀ ਖਾਨ ਨੂੰ ਗੁਰੂ ਜੀ ਤੇ ਚੜ੍ਹਾ ਲਿਆਇਆ। ਰਸਤੇ ਵਿਚ ਪੈਸਿਆਂ ਦੇ ਲੈਣ ਦੇਣ ਕਰਕੇ ਸੁਲੱਬੀ ਦਾ ਝਗੜਾ ਸਈਅਦਾਂ ਨਾਲ ਹੋ ਗਿਆ। ਸਈਅਦਾਂ ਦੇ ਮੁਖੀ ਨੇ ਤਲਵਾਰ ਨਾਲ ਸੁਲੱਬੀ ਦਾ ਸਿਰ ਲਾਹ ਦਿਤਾ। ਜਦ ਇਹ ਖਬਰ ਅੰਮ੍ਰਿਤਸਰ ਪਹੁੰਚੀ ਤਾਂ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ ਹੈ।

ਬਿਲਾਵਲੁ ਮਹਲਾ ੫ ॥ ਨਿੰਦਕੁ ਐਸੇ ਹੀ ਝਰਿ ਪਰੀਐ ॥ ਇਹ ਨੀਸਾਨੀ ਸੁਨਹੁ ਤੁਮ ਭਾਈ, ਜਿਉ ਕਾਲਰ ਭੀਤਿ ਗਿਰੀਐ ॥੧॥ ਰਹਾਉ॥ ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ, ਭਲੋ ਦੇਖਿ ਦੁਖ ਭਰੀਐ ॥ ਆਠ ਪਹਰ ਚਿਤਵੈ ਨਹੀ ਪਹੁਚੈ, ਬੁਰਾ ਚਿਤਵਤ ਚਿਤਵਤ ਮਰੀਐ ॥੧॥ ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ, ਹਰਿ ਜਨ ਸਿਉ ਬਾਦੁ ਉਠਰੀਐ ॥ ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ, ਕਿਆ ਮਾਨਸ ਬਪੁਰੇ ਕਰੀਐ ॥੨॥੯॥੯੫॥ (ਹੇ ਭਾਈ!) ਨਿੰਦਕ ਇਸੇ ਤਰ੍ਹਾਂ ਝੜ ਪੈਂਦਾ ਹੈ (ਖਤਮ ਹੋ ਜਾਂਦਾ ਹੈ)। ਹੇ ਭਾਈ! ਜਿਵੇਂ ਕੱਲਰ ਦੀ ਕੰਧ (ਭੁਰ ਭੁਰ ਕੇ) ਡਿਗ ਪੈਂਦੀ ਹੈ, (ਨਿੰਦਕ ਦੇ ਡਿਗਣ ਦੀ) ਇਹ ਨਿਸ਼ਾਨੀ ਤੁਸੀਂ ਸੁਣ ਲਵੋ।੧।ਰਹਾਉ। ਜਦੋਂ ਨਿੰਦਕ (ਕਿਸੇ ਮਨੁੱਖ ਦਾ) ਨੁਕਸ ਦੇਖਦਾ ਹੈ, ਤਾਂ ਉਹ ਖੁਸ਼ ਹੁੰਦਾ ਹੈ, (ਪਰ ਕਿਸੇ ਦਾ) ਭਲਾ ਹੁੰਦਾ ਦੇਖ ਕੇ (ਉਸ ਦਾ ਮਨ) ਦੁਖਾਂ ਨਾਲ ਭਰ ਜਾਂਦਾ ਹੈ (ਕਿਸੇ ਦਾ ਚੰਗਾ ਗੁਣ ਦੇਖ ਕੇ ਈਰਖਾ ਕਰਦਾ ਹੈ। ਨਿੰਦਕ) ਅੱਠੇ ਪਹਿਰ (ਦੂਜਿਆਂ ਦਾ) ਬੁਰਾ ਸੋਚਦਾ ਰਹਿੰਦਾ ਹੈ, (ਪਰ ਉਹ ਬੁਰਾਈ ਕਰਨ ਤਕ) ਪਹੁੰਚ ਨਹੀਂ ਸਕਦਾ, (ਜਿਸ ਦਾ ਬੁਰਾ ਚਿਤਵਦਾ ਹੈ, ਉਸ ਦੇ ਬਰਾਬਰ ਨਹੀਂ ਪੁਜ ਸਕਦਾ, ਉਹ ਦੂਜਿਆਂ ਦਾ) ਬੁਰਾ ਸੋਚਦਿਆਂ ਸੋਚਦਿਆਂ ਹੀ ਮਰ ਜਾਂਦਾ ਹੈ।੧।(ਹੇ ਭਾਈ! ਭਲੇ ਪੁਰਖਾਂ ਦੀ ਨਿੰਦਿਆ ਕਰਨ ਦੇ ਕਾਰਣ) ਨਿੰਦਕ ਨੂੰ ਪ੍ਰਭੂ ਨੇ ਭੁਲਾਇਆ (ਕੁਰਾਹੇ ਪਾਇਆ) ਹੋਇਆ ਹੈ, (ਇਸੇ ਕਰਕੇ ਉਸ ਦੇ) ਨੇੜੇ ਕਾਲ ਆ ਗਿਆ ਹੈ, (ਕਿਉਂਕਿ ਉਹ) ਹਰੀ ਦੇ ਸੇਵਕਾਂ ਨਾਲ ਝਗੜਾ ਖੜਾ ਕਰੀ ਰਖਦਾ ਹੈ। ਨਾਨਕ ਦਾ ਰਾਖਾ ਮਾਲਕ ਪ੍ਰਭੂ ਆਪ ਹੈ, ਮਨੁੱਖ ਵਿਚਾਰੇ (ਕਿਸੇ ਦਾ) ਕੀ ਵਿਗਾੜ ਸਕਦੇ ਹਨ (ਕੁਛ ਨਹੀਂ ਵਿਗਾੜ ਸਕਦੇ)।੨।੯।੯੫।

ਪਦਾਰਥ = ਐਸੇ-ਇਸੇ ਤਰ੍ਹਾਂ; ਅਚਾਨਕ ਹੀ। ਝੜਿ ਪਰੀਐ-ਝੜ ਪੈਂਦਾ ਹੈ (ਮਰ ਜਾਂਦਾ ਹੈ)। ਤੁਮ-ਤੁਸੀਂ। ਭਾਈ-ਹੇ ਭਾਈ!। ਨੀਸਾਨੀ-ਲੱਛਣ। ਕਾਲਰ ਭੀਤਿ-ਕੱਲਰ ਦੀ ਕੰਧ। ਗਿਰੀਐ-ਡਿਗ ਪੈਂਦੀ ਹੈ।੧।ਰਹਾਉ। ਜਉ-ਜਦੋਂ। ਛਿਦ੍ਰੁ-ਨੁਕਸ। ਤਉ-ਤਾਂ; ਤਦ। ਉਮਾਹੈ-ਖੁਸ਼ ਹੁੰਦਾ ਹੈ। ਭਲੋ-ਭਲਾ। ਦੁਖ ਭਰੀਐ-ਦੁਖਾਂ ਨਾਲ ਭਰ ਜਾਂਦਾ ਹੈ। ਆਠ ਪਹਰ-ਅੱਠੇ ਪਹਰ (ਹਰ ਵੇਲੇ)। ਚਿਤਵੈ-ਸੋਚਦਾ ਹੈ। ਨਹੀ ਪਹੁਚੈ-(ਬੁਰਾਈ ਕਰ ਸਕਣ ਤਕ) ਪਹੁੰਚ ਨਹੀਂ ਸਕਦਾ। ਚਿਤਵਤ-ਸੋਚਦਿਆਂ। ਮਰੀਐ-ਮਰ ਜਾਂਦਾ ਹੈ।੧। ਭੁਲਾਇਆ-ਕੁਰਾਹੇ ਪਾਇਆਂ ਹੈ। ਕਾਲੁ-ਮੌਤ। ਨੇਰੈ-ਨੇੜੇ। ਹਰਿ ਜਨ-ਹਰੀ ਦੇ ਸੇਵਕ। ਸਿਉ-ਨਾਲ। ਬਾਦੁ ਉਠਰੀਐ-ਝਗੜਾ ਖੜਾ ਕਰੀ ਰਖਦਾ ਹੈ। ਸੁਆਮੀ-ਮਾਲਕ। ਮਾਨਸ ਬਪੁਰੇ-ਮਨੁੱਖ ਵਿਚਾਰੇ। ਕਰੀਐ-ਕਰ ਸਕਦੇ ਹਨ।੨।੯।੯੫।

ਬਿਲਾਵਲੁ ਮਹਲਾ ੫ ॥ ਐਸੇ ਕਾਹੇ ਭੂਲਿ ਪਰੇ ॥ ਕਰਹਿ ਕਰਾਵਹਿ ਮੂਕਰਿ ਪਾਵਹਿ, ਪੇਖਤ ਸੁਨਤ ਸਦਾ ਸੰਗਿ ਹਰੇ ॥੧॥ਰਹਾਉ॥ ਕਾਚ ਬਿਹਾਝਨ ਕੰਚਨ ਛਾਡਨ, ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ ॥ ਹੋਵਨੁ ਕਉਰਾ ਅਨਹੋਵਨੁ ਮੀਠਾ, ਬਿਖਿਆ ਮਹਿ ਲਪਟਾਇ ਜਰੇ ॥੧॥ ਅੰਧ ਕੂਪ ਮਹਿ ਪਰਿਓ ਪਰਾਨੀ, ਭਰਮ ਗੁਬਾਰ ਮੋਹ ਬੰਧਿ ਪਰੇ ॥ ਕਹੁ ਨਾਨਕ ਪ੍ਰਭ ਹੋਤ ਦਇਆਰਾ, ਗੁਰੁ ਭੇਟੈ ਕਾਢੈ ਬਾਹ ਫਰੇ ॥੨॥੧੦॥੯੬॥ (ਹੇ ਭਾਈ! ਤੁਸੀਂ) ਇਸ ਤਰ੍ਹਾਂ ਕਿਉਂ ਭੁੱਲ ਵਿਚ ਪਏ ਹੋ? (ਤੁਸੀਂ ਆਪ ਮੰਦੇ ਕਰਮ) ਕਰਦੇ ਹੋ (ਅਤੇ ਹੋਰਨਾਂ ਨੂੰ ਪ੍ਰੇਰ ਕੇ ਵੀ ਮੰਦੇ ਕਰਮ) ਕਰਾਉਂਦੇ ਹੋ, (ਫਿਰ) ਮੁਕਰ ਪੈਂਦੇ ਹੋ (ਕਿ ਅਸੀਂ ਤਾਂ ਕੋਈ ਮਾੜਾ ਕੰਮ ਕੀਤਾ ਹੀ ਨਹੀਂ, ਪਰ ਯਾਦ ਰੱਖੋ ਕਿ) ਹਰੀ ਸਦਾ ਨਾਲ ਵਸਦਾ ਹੋਇਆ (ਸਭ ਦੇ ਚੰਗੇ ਮਾੜੇ ਕਰਮ) ਦੇਖਦਾ ਹੈ ਤੇ (ਜੋ ਕੁਛ ਤੁਸੀਂ ਮੰਦਾ ਚੰਗਾ ਬੋਲਦੇ ਹੋ, ਉਹ ਵੀ ਹਰੀ) ਸੁਣਦਾ ਹੈ।੧।ਰਹਾਉ। (ਹੇ ਭਾਈ!) ਵਿਸ਼ੇ ਰੂਪ ਕੰਚ ਦਾ ਖ਼੍ਰੀਦਨਾ, ਨਾਮ ਰੂਪ ਸੋਨਾ ਛਡ ਦੇਣਾ ਅਤੇ ਚੰਗੇ ਸੱਜਣਾਂ ਨੂੰ ਛਡ ਕੇ ਬੈਰੀਆਂ ਨਾਲ ਪਿਆਰ ਕਰਨਾ (ਇਸ ਸਭ ਤੁਹਾਡੇ ਉਲਟੇ ਕੰਮ ਹਨ)। ਨਿਚਸੇ ਹੋਣ

ਵਾਲੀ ਮੌਤ ਕੌੜੀ ਲਗਦੀ ਹੈ ਤੇ ਨਾ ਹੋਣ ਵਾਲਾ ਜੀਵਨ ਮਿੱਠਾ ਲਗਦਾ ਹੈ (ਇਸ ਤਰ੍ਹਾਂ ਦਾ ਅਰਥ ਗੁ.ਗ੍ਰੰ. ਕੋਸ; ਸੰ.ਸ. ਤੇ ਫ.ਸ. ਮ.ਕੋ. ਬਾ.ਪ੍ਰ. ਦਾ ਹੈ); ਸਦੀਵੀ ਹੋਂਦ ਵਾਲਾ ਪ੍ਰਭੂ ਕੌੜਾ ਲਗਦਾ ਹੈ ਤੇ ਅਣਹੋਂਦ (ਸਦਾ ਨਾ ਰਹਿਣ) ਵਾਲਾ ਸੰਸਾਰ ਮਿੱਠਾ ਲਗਦਾ ਹੈ (ਦਰਪਣ; ਨਿਰਣੈ, ਇਸ ਤਰ੍ਹਾਂ ਤੁਸੀਂ) ਮਾਇਆ ਵਿਚ ਲਿਪਟ ਕੇ (ਮਾਂ ਦੇ ਗਰਭ ਵਿਚ) ਸੜਦੇ ਰਹਿੰਦੇ ਹੋ।੧।(ਹੇ ਭਾਈ!) ਜੀਵ ਸੰਸਾਰ ਰੂਪ ਅੰਨ੍ਹੇ ਖੂਹ ਵਿਚ ਡਿਗੇ ਪਏ ਹਨ, ਭਰਮ ਦੇ ਹਨ੍ਹੇਰੇ ਕਰਕੇ ਮੋਹ ਦੇ ਬੰਧਨ ਵਿਚ ਪਏ ਹੋਏ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਉਤੇ ਪ੍ਰਭੂ ਦਇਆਵਾਨ ਹੁੰਦਾ ਹੈ, ਉਸ ਨੂੰ ਗੁਰੂ ਮਿਲ ਪੈਂਦਾ ਹੈ, (ਗੁਰੂ ਉਸ ਦੀ ਬੁੱਧੀ ਰੂਪ) ਬਾਂਹ ਫੜ ਕੇ (ਉਸ ਨੂੰ ਹਨ੍ਹੇਰੇ ਖੂਹ ਵਿਚੋਂ ਬਾਹਰ) ਕਢ ਲੈਂਦਾ ਹੈ (ਅਤੇ ਮੁਕਤ ਰੂਪ ਕੰਢੇ ਤੇ ਪਹੁੰਚਾ ਦੇਂਦਾ ਹੈ)।੨।੧੦।੯੬।

ਪਦਾਰਥ = ਐਸੇ-ਇਸ ਤਰ੍ਹਾਂ।ਕਾਹੇ-ਕਿਉਂ।ਭੂਲਿ ਪਰੇ-ਭੁੱਲ ਵਿਚ ਪਏ ਹੋ; ਗੁਮਰਾਹ ਹੋਏ ਪਏ ਹੋ।ਕਰਹਿ ਕਰਾਵਹਿ-ਕਰਮ ਕਰਦੇ ਹੋ ਤੇ ਹੋਰਨਾਂ ਤੋਂ ਕਰਮ ਕਰਉਂਦੇ ਹੋ।ਮੂਕਰਿ ਪਾਵਹਿ-ਮੁਕਰ ਪੈਂਦੇ ਹੋ; ਇਨਕਾਰ ਕਰ ਦੇਂਦੇ ਹੋ।ਪੇਖਤ-ਦੇਖਦਾ ਹੈ।ਸੁਨਤ-ਸੁਣਦਾ ਹੈ।ਸੰਗਿ-ਅੰਗ ਸੰਗ; ਨਾਲ।ਹਰੇ-ਹਰੀ।੧।ਰਹਾਉ।ਕਾਚ-ਕੰਚ।ਬਿਹਾਝਨ-ਖ੍ਰੀਦਣਾ।ਕੰਚਨ-ਸੋਨਾ।ਛਾਡਨ-ਛਡ ਦੇਣਾ।ਹੇਤੁ-ਪਿਆਰ।ਸਾਜਨ ਖਰੇ-ਚੰਗੇ ਸੱਜਨ ਪੁਰਖ।ਹੋਵਨੁ-ਹੋਣ ਵਾਲੀ (ਮੌਤ); ਹੋਂਦ ਵਾਲਾ ਪ੍ਰਭੂ।ਕਉਰਾ-ਕੌੜਾ।ਅਨਹੋਵਨੁ-ਨਾ ਹੋਣ ਵਾਲਾ; ਅਣਹੋਂਦ; ਨਾਸਵੰਤ; ਅਸੰਭਵ।ਬਿਖਿਆ ਮਹਿ-ਮਾਇਆ ਵਿਚ।ਲਪਟਾਇ-ਲਿਪਟ (ਫਸ) ਕੇ।ਜਰੇ-ਸੜਦਾ ਹੈ।੧। ਅੰਧ ਕੂਪ ਮਹਿ-(ਸੰਸਾਰ; ਮੋਹ ਜਾਂ ਗ੍ਰਿਹਸਤ ਦੇ) ਅੰਨ੍ਹੇ ਖੂਹ ਵਿਚ।ਪਰਿਓ-ਪਏ ਹਨ।ਪਰਾਨੀ-ਪ੍ਰਾਣਧਾਰੀ ਜੀਵ।ਭਰਮ ਗੁਬਾਰ-ਭਰਮ ਦਾ ਹਨ੍ਹੇਰਾ।ਮੋਹ ਬੰਧਿ-ਮੋਹ ਦੇ ਬੰਧਨ ਵਿਚ।ਪਰੇ-ਪਏ ਹੋਏ ਹਨ।ਹੋਤ-ਹੁੰਦਾ ਹੈ।ਦਇਆਰਾ-ਦਇਆਵਾਨ।ਭੇਟੈ-ਮਿਲ ਪੈਂਦਾ ਹੈ।ਬਾਹ ਫਰੇ-ਬਾਂਹ ਤੋਂ ਫੜ ਕੇ।੨।੧੦।੯੬।

ਬਿਲਾਵਲ ਮਹਲਾ ੫ ॥ ਮਨ ਤਨ ਰਸਨਾ ਹਰਿ ਚੀਨ੍ਹਾ ॥ ਭਏ ਅਨੰਦਾ ਮਿਟੇ ਅੰਦੇਸੇ, ਸਰਬ ਸੂਖ ਮੋਕਉ ਗੁਰਿ ਦੀਨ੍ਹਾ ॥੧॥ਰਹਾਉ॥ ਇਆਨਪ ਤੇ ਸਭ ਭਈ ਸਿਆਨਪ, ਪ੍ਰਭੁ ਮੇਰਾ ਦਾਨਾ ਬੀਨਾ ॥ ਹਾਥ ਦੇਇ ਰਾਖੈ ਅਪਨੇ ਕਉ ,ਕਾਹੂ ਨ ਕਰ ਤੇ ਕਛੁ ਖੀਨਾ ॥੧॥ ਬਲਿ ਜਾਵਉ ਦਰਸਨ ਸਾਧੂ ਕੈ, ਜਿਹ ਪ੍ਰਸਾਦਿ ਹਰਿ ਨਾਮੁ ਲੀਨਾ ॥ ਕਹੁ ਨਾਨਕ ਠਾਕੁਰ ਭਾਰੋਸੈ, ਕਹੂ ਨ ਮਾਨਿਓ ਮਨਿ ਛੀਨਾ ॥੨॥੧੧॥੯੭॥ (ਹੇ ਭਾਈ!) ਮੈਂ ਮਨ, ਤਨ ਤੇ ਰਸਨਾ ਦੁਆਰਾ ਹਰੀ ਨੂੰ ਹੀ ਜਾਣਿਆ ਹੈ।(ਗੁਰੂ ਦੀ ਕ੍ਰਿਪਾ ਨਾਲ ਮੇਰੇ) ਸਾਰੇ ਫਿਕਰ ਮਿਟ ਗਏ ਹਨ, ਗੁਰੂ ਨੇ ਮੈਨੂੰ ਸਾਰੇ ਸੁਖ ਬਖਸ਼ ਦਿਤੇ ਹਨ ਅਤੇ ਮੈਨੂੰ ਅਨੰਦ ਪ੍ਰਾਪਤ ਹੋ ਗਿਆ ਹੈ।੧।ਰਹਾਉ।ਬੇਸਮਝੀ ਤੋਂ (ਹੁਣ ਮੇਰੇ ਅੰਦਰ) ਸਾਰੀ ਸਿਆਣਪ ਪੈਦਾ ਹੋ ਗਈ ਹੈ, (ਮੈਨੂੰ ਗਿਆਨ ਹੋ ਗਿਆ ਹੈ ਕਿ) ਮੇਰਾ ਪ੍ਰਭੂ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਅਤੇ (ਸਭ ਦੇ ਕੰਮਾਂ ਨੂੰ) ਦੇਖਣ ਵਾਲਾ ਹੈ।ਅਪਣੇ ਸੇਵਕ ਨੂੰ ਪ੍ਰਭੂ ਹੱਥ ਦੇ ਕੇ ਰਖਦਾ (ਬਚਾਉਂਦਾ) ਹੈ, (ਪ੍ਰਭੂ ਅਪਣੇ ਸੇਵਕ ਦਾ) ਕਿਸੇ ਦੁਸ਼ਟ ਮਨੁੱਖ ਦੇ ਹਥੋਂ ਕੁਛ ਨੁਕਸਾਨ ਨਹੀਂ ਹੋਣ ਦਿੰਦਾ।੧।(ਹੇ ਭਾਈ!) ਮੈਂ ਸਾਧ ਗੁਰੂ ਦੇ ਦਰਸਨਾਂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਦੀ ਕ੍ਰਿਪਾ ਨਾਲ ਮੈਂ ਹਰੀ ਦਾ ਨਾਮ ਲਿਆ (ਜਪਿਆ) ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮੇਰਾ ਭਰੋਸਾ ਕੇਵਲ ਮਾਲਕ ਪ੍ਰਭੂ ਤੇ ਹੀ ਹੈ, ਕਿਸੇ ਹੋਰ ਨੂੰ ਮਨ ਵਿਚ ਛਿਨ ਮਾਤ੍ਰ ਵੀ ਨਹੀਂ ਮੰਨਿਆ।੨।੧੧।੯੭।

ਪਦਾਰਥ = ਤਨ-ਸਰੀਰ।ਰਸਨਾ-ਜੀਭ।ਚੀਨ੍ਹਾ-ਜਾਣ ਲਿਆ।ਭਏ-ਹੋ ਗਿਆ।ਅੰਦੇਸੇ-ਫਿਕਰ।ਸਰਬ-ਸਾਰੇ।ਮੋਕਉ-ਮੈਨੂੰ। ਗੁਰਿ-ਗੁਰੂ ਨੇ।ਦੀਨ੍ਹਾ-ਦਿਤੇ ਹਨ।੧।ਰਹਾਉ।ਇਆਨਪ-ਬੇਸਮਝੀ; ਮੂਰਖਤਾ; ਬਚਪਨਾ।ਤੇ-ਤੋਂ।ਭਈ-ਪੈਦਾ ਹੋ ਗਈ।ਦਾਨਾ-ਜਾਨਣ ਵਾਲਾ।ਬੀਨਾ-ਦੇਖਣ ਵਾਲਾ।ਦੇਇ-ਦੇ ਕੇ।ਅਪਨੇ ਕਉ-ਅਪਣੇ (ਸੇਵਕ) ਨੂੰ।ਕਾਹੂ-ਕਿਸੇ ਦੇ; ਕਿਤੇ ਵੀ।ਕਰ ਤੇ-ਹੱਥ ਤੋਂ; (ਕਰ ਤੇ) ਪਾਠ ਪਦ ਛੇਦ ਹੈ।ਖੀਨਾ-ਨੁਕਸਾਨ; ਬਿਗਾੜ।੧।ਬਲਿ ਜਾਵਉ-ਮੈਂ ਕੁਰਬਾਨ ਜਾਂਦਾ ਹਾਂ।ਸਾਧੂ ਕੈ-ਸਾਧ ਗੁਰੂ ਦੇ।ਜਿਹ ਪ੍ਰਸਾਦਿ-ਜਿਸ ਦੀ ਕ੍ਰਿਪਾ ਨਾਲ।ਲੀਨਾ-ਲਿਆ (ਜਪਿਆ) ਹੈ।ਕਹੂ-ਕਿਸੇ ਨੂੰ।ਨ ਮਾਨਿਓ-ਨਹੀਂ ਮੰਨਿਆ (ਪੂਜਿਆ)। ਮਨਿ-ਮਨ ਵਿਚ।ਛੀਨਾ-ਛਿਨ ਮਾਤ੍ਰ।੨।੧੧।੯੭।

ਬਿਲਾਵਲੁ ਮਹਲਾ ੫ ॥ ਗੁਰਿ ਪੂਰੈ ਮੇਰੀ ਰਾਖਿ ਲਈ ॥ ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ, ਜਨਮ ਜਨਮ ਕੀ ਮੈਲੁ ਗਈ ॥੧॥ਰਹਾਉ ॥ ਨਿਵਰੇ ਦੂਤ ਦੁਸਟ ਬੈਰਾਈ, ਗੁਰ ਪੂਰੇ ਕਾ ਜਪਿਆ ਜਾਪੁ ॥ (ਹੇ ਭਾਈ!) ਪੂਰੇ ਗੁਰੂ ਨੇ ਮੇਰੀ ਇੱਜਤ ਰਖ ਲਈ ਹੈ।(ਗੁਰੂ ਨੇ ਮੇਰੇ) ਹਿਰਦੇ ਵਿਚ ਅੰਮ੍ਰਿਤ ਨਾਮ ਵਸਾ ਦਿਤਾ ਹੈ, (ਜਿਸ ਦੀ ਬਰਕਤ ਨਾਲ ਮੇਰੇ ਅੰਦਰੋਂ) ਜਨਮਾਂ ਜਨਮਾਂ ਦੇ ਪਾਪਾਂ ਦੀ ਮੈਲ ਲਹਿ ਗਈ ਹੈ।੧।ਰਹਾਉ।(ਹੇ ਭਾਈ! ਮੈਂ) ਪੂਰੇ ਗੁਰੂ ਦਾ ਬਖਸ਼ਿਆ ਨਾਮ ਰੂਪ ਜਾਪ ਜਪਿਆ ਹੈ, (ਜਿਸ ਦੀ ਬਰਕਤ ਨਾਲ ਸੁਲਹੀ ਖਾਨ ਵਰਗੇ) ਵੈਰੀ ਅਤੇ ਦੁਸ਼ਟ ਕਾਮਾਦਿਕ ਵੈਰੀ ਦੂਰ ਹੋ ਗਏ ਹਨ।

ਅੰਗ ੮੨੪ = ਕਹਾ ਕਰੈ ਕੋਈ ਬੇਚਾਰਾ, ਪ੍ਰਭ ਮੇਰੇ ਕਾ ਬਡ ਪਰਤਾਪੁ ॥੧॥ ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ, ਚਰਨ ਕਮਲ ਰਖੁ ਮਨ ਮਾਹੀ ॥ ਤਾ ਕੀ ਸਰਨਿ ਪਰਿਓ ਨਾਨਕ ਦਾਸ, ਜਾ ਤੇ ਊਪਰਿ ਕੋ ਨਾਹੀ ॥੨॥੧੨॥੯੮॥ (ਹੇ ਭਾਈ! ਹੁਣ) ਕੋਈ ਬਿਚਾਰਾ ਸਾਡਾ ਕੀ ਨੁਕਸਾਨ ਕਰ ਸਕਦਾ ਹੈ? (ਕਿਉਂਕਿ ਰੱਖਿਆ ਕਰਨ ਵਾਲੇ) ਮੇਰੇ ਪ੍ਰਭੂ ਦਾ ਵੱਡਾ ਤੇਜ ਪ੍ਰਤਾਪ ਹੈ।੧। (ਹੇ ਭਾਈ! ਮੈਂ) ਪ੍ਰਭੂ ਨੂੰ ਲਗਾਤਾਰ ਸਿਮਰ ਸਿਮਰ ਕੇ ਸੁਖ ਪਾਇਆ ਹੈ ਅਤੇ ਪ੍ਰਭੂ ਦੇ ਚਰਨ ਕਮਲ ਮਨ ਵਿਚ ਰੱਖ (ਟਿਕਾ) ਲਏ ਹਨ।ਦਾਸ ਨਾਨਕ ਉਸ (ਪ੍ਰਭੂ) ਦੀ ਸ਼ਰਣ ਪਿਆ ਹੈ, ਜਿਸ ਦੇ ਉਪਰ ਹੋਰ ਕੋਈ ਵੱਡਾ ਨਹੀਂ ਹੈ।੨।੧੨।੯੮।

ਪਦਾਰਥ = ਗੁਰਿ ਪੂਰੈ–ਪੂਰੇ ਗੁਰੂ ਨੇ।ਰਾਖਿ ਲਈ–(ਇੱਜਤ) ਰਖ ਲਈ।ਰਿਦੇ ਮਹਿ–ਹਿਰਦੇ ਵਿਚ।ਦੀਨੋ–(ਵਸਾ) ਦਿਤਾ।੧। ਰਹਾਉ।ਨਿਵਰੇ–ਦੂਰ ਹੋ ਗਏ।ਦੂਤ ਦੁਸਟ–ਕਾਮਾਦਿਕ ਦੁਸ਼ਟ ਵੈਰੀ।ਬੈਰਾਈ–ਵੈਰੀ।ਕਹਾ ਕਰੈ–ਕੀ (ਨੁਕਸਾਨ) ਕਰ ਸਕਦਾ ਹੈ? ਬਡ ਪਰਤਾਪੁ–ਵੱਡੀ ਤਾਕਤ।੧।ਸਿਮਰਿ–ਸਿਮਰ ਕੇ।ਰਖੁ–ਟਿਕਾ ਲਏ ਹਨ।ਮਨ ਮਾਹੀ–ਮਨ ਵਿਚ।ਤਾ ਕੀ–ਉਸ ਦੀ।ਪਰਿਓ–ਪਿਆ ਹੈ।ਜਾ ਤੇ–ਜਿਸ ਤੋਂ।ਊਪਰਿ ਕੋ ਨਾਹੀ–ਉਤੇ ਕੋਈ ਵੱਡਾ ਨਹੀਂ।੨।੧੨।੯੮।

ਸਾਰੰਸ਼ = ਗੁਰੂ ਨਾਮ ਦੀ ਦਾਤ ਦੇ ਕੇ ਸਾਰੇ ਦੁਸ਼ਮਨਾਂ ਤੋਂ ਬਚਾ ਲੈਂਦਾ ਹੈ ਅਤੇ ਹਰੀ ਨਾਲ ਮਿਲਾ ਕੇ ਆਤਮਕ ਸੁਖ ਬਖਸ਼ਦਾ ਹੈ।

ਬਿਲਾਵਲੁ ਮਹਲਾ ੫ ॥ ਸਦਾ ਸਦਾ ਜਪੀਐ ਪ੍ਰਭ ਨਾਮ ॥ ਜਰਾ ਮਰਾ ਕਛੁ ਦੂਖੁ ਨ ਬਿਆਪੈ, ਆਗੈ ਦਰਗਹ ਪੂਰਨ ਕਾਮ ॥੧॥ ਰਹਾਉ॥ ਆਪੁ ਤਿਆਗਿ ਪਰੀਐ ਨਿਤ ਸਰਨੀ, ਗੁਰ ਤੇ ਪਾਈਐ ਏਹੁ ਨਿਧਾਨੁ ॥ ਜਨਮ ਮਰਣ ਕੀ ਕਟੀਐ ਫਾਸੀ, ਸਾਚੀ ਦਰਗਹ ਕਾ ਨੀਸਾਨੁ ॥੧॥ ਜੋ ਤੁਮ੍ ਕਰਹੁ ਸੋਈ ਭਲ ਮਾਨਉ ,ਮਨ ਤੇ ਛੂਟੈ ਸਗਲ ਗੁਮਾਨੁ ॥ ਕਹੁ ਨਾਨਕ ਤਾ ਕੀ ਸਰਣਾਈ, ਜਾ ਕਾ ਕੀਆ ਸਗਲ ਜਹਾਨੁ ॥੨॥੧੩॥੯੯॥ (ਹੇ ਭਾਈ!) ਪ੍ਰਭੂ ਦਾ ਨਾਮ ਸਦਾ ਸਦਾ ਜਪਦੇ ਰਹਿਣਾ ਚਾਹੀਦਾ ਹੈ।(ਨਾਮ ਜਪਣ ਨਾਲ) ਬੁਢੇਪੇ ਤੇ ਮੌਤ ਦਾ ਕੁਛ (ਰੰਚਕ ਮਾਤ੍ਰ ਵੀ) ਦੁਖ ਨਹੀਂ ਲਗ ਸਕਦਾ ਅਤੇ ਅੱਗੇ ਪ੍ਰਭੂ ਦੀ ਦਰਗਾਹ ਵਿਚ ਵੀ ਕੰਮ ਪੂਰੇ ਹੋਣਗੇ।੧।ਰਹਾਉ।(ਹੇ ਭਾਈ!) ਆਪਾ ਭਾਵ ਛਡ ਕੇ ਸਦਾ (ਗੁਰੂ ਦੀ) ਸਰਨੀ ਪੈਣਾ ਚਾਹੀਦਾ ਹੈ, ਗੁਰੂ ਤੋਂ ਇਹ ਨਾਮ ਦਾ ਖਜਾਨਾ ਪਾਈਦਾ ਹੈ।(ਨਾਮ ਜਪਣ ਨਾਲ) ਜਨਮ ਮਰਨ ਦੀ ਫਾਹੀ ਕੱਟੀ ਜਾਂਦੀ ਹੈ ਅਤੇ (ਪ੍ਰਭੂ ਦਾ ਨਾਮ ਹੀ) ਪ੍ਰਭੂ ਦੀ ਸੱਚੀ ਦਰਗਾਹ ਵਿਚ ਪਹੁੰਚਣ ਦਾ ਪ੍ਰਵਾਨਾ ਹੈ।੧।(ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰ) ਜੋ ਤੂੰ ਕਰਦਾ ਹੈਂ, ਉਹ ਮੈਂ ਭਲਾ ਮੰਨਾਂ ਅਤੇ (ਮੇਰੇ) ਮਨ ਤੋਂ ਸਾਰਾ ਗੁਮਾਨ ਛੁਟ (ਮੁੱਕ) ਜਾਵੇ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਉਸ ਪ੍ਰਭੂ ਦੀ ਸ਼ਰਣ ਲਈ ਹੈ, ਜਿਸ ਦਾ ਸਾਰਾ ਜਹਾਨ ਪੈਦਾ ਕੀਤਾ ਹੋਇਆ ਹੈ।੨।੧੩।੯੯।

ਪਦਾਰਥ = ਜਪੀਐ–ਜਪਣਾ ਚਾਹੀਦਾ ਹੈ।ਜਰਾ–ਬੁਢੇਪਾ।ਮਰਾ–ਮੌਤ।ਨ ਬਿਆਪੈ–ਨਹੀਂ ਲਗ ਸਕਦਾ।ਆਗੈ ਦਰਗਹ–ਅੱਗੇ ਰੱਬ ਦੀ ਦਰਗਾਹ ਵਿਚ।ਪੂਰਨ ਕਾਮ–ਕੰਮ ਪੂਰੇ ਹੋਣਗੇ।੧।ਰਹਾਉ।ਆਪੁ–ਆਪਾ ਭਾਵ (ਹੰਕਾਰ)।ਤਿਆਗਿ–ਛਡ ਕੇ।ਪਰੀਐ–ਪੈਣਾ ਚਾਹੀਦਾ ਹੈ।ਨਿਤ–ਸਦਾ।ਸਰਨੀ–ਸਰਨ ਵਿਚ।ਗੁਰ ਤੇ–ਗੁਰੂ ਤੋਂ।ਨਿਧਾਨੁ–ਖਜਾਨਾ।ਕਟੀਐ ਫਾਸੀ–ਫਾਹੀ ਕੱਟੀ ਜਾਂਦੀ ਹੈ। ਨੀਸਾਨੁ–ਪ੍ਰਵਾਨਾ (ਰਾਹਦਾਰੀ)।੧।ਕਰਹੁ–ਕਰਦਾ ਹੈਂ।ਸੋਈ–ਉਹ।ਭਲ ਮਾਨਉ–ਚੰਗਾ ਮੰਨਾਂ।ਸਗਲ–ਸਾਰਾ।ਗੁਮਾਨੁ–ਹੰਕਾਰ। ਤਾ ਕੀ–ਉਸ ਦੀ।ਜਾ ਕਾ–ਜਿਸ ਦਾ।ਕੀਆ–ਪੈਦਾ ਕੀਤਾ ਹੋਇਆ ਹੈ।ਸਗਲ ਜਹਾਨੁ–ਸਾਰਾ ਸੰਸਾਰ।੨।੧੩।੯੯।

ਬਿਲਾਵਲੁ ਮਹਲਾ ੫ ॥ ਮਨ ਤਨ ਅੰਤਰਿ ਪ੍ਰਭੁ ਆਹੀ ॥ ਹਰਿ ਗੁਨ ਗਾਵਤ ਪਰਉਪਕਾਰ ਨਿਤ, ਤਿਸੁ ਰਸਨਾ ਕਾ ਮੋਲੁ ਕਿਛੁ ਨਾਹੀ ॥੧॥ਰਹਾਉ॥ ਕੁਲ ਸਮੂਹ ਉਧਰੇ ਖਿਨ ਭੀਤਰਿ, ਜਨਮ ਜਨਮ ਕੀ ਮਲੁ ਲਾਹੀ ॥ ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ, ਅਨਦ ਸੇਤੀ ਬਿਖਿਆ ਬਨੁ ਗਾਹੀ ॥੧॥ ਚਰਨ ਪ੍ਰਭੂ ਕੇ ਬੋਹਿਥੁ ਪਾਏ, ਭਵ ਸਾਗਰੁ ਪਾਰਿ ਪਰਾਹੀ ॥ ਸੰਤ ਸੇਵਕ ਭਗਤ ਹਰਿ ਤਾ ਕੇ, ਨਾਨਕ ਮਨੁ ਲਾਗਾ ਹੈ ਤਾਹੀ ॥੨॥੧੪॥੧੦੦॥ (ਹੇ ਭਾਈ! ਜਿਸ ਗੁਰਮੁਖ ਜਨ ਦੇ) ਮਨ ਤੇ ਤਨ ਦੇ ਅੰਦਰ ਪ੍ਰਭੂ ਵਸਦਾ ਹੈ; (ਗੁਰਮੁਖ ਅਪਣੇ) ਮਨ ਤੇ ਤਨ ਅੰਦਰ ਪ੍ਰਭੂ ਨੂੰ ਹੀ ਚਾਹੁੰਦੇ ਹਨ।(ਉਹ) ਨਿਤ ਦੂਜਿਆਂ ਦਾ ਭਲਾ ਕਰਦੇ ਹਨ, (ਉਨ੍ਹਾਂ ਦੀ) ਉਸ ਰਸਨਾ ਦਾ ਕੁਛ ਮੁੱਲ ਨਹੀ, (ਜਿਸ ਦੁਆਰਾ ਉਹ) ਹਰੀ ਦੇ ਗੁਣ ਗਾਉਂਦੇ ਹਨ।੧।ਰਹਾਉ।(ਉਨ੍ਹਾਂ ਗੁਰਮੁਖਾਂ ਦੀਆਂ) ਸਾਰੀਆਂ ਕੁਲਾਂ ਇਕ ਖਿਨ ਵਿਚ ਭਵਜਲ ਵਿਚੋਂ ਤਰ ਗਈਆਂ ਹਨ ਅਤੇ (ਉਨ੍ਹਾਂ ਨੇ ਅਪਣੇ) ਜਨਮਾਂ ਜਨਮਾਂ ਦੇ ਪਾਪਾਂ ਦੀ ਮੈਲ ਲਾਹ ਲਈ ਹੈ।(ਉਹ) ਅਪਣੇ ਮਾਲਕ ਪ੍ਰਭੂ ਨੂੰ ਸਿਮਰ ਸਿਮਰ ਕੇ ਵਿਸ਼ਿਆਂ ਦੇ ਸੰਸਾਰ ਰੂਪ ਜੰਗਲ ਨੂੰ ਅਨੰਦ ਨਾਲ ਪਾਰ ਲੰਘ ਜਾਂਦੇ ਹਨ (ਸੰਸਾਰ ਯਾਤਰਾ ਸਫਲ ਕਰ ਜਾਂਦੇ ਹਨ)।੧।(ਹੇ ਭਾਈ! ਗੁਰਮੁਖ ਜਨ) ਪ੍ਰਭੂ ਦੇ ਚਰਨ ਰੂਪ ਜਹਾਜ ਪ੍ਰਾਪਤ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਏ ਹਨ।ਨਾਨਕ ਦਾ ਮਨ ਉਸ ਹਰੀ ਵਿਚ ਲੱਗਾ (ਜੁੜਿਆ) ਹੋਇਆ ਹੈ, ਜਿਸ ਹਰੀ ਦੇ ਸੇਵਕ

ਸੰਤ ਭਗਤ ਹਨ; ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜੇ ਮਨੁੱਖ) ਉਸ ਹਰੀ ਦੇ ਸੰਤ ਭਗਤ ਤੇ ਸੇਵਕ ਹਨ, ਉਨ੍ਹਾਂ ਦਾ ਮਨ ਉਸ ਹਰੀ ਵਿਚ ਲੱਗਾ (ਜੁੜਿਆ) ਰਹਿੰਦਾ ਹੈ।੨।੧੪।੧੦੦।

ਪਦਾਰਥ = ਤਨ ਅੰਤਰਿ–ਸਰੀਰ ਦੇ ਅੰਦਰ।ਆਹੀ–ਹੈ; ਚਾਹੁੰਦੇ ਹਨ।ਗਾਵਤ–ਗਾਉਂਦੇ ਹਨ।ਪਰਉਪਕਾਰ–ਦੂਜਿਆਂ ਦਾ ਭਲਾ। ਨਿਤ–ਹਰ ਰੋਜ; ਸਦਾ।ਰਸਨਾ–ਜੀਭ।ਮੋਲੁ–ਮੁੱਲ।੧।ਰਹਾਉ।ਕੁਲ–ਖਾਨਦਾਨ; ਪੀੜ੍ਹੀਆਂ।ਸਮੂਹ–ਸਾਰੇ।ਉਧਰੇ–ਤਰ ਗਏ ਹਨ ।ਖਿਨ ਭੀਤਰਿ–ਇਕ ਖਿਨ ਵਿਚ।ਮਲੁ ਲਾਹੀ–ਮੈਲ ਲਾਹ ਲਈ ਹੈ।ਸਿਮਰਿ–ਸਿਮਰ ਕੇ।ਅਨਦ ਸੇਤੀ–ਅਨੰਦ ਨਾਲ।ਬਿਖਿਆ ਬਨੁ–ਵਿਸ਼ਿਆਂ ਦਾ ਸੰਸਾਰ ਰੂਪ ਜੰਗਲ।ਗਾਹੀ–ਲੰਘ ਜਾਂਦੇ ਹਨ।੧।ਬੋਹਿਥੁ–ਜਹਾਜ।ਭਵ ਸਾਗਰੁ–ਸੰਸਾਰ ਸਮੁੰਦਰ।ਪਾਰਿ ਪਰਾਹੀ –ਪਾਰ ਪੈ (ਲੰਘ) ਗਏ ਹਨ।ਤਾ ਕੇ–ਉਸ (ਹਰੀ) ਦੇ।ਤਾਹੀ–ਉਸ (ਹਰੀ) ਵਿਚ।੨।੧੪।੧੦੦।

ਬਿਲਾਵਲੁ ਮਹਲਾ ੫ ॥ ਧੀਰਉ ਦੇਖਿ ਤੁਮ੍ਾਰੇ ਰੰਗਾ ॥ ਤੁਹੀ ਸੁਆਮੀ ਅੰਤਰਜਾਮੀ, ਤੂਹੀ ਵਸਹਿ ਸਾਧ ਕੈ ਸੰਗਾ ॥੧॥ਰਹਾਉ॥ ਖਿਨ ਮਹਿ ਥਾਪਿ ਨਿਵਾਜੇ ਠਾਕੁਰ, ਨੀਚ ਕੀਟ ਤੇ ਕਰਹਿ ਰਾਜੰਗਾ ॥੧॥ ਕਬਹੂ ਨ ਬਿਸਰੈ ਹੀਏ ਮੋਰੇ ਤੇ, ਨਾਨਕ ਦਾਸ ਇਹੀ ਦਾਨੁ ਮੰਗਾ ॥੨॥੧੫॥੧੦੧॥ (ਹੇ ਪ੍ਰਭੂ!) ਤੇਰੇ ਕੌਤਕ ਦੇਖ ਕੇ ਮੇਰੇ ਮਨ ਨੂੰ ਧੀਰਜ ਪ੍ਰਾਪਤ ਹੁੰਦਾ ਹੈ।ਤੂੰ ਹੀ (ਸਭ ਜੀਵਾਂ ਦੇ) ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਮਾਲਕ ਹੈਂ ਅਤੇ ਤੂੰ ਹੀ ਸਾਧੂਆਂ ਦੇ ਨਾਲ ਵਸਦਾ ਹੈਂ।੧।ਰਹਾਉ।ਹੇ ਮਾਲਕ ਪ੍ਰਭੂ! ਤੂੰ ਇਕ ਖਿਨ ਵਿਚ ਨੀਵਿਆਂ ਨੂੰ ਉਚੇ ਅਸਥਾਪਨ ਕਰਕੇ ਵਡਿਆਈ ਦੇਂਦਾ ਹੈਂ ਅਤੇ ਨੀਚ ਕੀੜੇ (ਕੰਗਾਲ) ਤੋਂ ਰਾਜਾ ਕਰ ਦੇਂਦਾ ਹੈਂ ।੧।(ਹੇ ਪ੍ਰਭੂ! ਤੇਰੇ ਪਾਸੋਂ) ਦਾਸ ਨਾਨਕ ਇਹੀ ਦਾਨ ਮੰਗਦਾ ਹੈ ਕਿ ਮੇਰੇ ਹਿਰਦੇ ਤੋਂ ਤੂੰ ਕਦੇ ਵੀ ਨਾ ਭੁੱਲ ਸਕੇਂ।੨।੧੫।੧੦੧।

ਪਦਾਰਥ = ਧੀਰਉ–ਧੀਰਜ ਪ੍ਰਾਪਤ ਹੁੰਦਾ ਹੈ; ਧੀਰਜ ਵਾਲਾ ਹੋ ਜਾਂਦਾ ਹਾਂ।ਰੰਗਾ–ਕੌਤਕ; ਚੋਜ।ਸੁਆਮੀ–ਮਾਲਕ।ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।ਵਸਹਿ–ਵਸਦਾ ਹੈਂ।ਸਾਧ ਕੈ ਸੰਗਾ–ਸਾਧੂਆਂ ਦੇ ਨਾਲ।੧।ਰਹਾਉ।ਖਿਨ ਮਹਿ–ਇਕ ਖਿਨ ਵਿਚ।ਥਾਪਿ–ਅਸਥਾਪਨ ਕਰਕੇ।ਨਿਵਾਜੇ–ਵਡਿਆਈ ਦੇਂਦਾ ਹੈਂ।ਠਾਕੁਰ–ਹੇ ਮਾਲਕ ਪ੍ਰਭੂ!।ਨੀਚ ਕੀਟ ਤੇ–ਨੀਚ ਕੀੜੇ ਤੋਂ (ਕੰਗਾਲ ਮਨੁੱਖ ਨੂੰ)।ਕਰਹਿ ਰਾਜੰਗਾ–ਰਾਜਾ ਬਣਾ ਦੇਂਦਾ ਹੈਂ।ਕਬਹੂ–ਕਦੇ ਵੀ।ਨ ਬਿਸਰੈ–ਨਾ ਭੁੱਲ ਸਕੇਂ।ਹੀਏ ਮੋਰੇ ਤੇ–ਮੇਰੇ ਹਿਰਦੇ ਤੋਂ।ਮੰਗਾ–ਮੰਗਾਂ (ਮੰਗਦਾ ਹਾਂ)।੨।੧੫।੧੦੧।

ਬਿਲਾਵਲੁ ਮਹਲਾ ੫ ॥ ਅਚੁਤ ਪੂਜਾ ਜੋਗ ਗੋਪਾਲ ॥ ਮਨੁ ਤਨੁ ਅਰਪਿ ਰਖਉ ਹਰਿ ਆਗੈ, ਸਰਬ ਜੀਆ ਕਾ ਹੈ ਪ੍ਰਤਿਪਾਲ ॥੧ ॥ਰਹਾਉ॥ ਸਰਨਿ ਸਮ੍ਰਥ ਅਕਥ ਸੁਖ ਦਾਤਾ, ਕਿਰਪਾ ਸਿੰਧੁ ਬਡੋ ਦਇਆਲ ॥ ਕੰਠਿ ਲਾਇ ਰਾਖੈ ਅਪਨੇ ਕਉ ,ਤਿਸ ਨੋ ਲਗੈ ਨ ਤਾਤੀ ਬਾਲ ॥੧॥ ਦਾਮੋਦਰ ਦਇਆਲ ਸੁਆਮੀ, ਸਰਬਸੁ ਸੰਤ ਜਨਾ ਧਨ ਮਾਲ ॥ ਨਾਨਕ ਜਾਚਿਕ ਦਰਸੁ ਪ੍ਰਭ ਮਾਗੈ, ਸੰਤ ਜਨਾ ਕੀ ਮਿਲੈ ਰਵਾਲ ॥੨॥੧੬॥੧੦੨॥ (ਹੇ ਭਾਈ!) ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਅਚੱਲ ਪ੍ਰਭੂ ਪੂਜਣ ਯੋਗ ਹੈ।ਮੈਂ ਅਪਣਾ ਮਨ ਤੇ ਤਨ ਹਰੀ ਅੱਗੇ ਭੇਟਾ ਰੱਖ ਦੇਵਾਂ, ਜੋ ਸਾਰੇ ਜੀਵਾਂ ਦੀ ਪਾਲਣਾ ਕਰਨ ਵਾਲਾ ਹੈ।੧।ਰਹਾਉ।(ਹੇ ਭਾਈ! ਪ੍ਰਭੂ) ਸ਼ਰਨ ਵਿਚ ਆਏ ਜੀਵਾਂ ਦੀ ਰੱਖਿਆ ਕਰਨ ਦੇ ਸਮਰੱਥ ਹੈ, ਉਸ ਦਾ ਸਰੂਪ ਕਥਨ ਨਹੀਂ ਕੀਤਾ ਜਾ ਸਕਦਾ, ਉਹ ਸਾਰੇ ਸੁਖਾਂ ਦਾ ਦਾਤਾ ਹੈ, ਕ੍ਰਿਪਾ ਦਾ ਸਮੁੰਦਰ ਹੈ ਅਤੇ ਬਹੁਤ ਬੜਾ ਦਇਆਵਾਨ ਹੈ।ਪ੍ਰਭੂ ਅਪਣੇ ਸੇਵਕ ਨੂੰ ਗਲੇ ਨਾਲ ਲਾ ਕੇ ਰਖਦਾ ਹੈ, (ਫਿਰ) ਉਸ ਸੇਵਕ ਨੂੰ ਤੱਤੀ ਵਾ (ਦੁਖ ਤਕਲੀਫ) ਨਹੀਂ ਲਗ ਸਕਦੀ।੧।(ਹੇ ਭਾਈ!) ਦਇਆਵਾਨ ਪ੍ਰਭੂ ਸਭ ਦਾ ਮਾਲਕ ਹੈ ਅਤੇ ਸੰਤ ਜਨਾਂ ਵਾਸਤੇ ਸਾਰਾ ਕੁਛ ਧਨ ਮਾਲ ਆਪ ਹੀ ਹੈ।ਨਾਨਕ ਮੰਗਤਾ ਪ੍ਰਭੂ ਦਾ ਦਰਸ਼ਨ ਮੰਗਦਾ ਹੈ ਅਤੇ (ਇਹ ਦਾਤ ਵੀ ਮੰਗਦਾ ਹੈ ਕਿ ਮੈਨੂੰ) ਸੰਤ ਜਨਾਂ ਦੀ ਚਰਨ ਧੂੜ ਮਿਲ ਜਾਵੇ।੨।੧੬।੧੦੨।

ਪਦਾਰਥ = ਅਚੁਤ–ਅਚੱਲ (ਨਾਸ਼ ਰਹਿਤ)।ਪੂਜਾ ਜੋਗ–ਪੂਜਣ ਯੋਗ।ਗੋਪਾਲ–ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪ੍ਰਭੂ।ਤਨੁ–ਸਰੀਰ।ਅਰਪਿ ਰਖਉ–ਭੇਟਾ ਰੱਖ ਦੇਵਾਂ।ਸਰਬ ਜੀਆ ਕਾ–ਸਾਰੇ ਜੀਵਾਂ ਦਾ।ਪ੍ਰਤਿਪਾਲ–ਪਾਲਣਾ ਕਰਨ ਵਾਲਾ ਹਰੀ।੧।ਰਹਾਉ। ਸਰਨਿ ਸਮ੍ਰਥ–ਸ਼ਰਨ ਵਿਚ ਆਏ ਜੀਵਾਂ ਦੀ ਰੱਖਿਆ ਕਰਨ ਦੇ ਯੋਗ ਹੈ।ਅਕਥ (ਅਕੱਥ ਪੜ੍ਹੋ)–ਜਿਸ ਨੂੰ ਕਥਨ ਨਹੀਂ ਕੀਤਾ ਜਾ ਸਕਦਾ।ਸਿੰਧੁ–ਸਮੁੰਦਰ।ਬਡੋ–ਵੱਡਾ।ਕੰਠਿ–ਗਲ ਨਾਲ।ਕਉ–ਨੂੰ।ਤਿਸ ਨੋ–ਉਸ ਨੂੰ।ਤਾਤੀ ਬਾਲ–ਤੱਤੀ ਹਵਾ।੧।ਦਾਮੋਦਰ–ਜਿਸ ਪ੍ਰਭੂ ਦੇ ਪੇਟ ਵਿਚ ਸਾਰਾ ਵਿਸ਼ਵ ਹੈ।ਸੁਆਮੀ–ਮਾਲਕ।ਸਰਬਸੁ–ਸਾਰਾ ਕੁਛ; ਸਰਬੰਸ।ਧਨ ਮਾਲ–ਦੌਲਤ ਤੇ ਜਾਇਦਾਤ ਆਦਿ।ਜਾਚਿਕ–ਮੰਗਤਾ।ਰਵਾਲ–ਚਰਨ ਧੂੜ।੨।੧੬।੧੦੨।

ਬਿਲਾਵਲੁ ਮਹਲਾ ੫ ॥ ਸਿਮਰਤ ਨਾਮੁ ਕੋਟਿ ਜਤਨ ਭਏ ॥ ਸਾਧ ਸੰਗਿ ਮਿਲਿ ਹਰਿ ਗੁਨ ਗਾਏ, ਜਮ ਦੂਤਨ ਕਉ ਤ੍ਰਾਸ ਅਹੇ ॥

੧॥ਰਹਾਉ॥ ਜੇਤੇ ਪੁਨਹਚਰਨ ਸੇ ਕੀਨ੍ਹੇ ,ਮਨਿ ਤਨਿ ਪ੍ਰਭ ਕੇ ਚਰਣ ਗਹੇ ॥ ਆਵਣ ਜਾਣੁ ਭਰਮੁ ਭਉ ਨਾਠਾ, ਜਨਮ ਜਨਮ ਕੇ ਕਿਲਵਿਖ ਦਹੇ ॥੧॥ ਨਿਰਭਉ ਹੋਇ ਭਜਹੁ ਜਗਦੀਸੈ, ਏਹੁ ਪਦਾਰਥੁ ਵਡ ਭਾਗਿ ਲਹੇ ॥ (ਹੇ ਭਾਈ!) ਪ੍ਰਭੂ ਦਾ ਨਾਮ ਸਿਮਰਦਿਆਂ ਕ੍ਰੋੜਾ ਜਤਨ ਸਫਲ ਹੋ ਜਾਂਦੇ ਹਨ (ਨਾਮ ਦੇ ਹੁੰਦਿਆਂ ਹੋਰ ਕਿਸੇ ਸਾਧਨ ਦੀ ਲੋੜ ਨਹੀਂ, ਕ੍ਰੋੜਾਂ ਸਾਧਨ ਨਾਮ ਜਪਣ ਵਿਚ ਹੀ ਆ ਜਾਂਦੇ ਹਨ। ਅਸੀਂ) ਸਾਧ ਸੰਗਤ ਵਿਚ ਮਿਲ ਕੇ ਹਰੀ ਦੇ ਗੁਣ ਗਾਏ ਹਨ, ਜਮ ਦੂਤਾਂ ਨੂੰ (ਹੁਣ ਸਾਡੇ ਪਾਸੋਂ) ਡਰ ਪੈਦਾ ਹੋ ਗਿਆ ਹੈ।੧।ਰਹਾਉ।(ਹੇ ਭਾਈ!) ਮਨ ਤੇ ਤਨ ਵਿਚ ਜੋ ਪ੍ਰਭੂ ਦੇ ਚਰਨ ਫੜੇ ਹਨ, ਜਿਤਨੇ ਵੀ ਪ੍ਰਾਸਚਿਤ ਕਰਮ ਹਨ, ਉਹ ਸਾਰੇ ਕਰ ਲਏ ਹਨ (ਪ੍ਰਭੂ ਦੇ ਚਰਨ ਮਨ ਤਨ ਵਿਚ ਵਸਾ ਲੈਣੇ ਹੀ ਸਭ ਤੋਂ ਵੱਡੇ ਪ੍ਰਾਸਚਿਤ ਕਰਮ ਹਨ। ਹੁਣ) ਆਉਣਾ ਜਾਣਾ (ਜੰਮਣਾ ਮਰਨਾ) ਭਰਮ ਤੇ ਡਰ ਸਾਥੋਂ ਦੂਰ ਨੱਠ ਗਿਆ ਹੈ ਅਤੇ ਜਨਮਾਂ ਜਨਮਾਂ ਦੇ ਪਾਪ ਵੀ ਸੜ ਗਏ ਹਨ।੧।(ਹੇ ਭਾਈ! ਤੁਸੀਂ ਵੀ) ਨਿਰਭਉ ਹੋ ਕੇ ਜਗਤ ਦੇ ਮਾਲਕ ਪ੍ਰਭੂ ਦਾ ਭਜਨ ਕਰੋ, ਇਹ ਨਾਮ ਪਦਾਰਥ ਵੱਡੇ ਭਾਗਾਂ ਨਾਲ ਹੀ ਲੱਭਦਾ ਹੈ।

ਅੰਗ ੮੨੫ = ਕਰਿ ਕਿਰਪਾ ਪੂਰਨ ਪ੍ਰਭ ਦਾਤੇ, ਨਿਰਮਲ ਜਸੁ ਨਾਨਕ ਦਾਸ ਕਹੇ ॥੨॥੧੭॥੧੦੩॥ ਹੇ ਪੂਰਨ ਦਾਤਾਰ ਪ੍ਰਭੂ! (ਮੇਰੇ ਉਤੇ) ਕ੍ਰਿਪਾ ਕਰ, (ਤਾਂ ਕਿ ਤੇਰਾ) ਦਾਸ ਨਾਨਕ ਤੇਰਾ ਪਵਿਤ੍ਰ ਜਸ ਉਚਾਰਦਾ ਰਹੇ।੨।੧੭।੧੦੩।

ਪਦਾਰਥ = ਸਿਮਰਤ–ਸਿਮਰਦਿਆਂ।ਕੋਟਿ ਜਤਨ–ਕ੍ਰੋੜਾਂ ਜਤਨ (ਧਰਮ ਕਰਮ ਦੇ ਸਾਧਨ)।ਭਏ–ਹੋ ਜਾਂਦੇ ਹਨ।ਮਿਲਿ–ਮਿਲ ਕੇ।ਜਮ ਦੂਤਨ ਕਉ–ਜਮ ਦੂਤਾਂ ਨੂੰ।ਤ੍ਰਾਸ–ਡਰ।ਅਹੇ–(ਹੋ ਗਿਆ) ਹੈ।੧।ਰਹਾਉ।ਜੇਤੇ–ਜਿਤਨੇ ਵੀ।ਪੁਨਹ ਚਰਨ–ਪਾਪਾ ਦੀ ਨਵਿਰਤੀ ਵਾਸਤੇ ਕੀਤੇ ਪ੍ਰਾਸਚਿਤ ਕਰਮ।ਸੇ–ਉਹ।ਕੀਨ੍ਹੇ–ਕਰ ਲਏ।ਮਨਿ–ਮਨ ਵਿਚ।ਤਨਿ–ਸਰੀਰ ਵਿਚ।ਗਹੇ–ਫੜੇ ਹਨ। ਆਵਣ ਜਾਣੁ–ਆਉਣਾ ਜਾਣਾ (ਜੰਮਣਾ ਮਰਨਾ)।ਭਉ–ਡਰ।ਨਾਠਾ–ਨੱਠ ਗਿਆ।ਕਿਲਵਿਖ–ਪਾਪ।ਦਹੇ–ਸੜ ਗਏ।੧।ਨਿਰਭਉ ਹੋਇ–ਡਰ ਰਹਿਤ ਹੋ ਕੇ।ਭਜਹੁ–ਭਜਨ ਕਰੋ।ਜਗਦੀਸੈ–ਜਗਤ ਦੇ ਮਾਲਕ ਪ੍ਰਭੂ ਦਾ।ਵਡ ਭਾਗਿ–ਵੱਡੇ ਭਾਗਾਂ ਨਾਲ।ਲਹੇ–ਲੱਭਦਾ (ਮਿਲਦਾ) ਹੈ।ਪੂਰਨ ਪ੍ਰਭ–ਹੇ ਸਰਬ ਵਿਆਪਕ ਪ੍ਰਭੂ!।ਨਿਰਮਲ–ਪਵਿਤ੍ਰ।ਕਹੇ–ਉਚਾਰਦਾ ਰਹੇ।੨।੧੭।੧੦੩।

ਉਥਾਨਕਾ = ਇਸ ਸ਼ਬਦ ਦਾ ਇਕ ਇਤਿਹਾਸਕ ਘਟਨਾ ਨਾਲ ਸਬੰਧ ਹੈ।ਸੁਲਹੀ ਖਾਨ ਪਠਾਣ ਪ੍ਰਿਥੀ ਚੰਦ ਦਾ ਮਿਤ੍ਰ ਸੀ, ਦਿੱਲੀ ਤੋਂ ਬਾਦਸ਼ਾਹ ਜਹਾਂਗੀਰ ਦਾ ਹੁਕਮ ਲੈ ਕੇ ਸੁਲਹੀ ਖਾਨ ਪ੍ਰਿਥੀ ਚੰਦ ਦੀ ਮੱਦਤ ਕਰਨ ਲਈ ਗੁਰੂ ਅਰਜਨ ਦੇਵ ਜੀ ਤੇ ਹਮਲਾ ਕਰਨ ਲਈ ਆਇਆ।ਜਦੋਂ ਸੁਲਹੀ ਖਾਨ ਪ੍ਰਿਥੀ ਚੰਦ ਦੇ ਵਸਾਏ ਪਿੰਡ ਕੋਠਾ ਗੁਰੂ ਵਿਖੇ ਪੁੱਜਾ ਤਾਂ ਪਿਥੀਏ ਨੇ ਇਸ ਦਾ ਸਵਾਗਤ ਕੀਤਾ।ਪ੍ਰਿਥੀਆ ਸੁਲਹੀ ਖਾਨ ਨੂੰ ਅਪਣੇ ਵੱਲੋਂ ਚਲਾਇਆ ਜਾ ਰਿਹਾ ਇੱਟਾਂ ਦਾ ਭੱਠਾ ਦਿਖਾਉਣ ਲੈ ਗਿਆ।ਭਾਣਾ ਐਸਾ ਵਰਤਿਆ ਕਿ ਕਿਸੇ ਚੀਜ ਤੋਂ ਡਰ ਕੇ ਘੋੜਾ ਉਛਲਿਆ ਅਤੇ ਸੁਲਹੀ ਖਾਨ ਦੇ ਸਮੇਤ ਜਲ ਰਹੇ ਭੱਠੇ ਵਿਚ ਜਾ ਡਿੱਗਿਆ ਅਤੇ ਅੱਗ ਵਿਚ ਸੜ ਕੇ ਮਰ ਗਿਆ।ਮੁਸਲਮਾਨ ਲੋਕ ਅੱਗ ਵਿਚ ਸੜ ਕੇ ਮਰ ਜਾਣ ਨੂੰ ਨਾਪਾਕ (ਅਪਵਿਤ੍ਰ) ਮੰਨਦੇ ਹਨ।ਪ੍ਰਮਾਤਮਾ ਨੇ ਗੁਰੂ ਜੀ ਦੀ ਰੱਖਿਆ ਕੀਤੀ, ਪ੍ਰਮਾਤਮਾ ਦਾ ਸ਼ੁਕਰਾਨਾ ਕਰਦੇ ਹੋਏ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ ਹੈ।

ਬਿਲਾਵਲੁ ਮਹਲਾ ੫ ॥ ਸੁਲਹੀ ਤੇ ਨਾਰਾਇਣ ਰਾਖੁ ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ, ਸੁਲਹੀ ਹੋਇ ਮੂਆ ਨਾਪਾਕੁ ॥੧॥ਰਹਾਉ ॥ ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ, ਖਿਨ ਮਹਿ ਹੋਇ ਗਇਆ ਹੈ ਖਾਕੁ ॥ ਮੰਦਾ ਚਿਤਵਤ ਚਿਤਵਤ ਪਚਿਆ, ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥ ਪੁਤ੍ਰ ਮੀਤ ਧਨੁ ਕਿਛੂ ਨ ਰਹਿਓਸੁ, ਛੋਡਿ ਗਇਆ ਸਭ ਭਾਈ ਸਾਕੁ ॥ ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ,ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥੧੮॥੧੦੪॥ ਹੇ ਪ੍ਰਭੂ! (ਤੇਰੇ ਚਰਨਾਂ ਵਿਚ ਮੇਰੀ ਅਰਦਾਸ ਹੈ ਕਿ ਸਾਡੀ ਅੰਮ੍ਰਿਤਸਰ ਵਾਸੀਆਂ ਦੀ) ਸੁਲਹੀ ਖਾਨ ਤੋਂ ਰੱਖਿਆ ਕਰ।ਅਤੇ ਸੁਲਹੀ ਦੇ ਜੁਲਮ ਦਾ ਹੱਥ (ਅੰਮ੍ਰਿਤਸਰ ਵਿਚ) ਕਿਤੇ ਵੀ ਨਾ ਪਹੁੰਚ ਸਕੇ, (ਹੇ ਭਾਈ! ਪ੍ਰਮਾਤਮਾ ਨੇ ਮੇਹਰ ਕੀਤੀ ਹੈ) ਸੁਲਹੀ ਖਾਨ ਨਾਪਾਕ ਹੋ ਕੇ ਮਰ ਗਿਆ ਹੈ (ਦਰਪਣ ਦਾ ਅਰਥ ਇਸੇ ਤਰ੍ਹਾਂ ਦਾ ਹੈ)।੧।ਰਹਾਉ।(ਹੇ ਭਾਈ!) ਮਾਲਕ ਪ੍ਰਭੂ ਨੇ ਮੌਤ ਰੂਪ ਕੁਹਾੜਾ ਕੱਢ ਕੇ ਸੁਲਹੀ ਖਾਨ ਦਾ ਸਿਰ ਵੱਢ ਦਿਤਾ (ਮਾਰ ਦਿਤਾ, ਉਹ) ਇਕ ਖਿਨ ਵਿਚ ਹੀ ਮਿੱਟੀ (ਸੜ ਕੇ ਸੁਆਹ) ਹੋ ਗਿਆ।(ਉਹ ਸਾਡਾ ਤੇ ਸੰਗਤਾਂ ਦਾ) ਬੁਰਾ ਸੋਚਦਾ ਸੋਚਦਾ ਹੋਇਆ ਸੜ ਗਿਆ, ਜਿਸ ਪ੍ਰਭੂ ਨੇ (ਉਸ ਨੂੰ) ਪੈਦਾ ਕੀਤਾ ਸੀ, ਉਸੇ ਨੇ ਹੀ (ਸੁਲਹੀ ਨੂੰ ਨਰਕ ਰੂਪ ਭੱਠੇ ਵਿਚ) ਧੱਕਾ ਦੇ ਦਿਤਾ।੧।(ਹੇ ਭਾਈ!) ਪੁਤ੍ਰ ਮਿਤ੍ਰ ਤੇ ਧਨ ਆਦਿ ਕੁਛ ਵੀ (ਸੁਲਹੀ ਦੇ ਪਾਸ) ਨਾ ਰਿਹਾ ਸੁ, ਸਾਰੇ ਭਾਈ ਤੇ ਸਾਕ ਸਬੰਧੀ ਛਡ ਕੇ (ਉਹ ਦੁਨੀਆਂ ਵਿਚੋਂ) ਚਲਾ ਗਿਆ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਉਸ ਪ੍ਰਭੂ ਦੇ ਬਲਿਹਾਰ ਜਾਂਦਾ ਹਾਂ, ਜਿਸ ਨੇ ਅਪਣੇ ਸੇਵਕ ਦਾ ਵਾਕ ਪੂਰਾ ਕੀਤਾ ਹੈ (ਕਿ ਸੁਲਹੀ ਖਾਨ ਅੰਮ੍ਰਿਤਸਰ ਨਾ ਪਹੁੰਚ ਸਕੇ)।੨।੧੮।੧੦੪।

ਪਹਿਲੇ ਪਦੇ ਦਾ ਦੂਜਾ ਅਰਥ = (ਹੇ ਭਾਈ!) ਪ੍ਰਭੂ (ਸਾਡਾ ਸਾਰੇ ਅੰਮ੍ਰਿਤਸਰ ਵਾਸੀਆਂ ਦਾ) ਰਖਵਾਲਾ ਬਣਿਆ ਹੈ।(ਅੰਤਰਜਾਮੀ ਗੁਰੂ ਜੀ ਨੇ ਸੰਗਤਾਂ ਨੂੰ ਦਿਲਾਸਾ ਦਿਤਾ ਸੀ ਕਿ) ਸੁਲਹੀ ਦਾ ਹਥ (ਅੰਮ੍ਰਿਤਸਰ ਵਿਚ) ਕਿਤੇ ਵੀ ਨਹੀਂ ਪਹੁੰਚ ਸਕਦਾ, (ਹੇ ਭਾਈ! ਪ੍ਰਭੂ ਨੇ ਮੇਹਰ ਕੀਤੀ ਹੈ) ਸੁਲਹੀ ਨਾਪਾਕ ਹੋ ਕੇ ਸੜ ਮਰਿਆ ਹੈ।੧।ਰਹਾਉ।

ਕਿਛੂ ਨ ਰਹਿਓਸੁ = ਕੁਛ ਵੀ ਨਹੀਂ ਰਿਹਾ ਸੁ (ਸੰ.ਸ.); ਰਹਿਓ ਸੁ–ਉਸ ਦਾ ਕੁਛ ਵੀ ਨਹੀਂ ਰਿਹਾ (ਦਰਪਣ)।

ਪੁਤ੍ਰ ਮੀਤ ਧਨੁ ਕਿਛੂ ਨ ਰਹਿਓ, ਸੁ ਛੋਡਿ ਗਇਆ ਸਭ ਭਾਈ ਸਾਕ। (ਟਕਸਾਲ)।

ਪਦਾਰਥ = ਤੇ–ਤੋਂ।ਨਾਰਾਇਣ–ਹੇ ਪ੍ਰਭੂ!।ਰਾਖੁ–ਰੱਖਿਆ ਕਰ।ਕਹੀ–ਕਿਤੇ ਵੀ।ਮੂਆ–ਮਰ ਗਿਆ।ਹੋਇ ਨਾਪਾਕੁ–ਅਪਵਿਤ੍ਰ ਹੋ ਕੇ; ਮਲੀਨ ਬੁੱਧੀ ਹੋਣ ਕਰਕੇ।੧।ਰਹਾਉ।ਕਾਢਿ–ਕੱਢ ਕੇ।ਕੁਠਾਰੁ–ਕੁਹਾੜਾ।ਖਸਮਿ–ਮਾਲਕ ਨੇ।ਖਿਨ ਮਹਿ–ਇਕ ਖਿਨ ਵਿਚ।ਖਾਕੁ–ਮਿੱਟੀ; ਸੁਆਹ।ਮੰਦਾ–ਬੁਰਾ।ਚਿਤਵਤ ਚਿਤਵਤ–ਸੋਚਦਾ ਸੋਚਦਾ।ਪਚਿਆ–ਸੜ ਗਿਆ।ਜਿਨਿ–ਜਿਸ (ਪ੍ਰਭੂ) ਨੇ। ਰਚਿਆ–ਪੈਦਾ ਕੀਤਾ ਸੀ।ਤਿਨਿ–ਉਸ (ਪ੍ਰਭੂ) ਨੇ।ਦੀਨਾ ਧਾਕੁ–ਧੱਕਾ ਦੇ ਦਿਤਾ।੧।ਮੀਤ–ਮਿਤ੍ਰ।ਸਾਕੁ–ਰਿਸ਼ਤੇਦਾਰ।ਬਲਿਹਾਰੀ –ਕੁਰਬਾਨ।ਜਨ ਕਾ–ਸੇਵਕ ਦਾ।ਕੀਨੋ ਪੂਰਨ ਵਾਕੁ–(ਮੂਹੋਂ ਕੱਢਿਆ) ਵਾਕ ਪੂਰਾ ਕਰ ਦਿਤਾ।੨।੧੮।੧੦੪।

ਬਿਲਾਵਲੁ ਮਹਲਾ ੫ ॥ ਪੂਰੇ ਗੁਰ ਕੀ ਪੂਰੀ ਸੇਵ ॥ ਆਪੇ ਆਪਿ ਵਰਤੈ ਸੁਆਮੀ, ਕਾਰਜੁ ਰਾਸਿ ਕੀਆ ਗੁਰਦੇਵ ॥੧॥ਰਹਾਉ॥ ਆਦਿ ਮਧਿ ਪ੍ਰਭੁ ਅੰਤਿ ਸੁਆਮੀ, ਅਪਨਾ ਥਾਟੁ ਬਨਾਇਓ ਆਪਿ ॥ ਅਪਨੇ ਸੇਵਕ ਕੀ ਆਪੇ ਰਾਖੈ, ਪ੍ਰਭ ਮੇਰੇ ਕੋ ਵਡ ਪਰਤਾਪੁ ॥੧॥ ਪਾਰਬ੍ਰਹਮ ਪਰਮੇਸੁਰ ਸਤਿਗੁਰ, ਵਸਿ ਕੀਨ੍ਹੇ ਜਿਨਿ ਸਗਲੇ ਜੰਤ ॥ ਚਰਨ ਕਮਲ ਨਾਨਕ ਸਰਣਾਈ, ਰਾਮ ਨਾਮ ਜਪਿ ਨਿਰਮਲ ਮੰਤ ॥੨॥੧੯॥੧੦੫॥ (ਹੇ ਭਾਈ!) ਪੂਰੇ ਗੁਰੂ ਦੀ ਸੇਵਾ ਪੂਰੀ ਹੈ।(ਗੁਰੂ ਦੀ ਸੇਵਾ ਕਰਕੇ ਇਹ ਨਿਸ਼ਚੇ ਕੀਤਾ ਹੈ ਕਿ ਸਾਰੇ ਜੀਵਾਂ ਵਿਚ) ਮਾਲਕ ਪ੍ਰਭੂ ਆਪੇ ਆਪ ਵਰਤ ਰਿਹਾ ਹੈ ਅਤੇ ਗੁਰਦੇਵ ਨੇ (ਮੇਰਾ) ਕਾਰਜ ਰਾਸ ਕਰ (ਸਿਰੇ ਚਾੜ੍ਹ) ਦਿਤਾ ਹੈ ।੧।ਰਹਾਉ।(ਹੇ ਭਾਈ!) ਮਾਲਕ ਪ੍ਰਭੂ ਸ੍ਰਿਸਟੀ ਦੇ ਸ਼ੁਰੂ ਵਿਚ, ਵਿਚਕਾਰਲੇ ਸਮੇਂ ਵਿਚ ਤੇ ਅੰਤ ਵਿਚ ਪੂਰਨ ਹੈ ਅਤੇ ਉਸ ਨੇ ਜਗਤ ਰਚਨਾ ਨੂੰ ਆਪਣੇ ਆਪ ਤੋਂ ਬਣਾਇਆ ਹੈ।ਉਹ ਅਪਨੇ ਸੇਵਕਾਂ ਦੀ ਆਪ ਹੀ ਲਾਜ ਰਖਦਾ ਹੈ, ਮੇਰੇ ਪ੍ਰਭੂ ਦਾ ਵੱਡਾ ਤੇਜ ਪ੍ਰਤਾਪ ਹੈ (ਸਰਬ ਸ਼ਮਕਤੀਮਾਨ ਹੈ)।੧।ਸਤਿਗੁਰੂ ਪਾਰਬ੍ਰਹਮ ਪ੍ਰਮੇਸਰ ਦਾ ਰੂਪ ਹੈ, ਜਿਸ (ਪ੍ਰਮੇਸਰ) ਨੇ ਸਾਰੇ ਜੀਵ ਜੰਤ ਅਪਣੇ ਵਸ ਵਿਚ ਕੀਤੇ ਹੋਏ ਹਨ।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਭਾਈ! ਤੂੰ ਵੀ) ਗੁਰੂ ਦੇ ਚਰਨ ਕਮਲਾਂ ਦੀ ਸ਼ਰਨ ਵਿਚ ਪੈ ਕੇ ਪ੍ਰਮਾਤਮਾ ਦੇ ਪਵਿਤ੍ਰ ਨਾਮ ਦਾ ਮੰਤ੍ਰ ਜਪਿਆ ਕਰ।੨।੧੯।੧੦੫।

ਪਦਾਰਥ = ਸੇਵ–ਸੇਵਾ।ਸੁਆਮੀ–ਮਾਲਕ ਪ੍ਰਭੂ।ਰਾਸਿ ਕੀਆ–ਸਫਲ ਕਰ ਦਿਤਾ।੧।ਰਹਾਉ।ਆਦਿ–ਸ੍ਰਿਸਟੀ ਦੇ ਸ਼ੁਰੂ ਵਿਚ। ਮਧਿ–ਵਿਚਕਾਰਲੇ ਸਮੇਂ ਵਿਚ।ਅੰਤਿ–ਸ੍ਰਿਸਟੀ ਦੇ ਅੰਤ ਸਮੇਂ ਵਿਚ।ਥਾਟੁ–ਜਗਤ ਰਚਨਾ।ਰਾਖੈ–ਲਾਜ ਰਖਦਾ ਹੈ।ਕੋ–ਦਾ। ਪਰਤਾਪੁ–ਤੇਜ ਪ੍ਰਤਾਪ।੧।ਵਸਿ ਕੀਨੇ–ਵਸ ਵਿਚ ਕੀਤੇ ਹੋਏ ਹਨ।ਜਿਨਿ–ਜਿਸ (ਪ੍ਰਭੂ) ਨੇ।ਸਗਲੇ ਜੰਤ–ਸਾਰੇ ਜੀਵ ਜੰਤ। ਸਰਣਾਈ–ਸ਼ਰਣ ਵਿਚ ਪੈ ਕੇ।ਨਿਰਮਲ–ਪਵਿਤ੍ਰ।ਮੰਤ–ਮੰਤਰ।੨।੧੯।੧੦੫।

ਬਿਲਾਵਲੁ ਮਹਲਾ ੫ ॥ ਤਾਪ ਪਾਪ ਤੇ ਰਾਖੇ ਆਪ ॥ ਸੀਤਲ ਭਏ ਗੁਰ ਚਰਨੀ ਲਾਗੇ, ਰਾਮ ਨਾਮ ਹਿਰਦੇ ਮਹਿ ਜਾਪ ॥੧॥ਰਹਾਉ॥ ਕਰਿ ਕਿਰਪਾ ਹਸਤ ਪ੍ਰਭਿ ਦੀਨੇ, ਜਗਤ ਉਧਾਰ ਨਵ ਖੰਡ ਪ੍ਰਤਾਪ ॥ ਦੁਖ ਬਿਨਸੇ ਸੁਖ ਅਨਦ ਪ੍ਰਵੇਸਾ, ਤ੍ਰਿਸਨ ਬੁਝੀ ਮਨ ਤਨ ਸਚੁ ਧ੍ਰਾਪ ॥੧॥ ਅਨਾਥ ਕੋ ਨਾਥੁ ਸਰਣਿ ਸਮਰਥਾ, ਸਗਲ ਸ੍ਰਿਸਟਿ ਕੋ ਮਾਈ ਬਾਪੁ ॥ ਭਗਤਿ ਵਛਲ ਭੈ ਭੰਜਨ ਸੁਆਮੀ, ਗੁਣ ਗਾਵਤ ਨਾਨਕ ਆਲਾਪ ॥੨॥੨੦॥੧੦੬॥ (ਹੇ ਭਾਈ! ਸਾਨੂੰ) ਪ੍ਰਭੂ ਨੇ ਆਪ ਹੀ ਦੁਖਾਂ ਕਲੇਸ਼ਾਂ ਤੇ ਪਾਪਾਂ ਤੋਂ ਬਚਾ ਕੇ ਰੱਖਿਆ ਹੈ।(ਜੋ ਮਨੁੱਖ) ਗੁਰੂ ਦੇ ਚਰਨੀਂ ਲਗ ਕੇ ਹਿਰਦੇ ਵਿਚ ਪ੍ਰਮਾਤਮਾ ਦਾ ਨਾਮ ਜਪਦੇ ਹਨ, (ਉਨ੍ਹਾਂ ਦੇ ਮਨ ਤੇ ਤਨ) ਸ਼ਾਂਤ ਹੋ ਗਏ ਹਨ।੧।ਰਹਾਉ।(ਹੇ ਭਾਈ! ਜੋ ਸਾਰੇ) ਜਗਤ ਦਾ ਉਧਾਰ ਕਰਨ ਵਾਲਾ ਹੈ ਅਤੇ (ਜਿਸ ਦਾ) ਨੌਂ ਖੰਡਾਂ ਵਿਚ ਤੇਜ ਪ੍ਰਤਾਪ ਹੈ, (ਉਸ) ਪ੍ਰਭੂ ਨੇ ਕ੍ਰਿਪਾ ਕਰਕੇ (ਮੇਰੇ ਸਿਰ ਉਤੇ ਅਪਣੇ) ਹੱਥ ਰੱਖ ਦਿਤੇ।(ਜਿਸ ਕਰਕੇ ਮੇਰੇ ਸਾਰੇ) ਦੁੱਖ ਨਾਸ ਹੋ ਗਏ, (ਮੇਰੇ ਅੰਦਰ) ਸੁਖ ਤੇ ਅਨੰਦ ਪ੍ਰਵੇਸ ਕਰ ਗਏ ਹਨ, ਪ੍ਰਭੂ ਦਾ ਸੱਚਾ ਨਾਮ ਜਪ ਕੇ ਤ੍ਰਿਸ਼ਨਾ ਅਗਨੀ ਬੁਝ ਗਈ ਅਤੇ ਮੇਰਾ ਮਨ ਤੇ ਤਨ ਰੱਜ ਗਏ ਹਨ।੧।(ਹੇ ਭਾਈ!) ਪ੍ਰਭੂ ਅਨਾਥਾਂ ਦਾ ਮਾਲਕ ਹੈ, ਸ਼ਰਨ ਵਿਚ ਆਇਆਂ ਦੀ ਰੱਖਿਆ ਕਰਨ ਦੇ ਸਮਰੱਥ ਹੈ ਅਤੇ ਸਾਰੀ ਸ੍ਰਿਸਟੀ ਦਾ ਮਾਂ ਬਾਪ ਹੈ (ਮਾਂ ਬਾਪ ਵਾਂਗ ਪਾਲਣਾ ਕਰਦਾ ਹੈ)।ਭਗਤੀ ਭਾਵ ਨੂੰ ਪਿਆਰ ਕਰਨ ਵਾਲੇ ਤੇ ਡਰ ਨਾਸ਼ ਕਰਨ ਵਾਲੇ ਮਾਲਕ ਪ੍ਰਭੂ ਦੇ ਗੁਣ ਨਾਨਕ ਰਾਗ ਵਿਚ ਆਲਾਪ ਕਰਕੇ ਗਾਉਂਦਾ ਹੈ।੨।੨੦।੧੦੬।

ਪਦਾਰਥ = ਤਾਪ ਤੇ–ਦੁਖਾਂ ਕਲੇਸ਼ਾਂ ਤੋਂ। ਰਾਖੇ–ਰੱਖਿਆ ਕੀਤੀ; ਬਚਾ ਲਿਆ। ਸੀਤਲ ਭਏ–ਸ਼ਾਂਤ ਹੋ ਗਏ। ਹਿਰਦੇ ਮਹਿ–ਹਿਰਦੇ ਵਿਚ।੧।ਰਹਾਉ। ਕਰਿ–ਕਰਕੇ। ਹਸਤ ਦੀਨੇ–ਹੱਥ ਰਖ ਦਿਤੇ। ਪ੍ਰਭਿ–ਪ੍ਰਭੂ ਨੇ। ਜਗਤ ਉਧਾਰ–ਜਗਤ ਦਾ ਪਾਰ ਉਤਾਰਾ ਕਰਨ ਵਾਲਾ। ਨਵ ਖੰਡ–ਨੌ ਖੰਡ (ਸਾਰਾ ਸੰਸਾਰ)। ਪ੍ਰਤਾਪ–ਤੇਜ; ਤਾਕਤ। ਬਿਨਸੇ–ਨਾਸ਼ ਹੋ ਗਏ। ਪ੍ਰਵੇਸਾ–ਦਾਖਲ ਹੋ ਗਿਆ। ਬੁਝੀ–ਬੁਝ ਗਈ। ਤਨ–ਸਰੀਰ। ਸਚੁ–ਸੱਚਾ ਨਾਮ। ਧ੍ਰਾਪ–ਰੱਜ ਗਿਆ।੧। ਅਨਾਥ ਕੋ–ਅਨਾਥਾਂ ਦਾ। ਨਾਥੁ–ਮਾਲਕ। ਸਰਣਿ ਸਮਰਥਾ–ਸਰਣ ਵਿਚ ਆਇਆਂ ਦੀ ਰੱਖਿਆ ਕਰਨ ਦੇ ਯੋਗ। ਸਗਲ–ਸਾਰੀ। ਮਾਈ–ਮਾਂ। ਭਗਤਿ ਵਛਲ–ਭਗਤੀ ਭਾਵ ਨੂੰ ਪਿਆਰ ਕਰਨ ਵਾਲਾ। ਭੈ ਭੰਜਨ–ਡਰ ਨਾਸ਼ ਕਰਨ ਵਾਲਾ। ਆਲਾਪ–ਸੁਰ ਤਾਲ ਵਿਚ ਅਲਾਪ (ਉਚਾਰਨ) ਕਰਦਾ ਹੈ।੨।੨੦।੧੦੬।

ਬਿਲਾਵਲੁ ਮਹਲਾ ੫ ॥ ਜਿਸ ਤੇ ਉਪਜਿਆ ਤਿਸਹਿ ਪਛਾਨੁ ॥ ਪਾਰਬ੍ਰਹਮੁ ਪਰਮੇਸਰੁ ਧਿਆਇਆ, ਕੁਸਲ ਖੇਮ ਹੋਏ ਕਲਿਆਨ ॥੧॥ਰਹਾਉ॥ ਗੁਰੁ ਪੂਰਾ ਭੇਟਿਓ ਬਡਭਾਗੀ, ਅੰਤਰਜਾਮੀ ਸੁਘੜੁ ਸੁਜਾਨੁ ॥ ਹਾਥ ਦੇਇ ਰਾਖੇ ਕਰਿ ਅਪਨੇ, ਬਡ ਸਮਰਥੁ ਨਿਮਾਣਿਆ ਕੋ ਮਾਨੁ ॥੧॥ ਭ੍ਰਮ ਭੈ ਬਿਨਸਿ ਗਏ ਖਿਨ ਭੀਤਰਿ, ਅੰਧਕਾਰ ਪ੍ਰਗਟੇ ਚਾਨਾਣੁ ॥ ਸਾਸਿ ਸਾਸਿ ਆਰਾਧੈ ਨਾਨਕੁ ,ਸਦਾ ਸਦਾ ਜਾਈਐ ਕੁਰਬਾਣੁ ॥੨॥੨੧॥੧੦੭॥ (ਹੇ ਭਾਈ! ਤੂੰ) ਜਿਸ ਪ੍ਰਭੂ ਤੋਂ ਪੈਦਾ ਹੋਇਆ ਹੈਂ, ਉਸ ਦੇ ਸਰੂਪ ਨੂੰ ਪਛਾਣ। (ਜਿਸ ਮਨੁੱਖ ਨੇ) ਪਾਰਬ੍ਰਹਮ ਪ੍ਰਮੇਸਰ ਨੂੰ ਸਿਮਰਿਆ ਹੈ, (ਉਸ ਨੂੰ) ਸੁਖ, ਅਨੰਦ ਤੇ ਮੋਖ ਪ੍ਰਾਪਤ ਹੋਏ ਹਨ।੧।ਰਹਾਉ।(ਹੇ ਭਾਈ! ਜਿਸ) ਵੱਡੇ ਭਾਗਾਂ ਵਾਲੇ ਮਨੁੱਖ ਨੂੰ ਪੂਰ ਗੁਰੂ ਮਿਲਿਆ ਹੈ, (ਉਸ ਨੇ) ਅੰਤਰਜਾਮੀ, ਸੁੰਦਰ ਤੇ ਸਿਆਣੇ ਪ੍ਰਭੂ ਨੂੰ ਜਾਣ ਲਿਆ ਹੈ।(ਉਹ ਪ੍ਰਭੂ) ਅਪਣੇ ਸੇਵਕ ਬਣਾ ਕੇ ਹੱਥ ਦੇ ਕਰਕੇ ਰੱਖਿਆ ਕਰਦਾ ਹੈ, (ਕਿਉਂਕਿ ਉਹ) ਵੱਡੀ ਤਾਕਤ ਵਾਲਾ ਹੈ ਅਤੇ ਨਿਮਾਣਿਆਂ ਨੂੰ ਆਦਰ ਮਾਣ ਦੇਣ ਵਾਲਾ ਹੈ।੧।(ਹੇ ਭਾਈ! ਗੁਰੂ ਦੀ ਸ਼ਰਨ ਵਿਚ ਪਏ ਮਨੁੱਖ ਦੇ) ਭਰਮ ਤੇ ਸਾਰੇ ਕਿਸਮ ਦੇ ਡਰ ਨਾਸ਼ ਹੋ ਗਏ ਹਨ ਅਤੇ ਅਗਿਆਨਤਾ ਦੇ ਹਨ੍ਹੇਰੇ ਵਿਚ ਗਿਆਨ ਦਾ ਚਾਨਣ ਪ੍ਰਗਟ ਹੋ ਗਿਆ ਹੈ। ਨਾਨਕ ਉਸ ਪ੍ਰਭੂ ਨੂੰ ਸੁਆਸ ਸੁਆਸ ਸਿਮਰਦਾ ਹੈ ਅਤੇ (ਉਸ ਪ੍ਰਭੂ ਤੋਂ) ਸਦਾ ਸਦਾ ਕੁਰਬਾਨ ਹੋਣਾ ਚਾਹੀਦਾ ਹੈ।੨।੨੧।੧੦੭।

ਪਦਾਰਥ = ਜਿਸ ਤੇ–ਜਿਸ ਪ੍ਰਭੂ ਤੋਂ। ਉਪਜਿਆ–ਪੈਦਾ ਹੋਇਆ ਹੈ। ਤਿਸਹਿ–ਉਸ ਨੂੰ। ਕੁਸਲ ਖੇਮ–ਸੁਖ ਅਨੰਦ। ਕਲਿਆਨ–ਮੁਕਤੀ।੧।ਰਹਾਉ। ਭੇਟਿਓ–ਮਿਲਿਆ ਹੈ। ਬਡਭਾਗੀ–ਵੱਡੇ ਭਾਗਾਂ ਵਾਲੇ ਮਨੁੱਖ ਨੂੰ। ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ। ਸੁਘੜ–ਸ੍ਰੇਸਟ ਘਾੜਤ ਘੜਨ ਵਾਲਾ; ਸੁੰਦਰ। ਸੁਜਾਨੁ–ਸਿਆਣਾ। ਦੇਇ–ਦੇ ਕੇ। ਕਰਿ ਅਪਨੇ–ਅਪਣੇ ਬਣਾ ਕੇ। ਬਡ ਸਮਰਥ–ਵੱਡੀ ਤਾਕਤ ਵਾਲਾ। ਮਾਨੁ–ਆਦਰ ਮਾਣ।੧। ਭੈ–ਡਰ। ਬਿਨਸਿ ਗਏ–ਨਾਸ਼ ਹੋ ਗਏ। ਖਿਨ ਭੀਤਰਿ–ਇਕ ਖਿਨ ਵਿਚ। ਅੰਧਕਾਰ–ਹਨ੍ਹੇਰੇ ਵਿਚ। ਪ੍ਰਗਟੇ–ਪ੍ਰਗਟ ਹੋ ਗਿਆ। ਚਾਨਾਣੁ–ਚਾਨਣ। ਆਰਾਧੈ–ਜਪਦਾ ਹੈ।੨।੨੧।੧੦੭।

ਬਿਲਾਵਲੁ ਮਹਲਾ ੫ ॥ ਦੋਵੈ ਥਾਵ ਰਖੇ ਗੁਰ ਸੂਰੇ ॥ ਹਲਤ ਪਲਤ ਪਾਰਬ੍ਰਹਮਿ ਸਵਾਰੇ, ਕਾਰਜ ਹੋਏ ਸਗਲੇ ਪੂਰੇ ॥੧॥ਰਹਾਉ॥ ਹਰਿ ਹਰਿ ਨਾਮੁ ਜਪਤ ਸੁਖ ਸਹਜੇ, ਮਜਨੁ ਹੋਵਤ ਸਾਧੂ ਧੂਰੇ ॥ ਆਵਣ ਜਾਣ ਰਹੇ ਥਿਤਿ ਪਾਈ, ਜਨਮ ਮਰਣ ਕੇ ਮਿਟੇ ਬਿਸੂਰੇ ॥੧॥ ਭ੍ਰਮ ਭੈ ਤਰੇ ਛੁਟੇ ਭੈ ਜਮ ਕੇ, ਘਟਿ ਘਟਿ ਏਕੁ ਰਹਿਆ ਭਰਪੂਰੇ ॥ (ਹੇ ਭਾਈ!) ਸੂਰਵੀਰ ਗੁਰੂ ਨੇ (ਅਪਣੀ ਸ਼ਰਣ ਵਿਚ ਆਏ ਸਾਰੇ ਜੀਵਾਂ ਦੀ) ਦੋਵੇਂ ਥਾਂ ਲੋਕ ਪ੍ਰਲੋਕ ਵਿਚ ਰੱਖਿਆ ਕੀਤੀ ਹੈ। ਪਾਰਬ੍ਰਹਮ ਨੇ (ਗੁਰੂ ਦੀ ਸ਼ਰਣ ਵਿਚ ਆਏ ਜੀਵਾਂ ਦੇ) ਲੋਕ ਪ੍ਰਲੋਕ ਸਵਾਰ ਦਿਤੇ ਹਨ ਅਤੇ (ਉਨ੍ਹਾਂ ਦੇ) ਸਾਰੇ ਕਾਰਜ ਪੂਰੇ ਹੋ ਗਏ ਹਨ।੧।ਰਹਾਉ।(ਹੇ ਭਾਈ! ਗੁਰੂ ਦੀ ਸ਼ਰਣ ਵਿਚ ਪੈ ਕੇ ਮਨੁੱਖ ਨੂੰ) ਹਰੀ ਦਾ ਨਾਮ ਜਪਦਿਆਂ ਸੁਖ ਸੁਭਾਵਕ ਹੀ ਮਿਲ ਜਾਂਦਾ ਹੈ ਅਤੇ ਸਾਧੂਆਂ ਦੀ ਚਰਨ ਧੂੜ ਵਿਚ ਸਭ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ।(ਅਜੇਹੇ ਮਨੁੱਖ ਦਾ) ਆਉਣਾ ਜਾਣਾ (ਜੰਮਣਾ ਮਰਨਾ) ਮੁਕ ਗਿਆ ਹੈ, (ਉਸ ਨੂੰ ਹਰੀ ਦੇ ਚਰਨਾਂ ਵਿਚ) ਟਿਕਾਉ ਪ੍ਰਾਪਤ ਹੋ ਗਿਆ ਹੈ ਅਤੇ (ਉਸ ਦੇ) ਜਨਮ ਮਰਨ ਦੇ ਝੋਰੇ ਮਿਟ ਗਏ ਹਨ।੧।(ਹੇ ਭਾਈ! ਅਜੇਹੇ ਮਨੁੱਖ) ਭਰਮ ਤੇ ਭੈ ਵਾਲੇ ਸੰਸਾਰ ਸਮੁੰਦਰ ਨੂੰ ਤਰ ਗਏ ਹਨ, (ਉਨ੍ਹਾਂ ਦੇ) ਜਮਾਂ ਦੇ ਡਰ ਵੀ ਛੁਟ ਗਏ ਹਨ, (ਕਿਉਂਕਿ ਉਨ੍ਹਾਂ ਨੇ ਗੁਰੂ ਦੀ ਸ਼ਰਣ ਵਿਚ ਪੈ ਕੇ) ਹਰੇਕ ਜੀਵ ਦੇ ਸਰੀਰ ਅੰਦਰ ਇਕ ਪ੍ਰਭੂ ਨੂੰ ਵਿਆਪਕ ਹੋ ਰਿਹਾ ਜਾਣਿਆ ਹੈ।

ਅੰਗ ੮੨੬ = ਨਾਨਕ ਸਰਣਿ ਪਰਿਓ ਦੁਖ ਭੰਜਨ, ਅੰਤਰਿ ਬਾਹਰਿ ਪੇਖਿ ਹਜੂਰੇ ॥੨॥੨੨॥੧੦੮॥ ਪ੍ਰਭੂ ਨੂੰ ਅੰਦਰ ਬਾਹਰ ਸਭ ਜਗ੍ਹਾ ਹਾਜਰ ਹਜੂਰ ਦੇਖ ਕੇ ਨਾਨਕ ਦੁਖਾਂ ਦਾ ਨਾਸ਼ ਕਰਨ ਵਾਲੇ ਪ੍ਰਭੂ ਦੀ ਸ਼ਰਣ ਪਿਆ ਹੈ।੨।੨੨।੧੦੮।

ਪਦਾਰਥ = ਦੋਵੇ ਥਾਵ–ਦੋਵੇਂ ਥਾਂ ਲੋਕ ਤੇ ਪ੍ਰਲੋਕ। ਰਖੇ–ਰੱਖਿਆ ਕੀਤੀ ਹੈ। ਗੁਰ ਸੂਰੇ–ਸੂਰਵੀਰ ਗੁਰੂ ਨੇ। ਹਲਤ–ਇਹ ਲੋਕ। ਪਲਤ–ਪ੍ਰਲੋਕ। ਪਾਰਬ੍ਰਹਮਿ–ਪਾਰਬ੍ਰਹਮ ਨੇ। ਸਵਾਰੇ–ਸਵਾਰ ਦਿਤੇ ਹਨ। ਕਾਰਜ–ਕੰਮ।੧।ਰਹਾਉ। ਜਪਤ–ਜਪਦਿਆਂ। ਸਹਜੁ–ਸੁਭਾਵਕ

ਹੀ।ਮਜਨੁ–ਇਸ਼ਨਾਨ।ਹੋਵਤ–ਹੋ ਜਾਂਦਾ ਹੈ।ਧੂਰੇ–ਚਰਨ ਧੂੜ ਵਿਚ।ਆਵਣ ਜਾਣ–ਆਉਣਾ ਜਾਣਾ (ਜੰਮਣਾ ਮਰਨਾ)।ਰਹੇ–ਮੁੱਕ ਜਾਂਦੇ ਹਨ।ਥਿਤਿ ਪਾਈ–ਟਿਕਾਉ ਪ੍ਰਾਪਤ ਹੋ ਗਿਆ।ਬਿਸੂਰੇ–ਝੋਰੇ; ਚਿੰਤਾ ਫਿਕਰ।੧।ਤਰੇ–ਤਰ ਗਏ।ਛੂਟੇ–ਛੁਟ ਗਏ।ਘਟਿ ਘਟਿ–ਹਰੇਕ ਜੀਵ ਦੇ ਸਰੀਰ ਅੰਦਰ।ਏਕੁ–ਇਕ ਪ੍ਰਭੂ।ਰਹਿਆ ਭਰਪੂਰੇ–ਵਿਆਪਕ ਹੋ ਰਿਹਾ।ਸਰਣਿ ਪਰਿਓ–ਸ਼ਰਣ ਵਿਚ ਪਿਆ ਹੈ।ਦੁਖ ਭੰਜਨ–ਦੁੱਖਾਂ ਦਾ ਨਾਸ਼ ਕਰਨ ਵਾਲਾ।ਪੇਖਿ–ਦੇਖ ਕੇ।ਅੰਤਰਿ ਬਾਹਰਿ–ਅਪਣੇ ਅੰਦਰ ਅਤੇ ਬਾਹਰ ਸੰਸਾਰ ਵਿਚ ਹਰੇਕ ਜਗ੍ਹਾ।ਹਜੂਰੇ–ਹਾਜਰ ਹਜੂਰ (ਅੰਗ ਸੰਗ)।੨।੨੨।੧੦੮।

ਬਿਲਾਵਲੁ ਮਹਲਾ ੫ ॥ ਦਰਸਨੁ ਦੇਖਤ ਦੋਖ ਨਸੇ ॥ ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ, ਜੀਅ ਕੈ ਸੰਗਿ ਬਸੇ ॥੧॥ਰਹਾਉ॥ ਪ੍ਰੀਤਮ ਪ੍ਰਾਨ ਅਧਾਰ ਸੁਆਮੀ ॥ ਪੂਰਿ ਰਹੇ ਪ੍ਰਭ ਅੰਤਰਜਾਮੀ ॥੧॥ ਕਿਆ ਗੁਣ ਤੇਰੇ ਸਾਰਿ ਸਮ੍ਾਰੀ ॥ ਸਾਸਿ ਸਾਸਿ ਪ੍ਰਭ ਤੁਝਹਿ ਚਿਤਾਰੀ ॥੨॥ ਕਿਰਪਾ ਨਿਧਿ ਪ੍ਰਭ ਦੀਨ ਦਇਆਲਾ ॥ ਜੀਅ ਜੰਤ ਕੀ ਕਰਹੁ ਪ੍ਰਤਿਪਾਲਾ ॥੩॥ ਆਠ ਪਹਰ ਤੇਰਾ ਨਾਮੁ ਜਨੁ ਜਾਪੇ ॥ ਨਾਨਕ ਪ੍ਰੀਤਿ ਲਾਈ ਪ੍ਰਭਿ ਆਪੇ ॥੪॥੨੩॥੧੦੯॥ (ਹੇ ਪ੍ਰਭੂ! ਤੇਰਾ) ਦਰਸ਼ਨ ਦੇਖਦਿਆਂ ਹੀ (ਮੇਰੇ ਸਾਰੇ) ਪਾਪ ਨੱਠ ਗਏ ਹਨ।(ਬੇਨਤੀ ਹੈ ਕਿ ਮੇਰੇ ਉਤੇ ਮੇਹਰ ਕਰ, ਮੇਰੀਆਂ) ਨਜਰਾਂ ਤੋਂ ਓਹਲੇ ਨਾ ਹੋ ਅਤੇ ਮੇਰੇ ਦਿਲ ਦੇ ਨਾਲ ਵਸਦਾ ਰਹਿ।੧। ਰਹਾਉ।ਹੇ ਮੇਰੇ ਪਿਆਰੇ ਮਾਲਕ! (ਤੂੰ ਸਾਰੇ ਜੀਵਾਂ ਦੇ) ਪ੍ਰਾਣਾਂ ਦਾ ਆਸਰਾ ਹੈਂ।ਹੇ ਅੰਤਰਜਾਮੀ ਪ੍ਰਭੂ! ਤੂੰ ਸਭ ਜਗ੍ਹਾ ਵਿਆਪਕ ਹੋ ਰਿਹਾ ਹੈਂ।੧।(ਹੇ ਪ੍ਰਭੂ!) ਮੈਂ ਤੇਰੇ ਕਿਹੜੇ ਕਿਹੜੇ ਗੁਣ ਯਾਦ ਕਰਕੇ ਸੰਭਾਲ ਕਰਾਂ।ਹੇ ਪ੍ਰਭੂ! ਮੈਂ ਸੁਆਸ ਸੁਆਸ ਤੈਨੂੰ ਯਾਦ ਕਰਦਾ ਹਾਂ।੨।ਹੇ ਕ੍ਰਿਪਾ ਦੇ ਖਜਾਨੇ! ਹੇ ਗਰੀਬਾਂ ਉਤੇ ਦਇਆ ਕਰਨ ਵਾਲੇ ਪ੍ਰਭੂ!।ਤੂੰ ਸਾਰੇ ਛੋਟੇ ਵੱਡੇ ਜੀਵਾਂ ਜੰਤਾਂ ਦੀ ਪਾਲਣਾ ਕਰਦਾ ਹੈਂ।੩।ਹੇ ਪ੍ਰਭੂ! ਤੇਰਾ ਸੇਵਕ ਅੱਠੇ ਪਹਿਰ ਤੇਰਾ ਨਾਮ ਜਪਦਾ ਰਹਿੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਨੇ ਆਪੇ ਹੀ (ਅਪਣੇ ਨਾਲ ਮੇਰੀ) ਪ੍ਰੀਤ ਲਾਈ ਹੈ।੨।੨੩।੧੦੯।

ਪਦਾਰਥ = ਦੇਖਤ–ਦੇਖਦਿਆਂ ਹੀ।ਦੋਖ–ਪਾਪ।ਨਸੇ–ਨਠ ਗਏ।ਕਬਹੁ–ਕਦੇ ਵੀ।ਦ੍ਰਿਸਟਿ–ਨਜਰਾਂ ਤੋਂ।ਅਗੋਚਰ–ਓਹਲੇ।ਜੀਅ ਕੇ ਸੰਗਿ–ਦਿਲ ਦੇ ਨਾਲ।ਬਸੇ–ਵਸਦਾ ਰਹੁ।੧।ਰਹਾਉ।ਪ੍ਰਾਨ ਅਧਾਰ–ਪ੍ਰਾਣਾਂ ਦਾ ਆਸਰਾ।ਸੁਆਮੀ–ਹੇ ਮਾਲਕ ਪ੍ਰਭੂ!।ਪੂਰਿ ਰਹੇ–ਸਭ ਥਾਂ ਤੇ ਪੂਰਨ ਹੋ ਰਿਹਾ ਹੈਂ।ਅੰਤਰਜਾਮੀ–ਹੇ ਦਿਲਾਂ ਦੀਆਂ ਜਾਨਣ ਵਾਲੇ!।੧।ਸਾਰਿ–ਯਾਦ ਕਰਕੇ।ਸਮ੍ਾਰੀ–ਮੈ ਸੰਭਾਲ ਕਰਾਂ।ਸਾਸਿ ਸਾਸਿ–ਹਰੇਕ ਸਾਹ ਦੇ ਨਾਲ।ਤੁਝਹਿ–ਤੈਨੂੰ।ਚਿਤਾਰੀ–ਮੈਂ ਯਾਦ ਕਰਦਾ ਹਾਂ।੨।ਕਿਰਪਾ ਨਿਧਿ–ਹੇ ਕ੍ਰਿਪਾ ਦੇ ਖਜਾਨੇ! ।ਦੀਨ ਦਇਆਲਾ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ!।ਜੀਅ ਜੰਤ–ਛੋਟੇ ਵੱਡੇ ਸਾਰੇ ਜੀਵਾਂ ਦੀ।ਕਰਹੁ ਪ੍ਰਤਿਪਾਲਾ–ਪਾਲਣਾ ਕਰਦਾ ਹੈਂ।੩।ਆਠ ਪਹਰ–ਅੱਠੇ ਪਹਿਰ (ਦਿਨ ਰਾਤ)।ਜਨੁ–ਸੇਵਕ।ਜਾਪੇ–ਜਪਦਾ ਹੈ।ਪ੍ਰਭਿ–ਪ੍ਰਭੂ ਨੇ।੨।੨੩।੧੦੯।

ਬਿਲਾਵਲੁ ਮਹਲਾ ੫ ॥ ਤਨੁ ਧਨੁ ਜੋਬਨੁ ਚਲਤ ਗਇਆ ॥ ਰਾਮ ਨਾਮ ਕਾ ਭਜਨੁ ਨ ਕੀਨੋ, ਕਰਤ ਬਿਕਾਰ ਨਿਸਿ ਭੋਰੁ ਭਇਆ ॥੧॥ਰਹਾਉ॥ ਅਨਿਕ ਪ੍ਰਕਾਰ ਭੋਜਨ ਨਿਤ ਖਾਤੇ, ਮੁਖ ਦੰਤਾ ਘਸਿ ਖੀਨ ਖਇਆ ॥ ਮੇਰੀ ਮੇਰੀ ਕਰਿ ਕਰਿ ਮੂਠਉ ,ਪਾਪ ਕਰਤ ਨਹ ਪਰੀ ਦਇਆ ॥੧॥ ਮਹਾ ਬਿਕਾਰ ਘੋਰ ਦੁਖ ਸਾਗਰ, ਤਿਸੁ ਮਹਿ ਪ੍ਰਾਣੀ ਗਲਤੁ ਪਇਆ ॥ ਸਰਨਿ ਪਰੇ ਨਾਨਕ ਸੁਆਮੀ ਕੀ, ਬਾਹ ਪਕਰਿ ਪ੍ਰਭਿ ਕਾਢਿ ਲਇਆ ॥੨॥੨੪॥੧੧੦॥ (ਹੇ ਭਾਈ! ਮਨੁੱਖ ਦਾ) ਸਰੀਰ, ਧਨ ਤੇ ਜੁਆਨੀ ਚਲਦਾ ਚਲਦਾ ਬਿਅਰਥ ਹੀ ਚਲਾ ਗਿਆ (ਟਿਕਿਆ ਨਾ ਰਿਹਾ।ਇਨ੍ਹਾਂ ਨਾਲ ਮੋਹ ਕਰਨ ਵਾਲੇ ਮਨੁੱਖ ਨੇ) ਪ੍ਰਮਾਤਮਾ ਦੇ ਨਾਮ ਦਾ ਭਜਨ ਨਹੀਂ ਕੀਤਾ, ਵਿਕਾਰ ਕਰਦਿਆਂ ਰਾਤ ਤੋਂ ਦਿਨ ਹੋ ਗਿਆ (ਕਾਲੇ ਕੇਸਾਂ ਵਾਲੀ ਜਵਾਨੀ ਬੀਤ ਗਈ ਅਤੇ ਚਿੱਟੇ ਕੇਸਾਂ ਵਾਲਾ ਬੁੱਢੇਪਾ ਆ ਗਿਆ)।੧।ਰਹਾਉ।(ਹੇ ਭਾਈ!) ਹਰ ਰੋਜ ਅਨੇਕਾਂ ਪ੍ਰਕਾਰ ਦੇ ਭੋਜਨ ਖਾਂਦਿਆਂ ਮੂੰਹ ਦੇ ਦੰਦ ਘਸ ਕੇ ਟੁੱਟ ਗਏ ਤੇ (ਸਰੀਰ ਦਾ ਬਲ ਵੀ) ਨਾਸ਼ ਹੋ ਗਿਆ ਹੈ।ਮੇਰੀ ਮੇਰੀ ਕਰ ਕਰਕੇ ਮਨੁੱਖ (ਵਿਕਾਰਾਂ ਵੱਲੋਂ) ਠੱਗਿਆ ਗਿਆ ਅਤੇ ਪਾਪ ਕਰਦਿਆਂ (ਇਸ ਨੂੰ ਕਦੇ ਵੀ) ਦਇਆ ਨਹੀਂ ਪਈ।੧।(ਹੇ ਭਾਈ! ਜੋ) ਵੱਡੇ ਵਿਕਾਰਾਂ ਦਾ ਭਿਆਨਕ ਦੁੱਖਾਂ ਦਾ ਸੰਸਾਰ ਸਮੁੰਦਰ ਹੈ, ਮਨੁੱਖ ਉਸ ਵਿਚ ਡਿਗਿਆ ਪਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਮਨੁੱਖ ਪ੍ਰਭੂ ਦੀ ਸ਼ਰਨ ਵਿਚ ਪਏ ਹਨ, ਪ੍ਰਭੂ ਨੇ (ਉਨ੍ਹਾਂ ਨੂੰ ਦੁੱਖਾਂ ਦੇ ਸੰਸਾਰ ਸਮੁੰਦਰ ਵਿਚੋਂ) ਬਾਹ ਤੋਂ ਫੜ ਕੇ ਬਾਹਰ ਕੱਢ ਲਿਆ ਹੈ।੨।੨੪।੧੧੦।

ਪਦਾਰਥ = ਤਨੁ–ਸਰੀਰ।ਜੋਬਨੁ–ਜਵਾਨੀ।ਚਲਤ ਗਿਆ–ਚਲਦਾ ਚਲਦਾ ਚਲਾ ਗਿਆ; ਨਾਸ਼ ਹੋ ਗਿਆ (ਟਿਕਿਆ ਨਾ ਰਿਹਾ)। ਨ ਕੀਨੋ–ਨਹੀਂ ਕੀਤਾ।ਕਰਤ ਬਿਕਾਰ–ਮਾੜੇ ਕੰਮ ਕਰਦਿਆਂ।ਨਿਸਿ–ਰਾਤ (ਕਾਲੇ ਕੇਸਾਂ ਵਾਲੀ ਜਵਾਨੀ) ਤੋਂ।ਭੋਰੁ ਭਇਆ–ਦਿਨ ਹੋ (ਚਿੱਟੇ ਕੇਸਾਂ ਵਾਲਾ ਬੁੱਢੇਪਾ ਆ) ਗਿਆ।੧।ਰਹਾਉ।ਅਨਿਕ ਪ੍ਰਕਾਰ–ਅਨੇਕਾਂ ਪ੍ਰਕਾਰ ਦੇ।ਨਿਤ–ਹਰ ਰੋਜ।ਖਾਤੇ–ਖਾਂਦਿਆਂ।

ਮੁਖ ਦੰਤਾ–ਮੂੰਹ ਦੇ ਦੰਦ। ਘਸਿ–ਘਸ ਕੇ। ਖੀਨ–ਕਮਜ਼ੋਰ ਹੋ ਗਏ; ਟੁੱਟ ਗਏ। ਖਇਆ–ਨਾਸ਼ ਹੋ ਗਿਆ। ਕਰਿ ਕਰਿ–ਕਰ ਕਰਕੇ। ਮੂਠਉ–ਠੱਗਿਆ ਗਿਆ। ਕਰਤ–ਕਰਦਿਆਂ। ਨਹ ਪਰੀ–ਪਈ ਨਹੀਂ।੧। ਘੋਰ ਦੁਖ–ਭਿਆਨਕ ਦੁਖ। ਤਿਸੁ ਮਹਿ–ਉਸ (ਸੰਸਾਰ ਸਮੁੰਦਰ) ਵਿਚ। ਪ੍ਰਾਣੀ–ਮਨੁੱਖ। ਗਲਤੁ ਪਇਆ–ਡਿਗਿਆ ਪਿਆ ਹੈ; ਗਰਕਦਾ ਪਿਆ ਹੈ। ਸਰਨਿ ਪਰੇ–ਸ਼ਰਨ ਵਿਚ ਪਏ ਹਨ। ਸੁਆਮੀ ਕੀ–ਮਾਲਕ ਪ੍ਰਭੂ ਦੀ। ਬਾਹ ਪਕਰਿ–ਬਾਂਹ ਤੋਂ ਫੜ ਕੇ। ਪ੍ਰਭਿ–ਪ੍ਰਭੂ ਨੇ।੨।੨੪।੧੧੦।

ਬਿਲਾਵਲੁ ਮਹਲਾ ੫ ॥ ਆਪਨਾ ਪ੍ਰਭੁ ਆਇਆ ਚੀਤਿ ॥ ਦੁਸਮਨ ਦੁਸਟ ਰਹੇ ਝਖ ਮਾਰਤ, ਕੁਸਲੁ ਭਇਆ ਮੇਰੇ ਭਾਈ ਮੀਤ ॥੧॥ਰਹਾਉ॥ ਗਈ ਬਿਆਧਿ ਉਪਾਧਿ ਸਭ ਨਾਸੀ, ਅੰਗੀਕਾਰੁ ਕੀਓ ਕਰਤਾਰਿ ॥ ਸਾਂਤਿ ਸੂਖ ਅਰੁ ਅਨਦ ਘਨੇਰੇ, ਪ੍ਰੀਤਮ ਨਾਮੁ ਰਿਦੈ ਉਰ ਹਾਰਿ ॥੧॥ ਜੀਉ ਪਿੰਡੁ ਧਨੁ ਰਾਸਿ ਪ੍ਰਭ ਤੇਰੀ, ਤੂੰ ਸਮਰਥੁ ਸੁਆਮੀ ਮੇਰਾ ॥ ਦਾਸ ਅਪੁਨੇ ਕਉ ਰਾਖਨਹਾਰਾ, ਨਾਨਕ ਦਾਸ ਸਦਾ ਹੈ ਚੇਰਾ ॥੨॥੨੫॥੧੧੧॥ (ਹੇ ਭਾਈ! ਮੈਨੂੰ) ਅਪਣਾ ਪ੍ਰਭੂ ਚਿਤ ਵਿਚ ਚੇਤੇ ਆਇਆ ਹੈ। ਹੇ ਮੇਰੇ ਭਰਾਵੋ! ਹੇ ਮਿੱਤਰੋ! ਸਾਰੇ ਦੁਸ਼ਮਨ ਤੇ ਭੈੜੇ ਮਨੁੱਖ ਫਜੂਲ ਬਕਵਾਸ ਮਾਰਦੇ ਰਹੇ ਹਨ (ਸਾਡਾ ਕੁਛ ਵਿਗਾੜ ਨਹੀਂ ਸਕੇ, ਪ੍ਰਭੂ ਚੇਤੇ ਆਉਣ ਕਰਕੇ ਮੇਰੇ ਮਨ ਵਿਚ) ਸੁਖ ਅਨੰਦ ਪ੍ਰਾਪਤ ਹੋਇਆ ਹੈ।੧।ਰਹਾਉ।(ਹੇ ਭਾਈ!) ਕਰਤਾਰ ਨੇ ਮੇਰੀ ਸਹਾਇਤਾ ਕੀਤੀ, (ਜਿਸ ਦੀ ਕ੍ਰਿਪਾ ਨਾਲ ਮੇਰਾ) ਸਰੀਰਕ ਰੋਗਾਂ ਦਾ ਦੁੱਖ ਦੂਰ ਹੋ ਗਿਆ ਅਤੇ ਛਲ ਫਰੇਬ ਦਾ ਦੁਖ ਵੀ ਨਾਸ਼ ਹੋ ਗਿਆ ਹੈ। ਪ੍ਰਭੂ ਦੇ ਨਾਮ ਨੂੰ ਹਿਰਦੇ ਦਾ ਹਾਰ ਬਣਾਉਣ ਨਾਲ ਸੁੱਖ ਸ਼ਾਂਤੀ ਅਤੇ ਬਹੁਤ ਅਨੰਦ ਪ੍ਰਾਪਤ ਹੋਇਆ ਹੈ।੧। ਹੇ ਪ੍ਰਭੂ! ਮੇਰੀ ਜਿੰਦ, ਸਰੀਰ ਤੇ ਧਨ ਆਦਿ ਸਭ ਤੇਰੀ ਦਿਤੀ ਹੋਈ ਪੂੰਜੀ ਹੈ ਅਤੇ ਤੂੰ ਮੇਰਾ ਸਰਬ ਸ਼ਕਤੀਮਾਨ ਮਾਲਕ ਹੈਂ। ਤੂੰ ਅਪਣੇ ਦਾਸ ਨੂੰ (ਦੁਸ਼ਮਨ ਤੇ ਦੁੱਖਾਂ ਤੋਂ) ਰੱਖਿਆ ਕਰਨ ਵਾਲਾ ਹੈਂ, ਦਾਸ ਨਾਨਕ ਸਦਾ ਹੀ ਤੇਰਾ ਸੇਵਕ ਹੈ।੨।੨੫।੧੧੧।

ਪਦਾਰਥ = ਚੀਤਿ–ਚਿੱਤ ਵਿਚ। ਦੁਸਟ–ਭੈੜੇ ਬੰਦੇ। ਰਹੇ ਝਖ ਮਾਰਤ–ਬਕਵਾਸ ਮਾਰਦੇ ਰਹੇ। ਕੁਸਲੁ–ਸੁਖ ਅਨੰਦ। ਭਇਆ–ਹੋਇਆ। ਭਾਈ–ਹੇ ਭਰਾਵੋ!। ਮੀਤ–ਹੇ ਮਿੱਤ੍ਰੋ!।੧।ਰਹਾਉ। ਬਿਆਧਿ–ਸਰੀਰਕ ਰੋਗਾਂ ਦਾ ਦੁੱਖ। ਉਪਾਧਿ–ਭੁਲੇਖਾ; ਛਲ ਫਰੇਬ ਆਦਿ ਦਾ ਦੁੱਖ। ਸਭ ਨਾਸੀ–ਨਾਸ਼ ਹੋ ਗਈ। ਅੰਗੀਕਾਰੁ ਕੀਓ–ਸਹਾਇਤਾ ਕੀਤੀ; ਪੱਖ ਕੀਤਾ। ਕਰਤਾਰਿ–ਕਰਤਾਰ ਨੇ। ਅਰੁ–ਅਤੇ। ਘਨੇਰੇ–ਬਹੁਤ। ਰਿਦੈ–ਹਿਰਦੇ ਵਿਚ। ਉਰ ਹਾਰਿ–ਹਿਰਦੇ ਦਾ ਹਾਰ।੧। ਜੀਓ–ਜਿੰਦ। ਪਿੰਡੁ–ਸਰੀਰ। ਧਨੁ–ਦੌਲਤ। ਰਾਸਿ–ਰਾਸ਼ੀ। ਸਮਰਥੁ–ਸਰਬ ਸ਼ਕਤੀਮਾਨ। ਸੁਆਮੀ–ਮਾਲਕ। ਰਾਖਨਹਾਰਾ–ਰੱਖਿਆ ਕਰਨ ਵਾਲਾ। ਚੇਰਾ–ਸੇਵਕ।੨।੨੫।੧੧।

ਬਿਲਾਵਲੁ ਮਹਲਾ ੫ ॥ ਗੋਬਿਦੁ ਸਿਮਰਿ ਹੋਆ ਕਲਿਆਣੁ ॥ ਮਿਟੀ ਉਪਾਧਿ ਭਇਆ ਸੁਖੁ ਸਾਚਾ, ਅੰਤਰਜਾਮੀ ਸਿਮਰਿਆ ਜਾਣੁ ॥੧॥ਰਹਾਉ॥ ਜਿਸ ਕੇ ਜੀਅ ਤਿਨਿ ਕੀਏ ਸੁਖਾਲੇ, ਭਗਤ ਜਨਾ ਕਉ ਸਾਚਾ ਤਾਣੁ ॥ ਦਾਸ ਅਪੁਨੇ ਕੀ ਆਪੇ ਰਾਖੀ, ਭੈ ਭੰਜਨ ਊਪਰਿ ਕਰਤੇ ਮਾਣੁ ॥੧॥ ਭਈ ਮਿਤ੍ਰਾਈ ਮਿਟੀ ਬੁਰਾਈ, ਦ੍ਰੁਸਟ ਦੂਤ ਹਰਿ ਕਾਢੇ ਛਾਣਿ ॥ ਸੂਖ ਸਹਜ ਆਨੰਦ ਘਨੇਰੇ, ਨਾਨਕ ਜੀਵੈ ਹਰਿ ਗੁਣਹ ਵਖਾਣਿ ॥੨॥੨੬॥੧੧੨॥ (ਹੇ ਭਾਈ!) ਗੋਬਿੰਦ ਦਾ ਨਾਮ ਸਿਮਰ ਕੇ (ਸਾਨੂੰ ਆਤਮਕ) ਸੁਖ ਪ੍ਰਾਪਤ ਹੋਇਆ ਹੈ।(ਉਸ ਨੂੰ) ਜਾਣੀ ਜਾਣ ਤੇ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਸਮਝ ਕੇ ਸਿਮਰਿਆ ਤਾਂ ਉਪਾਧੀ ਮਿਟ ਗਈ ਅਤੇ ਸੱਚਾ ਸੁਖ ਪ੍ਰਾਪਤ ਹੋ ਗਿਆ ਹੈ।੧।ਰਹਾਉ।(ਹੇ ਭਾਈ!) ਜਿਸ ਪ੍ਰਭੂ ਦੇ ਪੈਦਾ ਕੀਤੇ ਅਸੀਂ ਜੀਵ ਸਾਂ, ਉਸ ਨੇ (ਅਸੀਂ ਸਾਰੇ ਜੀਵ) ਸੁਖੀ ਕਰ ਦਿਤੇ ਹਨ, ਭਗਤ ਜਨਾਂ ਨੂੰ (ਉਸ ਦਾ) ਸੱਚਾ ਬਲ ਪ੍ਰਾਪਤ ਹੋਇਆ ਹੈ।(ਪ੍ਰਭੂ ਨੇ) ਅਪਣੇ ਦਾਸ ਦੀ ਆਪੇ ਪੈਜ ਰੱਖੀ ਹੈ, ਭੈ ਨਾਸ਼ ਕਰਨ ਵਾਲੇ ਪ੍ਰਭੂ ਉਤੇ (ਅਸੀਂ) ਮਾਣ ਕਰਦੇ ਹਾਂ।੧।(ਹੇ ਭਾਈ! ਸਾਰੀ) ਬੁਰਾਈ ਮਿਟ ਗਈ ਹੈ, (ਸਭ ਨਾਲ) ਮਿਤ੍ਰਤਾ ਹੋ ਗਈ ਹੈ, ਹਰੀ ਨੇ ਬੁਰਾ ਚਾਹੁਣ ਵਾਲੇ ਵੈਰੀ ਚੁਣ ਕੇ ਕੱਢ ਦਿਤੇ ਹਨ। ਨਾਨਕ ਹਰੀ ਦੇ ਗੁਣ ਉਚਾਰਨ ਕਰਕੇ ਜਿਉਂਦਾ ਹੈ, (ਜਿਸ ਦਾ ਸਦਕਾ ਸਾਨੂੰ) ਕੁਦਰਤੀ ਸੁਖ ਅਤੇ ਘਨੇਰੇ ਅਨੰਦ ਪ੍ਰਾਪਤ ਹੋਏ ਹਨ।੨।੨੬।੧੧੨।

ਪਦਾਰਥ = ਗੋਬਿਦੁ–ਪ੍ਰਭੂ ਨੂੰ। ਸਿਮਰਿ–ਸਿਮਰ ਕੇ। ਕਲਿਆਣੁ–ਸੁਖ। ਉਪਾਧਿ–ਛਲ; ਭੁਲੇਖਾ। ਮਿਟੀ–ਮਿਟ ਗਈ। ਭਇਆ–ਹੋਇਆ। ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ। ਜਾਣੁ–ਜਾਣੀ ਜਾਣ।੧।ਰਹਾਉ। ਜਿਸ ਕੇ–ਜਿਸ ਦੇ। ਜੀਅ–ਜੀਵ। ਤਿਨਿ–ਉਸ ਨੇ। ਕੀਏ ਸੁਖਾਲੇ–ਸੁਖੀ ਕਰ ਦਿਤੇ। ਕਉ–ਨੂੰ। ਤਾਣੁ–ਬਲ; ਆਸਰਾ। ਰਾਖੀ–(ਪੈਜ) ਰੱਖੀ ਹੈ। ਭੈ ਭੰਜਨ–ਡਰ ਨਾਸ਼ ਕਰਨ ਵਾਲਾ। ਕਰਤੇ ਮਾਣੁ–ਮਾਣ ਕਰਦੇ ਹਾਂ।੧। ਭਈ ਮਿਤ੍ਰਾਈ–ਮਿਤ੍ਰਤਾ ਹੋ ਗਈ। ਦ੍ਰੁਸਟ ਦੂਤ–ਬੁਰਾ ਚਾਹੁਣ ਵਾਲੇ ਵੈਰੀ। ਛਾਣਿ –ਛਾਣ (ਚੁਣ) ਕੇ। ਸੂਖ ਸਹਜ–ਕੁਦਰਤੀ ਅਨੰਦ। ਘਨੇਰੇ–ਬਹੁਤ। ਗੁਣਹ ਵਖਾਣਿ–ਗੁਣ ਉਚਾਰ ਕੇ।੨।੨੬।੧੧੨।

ਬਿਲਾਵਲੁ ਮਹਲਾ ੫ ॥ ਪਾਰਬ੍ਰਹਮ ਪ੍ਰਭ ਭਏ ਕ੍ਰਿਪਾਲ ॥ ਕਾਰਜ ਸਗਲ ਸਵਾਰੇ ਸਤਿਗੁਰ, ਜਪਿ ਜਪਿ ਸਾਧੂ ਭਏ ਨਿਹਾਲ ॥੧॥

ਰਹਾਉ॥ ਅੰਗੀਕਾਰੁ ਕੀਆ ਪ੍ਰਭਿ ਅਪਨੈ, ਦੋਖੀ ਸਗਲੇ ਭਏ ਰਵਾਲ ॥ ਕੰਠਿ ਲਾਇ ਰਾਖੇ ਜਨ ਅਪਨੇ, ਉਧਰਿ ਲੀਏ ਲਾਇ ਅਪਨੈ ਪਾਲ ॥੧॥ (ਹੇ ਭਾਈ!) ਪਾਰਬ੍ਰਹਮ ਪ੍ਰਮੇਸਰ ਸਾਡੇ ਉਤੇ ਮੇਹਰਵਾਨ ਹੋਏ ਹਨ। ਸਤਿਗੁਰੂ ਨੇ ਸਾਡੇ ਸਾਰੇ ਕੰਮ ਸਵਾਰ ਦਿਤੇ ਹਨ, (ਪ੍ਰਭੂ ਦਾ ਨਾਮ) ਜਪ ਜਪ ਕੇ ਸਾਧੂ ਜਨ ਨਿਹਾਲ ਹੋਏ ਹਨ।੧।ਰਹਾਉ।(ਹੇ ਭਾਈ!) ਅਪਣੇ ਪ੍ਰਭੂ ਨੇ ਮੇਰਾ ਪੱਖ ਕੀਤਾ, (ਜਿਸ ਕਰਕੇ) ਸਾਰੇ ਦੋਖੀ ਮਿੱਟੀ (ਨਾਸ਼) ਹੋ ਗਏ ਹਨ।(ਉਸ ਨੇ) ਅਪਣੇ ਦਾਸਾਂ ਦੀ ਗਲ ਨਾਲ ਲਾ ਕੇ ਰੱਖਿਆ ਕੀਤੀ ਅਤੇ (ਉਸ ਨੇ ਉਹ ਦਾਸ) ਅਪਣੇ ਪੱਲੇ ਨਾਲ ਲਾ ਕੇ (ਦੋਖੀਆਂ ਤੋਂ) ਬਚਾ ਲਏ ਹਨ।੧।

ਅੰਗ ੮੨੭ = ਸਹੀ ਸਲਾਮਤਿ ਮਿਲਿ ਘਰਿ ਆਏ, ਨਿੰਦਕ ਕੇ ਮੁਖ ਹੋਏ ਕਾਲ ॥ ਕਹੁ ਨਾਨਕ ਮੇਰਾ ਸਤਿਗੁਰੁ ਪੂਰਾ, ਗੁਰ ਪ੍ਰਸਾਦਿ ਪ੍ਰਭ ਭਏ ਨਿਹਾਲ ॥੨॥੨੭॥੧੧੩॥ (ਹੇ ਭਾਈ! ਪ੍ਰਵਾਰ ਨੂੰ) ਮਿਲ ਕੇ ਸਹੀ ਸਲਾਮਤ ਅਪਣੇ ਘਰ (ਅੰਮ੍ਰਿਤਸਰ ਵਿਖੇ) ਆ ਗਏ ਹਾਂ, (ਗੁਰੂ ਨਾਲ) ਮਿਲ ਕੇ ਰਾਜੀ ਖੁਸ਼ੀ ਅਪਣੇ ਅਸਲੀ ਘਰ ਵਿਚ ਆ ਗਏ ਹਾਂ ਅਤੇ ਨਿੰਦਕਾਂ ਦੇ ਮੂੰਹ ਕਾਲੇ ਹੋਏ ਹਨ (ਨਿੰਦਕਾਂ ਦੀਆਂ ਸਾਜਿਸ਼ਾਂ ਸਫਲ ਨਹੀਂ ਹੋ ਸਕੀਆਂ, ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ ਮੇਰਾ ਸਤਿਗੁਰੂ ਪੂਰਾ ਹੈ, ਗੁਰੂ ਦੀ ਕ੍ਰਿਪਾ ਨਾਲ ਪ੍ਰਭੂ ਦਾ ਦਰਸ਼ਨ ਕਰਕੇ ਅਸੀਂ ਨਿਹਾਲ ਹੋਏ ਹਾਂ।੨।੨੭।੧੧੩।

ਪਦਾਰਥ = ਭਏ ਕ੍ਰਿਪਾਲ–ਮੇਹਰਵਾਨ ਹੋਏ ਹਨ। ਕਾਰਜ ਸਗਲ–ਸਾਰੇ ਕੰਮ। ਸਵਾਰੇ–ਸਿਰ ਚਾੜ੍ਹ ਦਿਤੇ। ਨਿਹਾਲ–ਪ੍ਰਸੰਨ।੧। ਰਹਾਉ। ਅੰਗੀਕਾਰੁ ਕੀਆ–ਪੱਖ ਕੀਤਾ; ਸਹਾਇਤਾ ਕੀਤੀ। ਪ੍ਰਭਿ–ਪ੍ਰਭੂ ਨੇ। ਦੋਖੀ ਸਗਲੇ–ਸਾਰੇ ਵੈਰੀ। ਰਵਾਲ–ਧੂੜ; ਮਿੱਟੀ। ਕੰਠਿ ਲਾਇ–ਗਲ ਨਾਲ ਲਾ ਕੇ। ਰਾਖੇ–ਰੱਖਿਆ ਕੀਤੀ। ਜਨ–ਦਾਸਾਂ ਨੂੰ। ਉਧਰਿ ਲੀਏ–ਬਚਾ ਲਏ ਹਨ। ਪਾਲ–ਪੱਲਾ।੧। ਸਹੀ ਸਲਾਮਤਿ –ਰਾਜੀ ਖੁਸ਼ੀ; ਸੁੱਖ ਸ਼ਾਂਤੀ ਨਾਲ; ਬਿਨਾ ਨੁਕਸਾਨ ਦੇ। ਮਿਲਿ–ਮਿਲ ਕੇ। ਘਰਿ–ਘਰ ਵਿਚ। ਮੁਖ–ਮੂੰਹ। ਕਾਲ–ਕਾਲੇ। ਗੁਰ ਪ੍ਰਸਾਦਿ –ਗੁਰੂ ਦੀ ਕ੍ਰਿਪਾ ਨਾਲ।੨।੨੭।੧੧੩।

ਬਿਲਾਵਲੁ ਮਹਲਾ ੫ ॥ ਮੂ ਲਾਲਨ ਸਿਉ ਪ੍ਰੀਤਿ ਬਨੀ ॥੧॥ਰਹਾਉ॥ ਤੋਰੀ ਨ ਤੂਟੈ ਛੋਰੀ ਨ ਛੂਟੈ, ਐਸੀ ਮਾਧੋ ਖਿੰਚ ਤਨੀ ॥੧॥ ਦਿਨਸੁ ਰੈਨਿ ਮਨ ਮਾਹਿ ਬਸਤੁ ਹੈ, ਤੂ ਕਰਿ ਕਿਰਪਾ ਪ੍ਰਭ ਅਪਨੀ ॥੨॥ ਬਲਿ ਬਲਿ ਜਾਉ ਸਿਆਮ ਸੁੰਦਰ ਕਉ ,ਅਕਥ ਕਥਾ ਜਾ ਕੀ ਬਾਤ ਸੁਨੀ ॥੩॥ ਜਨ ਨਾਨਕ ਦਾਸਨਿ ਦਾਸ ਕਹੀਅਤਿ ਹੈ, ਮੋਹਿ ਕਰਹੁ ਕ੍ਰਿਪਾ ਠਾਕੁਰ ਅਪੁਨੀ ॥੪॥੨੮॥੧੧੪॥ (ਹੇ ਭਾਈ!) ਮੇਰੀ ਪਿਆਰੇ ਪ੍ਰਭੂ ਨਾਲ ਪ੍ਰੀਤ ਬਣੀ ਹੋਈ ਹੈ।੧।ਰਹਾਉ।(ਹੇ ਭਾਈ!) ਹਰੀ ਨੇ ਅਪਣੇ ਪ੍ਰੀਤ ਦੀ ਡੋਰੀ ਐਸੀ ਖਿੱਚ ਕੇ ਤਣੀ ਹੋਈ ਹੈ, ਜੋ ਤੋੜਿਆਂ ਟੁੱਟਦੀ ਨਹੀਂ ਅਤੇ ਛੱਡਿਆਂ ਛੁਟਦੀ ਨਹੀਂ।੧। ਹੇ ਪ੍ਰਭੂ! ਤੂੰ ਅਪਣੀ ਕ੍ਰਿਪਾ ਕਰਕੇ ਦਿਨ ਰਾਤ ਮੇਰੇ ਮਨ ਵਿਚ ਵਸਦਾ ਹੈਂ।੨।(ਹੇ ਭਾਈ!) ਮੈਂ ਸੁੰਦਰ ਪ੍ਰਭੂ ਤੋਂ ਮਨ ਤੇ ਤਨ ਕਰਕੇ ਬਲਿਹਾਰ ਜਾਂਦਾ ਹਾਂ, ਜਿਸ ਦੀ ਬਾਬਤ ਇਹ ਗੱਲ ਸੁਣੀ ਹੈ ਕਿ ਉਸ ਦੀ ਕਥਾ (ਪੂਰਨ ਤੌਰ ਤੇ) ਕਹੀ ਨਹੀਂ ਜਾ ਸਕਦੀ।੩। ਦਾਸ ਨਾਨਕ ਪ੍ਰਭੂ ਦੇ ਦਾਸਾਂ ਦਾ ਦਾਸ ਕਿਹਾ ਜਾਂਦਾ ਹੈ, ਹੇ ਮਾਲਕ ਪ੍ਰਭੂ! ਮੇਰੇ ਉਤੇ ਅਪਣੀ ਕ੍ਰਿਪਾ ਕਰ (ਤਾਂ ਕਿ ਤੇਰੇ ਨਾਲ ਪ੍ਰੀਤ ਬਣੀ ਰਹੇ)।੪।੨੮।੧੧੪।

ਪਦਾਰਥ = ਮੂ–ਮੇਰੀ। ਲਾਲਨ ਸਿਉ–ਪਿਆਰੇ ਪ੍ਰਭੂ ਨਾਲ। ਬਨੀ–ਬਣੀ ਹੋਈ ਹੈ।੧।ਰਹਾਉ। ਤੋਰੀ ਨ ਤੂਟੈ–ਤੋੜਿਆਂ ਟੁੱਟਦੀ ਨਹੀਂ। ਛੋਰੀ ਨ ਛੂਟੈ–ਛਡਿਆਂ ਛੁਟਦੀ ਨਹੀਂ। ਮਾਧੋ–ਮਾਇਆ ਪਤੀ ਪ੍ਰਭੂ ਨੇ। ਖਿੰਚ ਤਨੀ–ਖਿੱਚ (ਕਸ) ਕੇ ਤਣੀ ਹੋਈ ਹੈ।੧। ਦਿਨਸੁ–ਦਿਨ। ਰੈਨਿ–ਰਾਤ। ਮਨ ਮਾਹਿ–ਮਨ ਵਿਚ। ਬਸਤੁ ਹੈ–ਵਸਦਾ ਹੈ। ਕਰਿ–ਕਰਕੇ। ਪ੍ਰਭ–ਹੇ ਪ੍ਰਭੂ!।੨। ਬਲਿ ਬਲਿ ਜਾਉ– ਮੈਂ ਮਨ ਤੇ ਤਨ ਕਰਕੇ ਕੁਰਬਾਨ ਜਾਂਦਾ ਹਾਂ। ਸਿਆਮ ਸੁੰਦਰ ਕਉ–ਸੋਹਣੇ ਸ਼ਿਆਮ (ਪ੍ਰਭੂ) ਤੋਂ। ਅਕਥ–ਕਹਿਣ ਤੋਂ ਰਹਿਤ। ਜਾ ਕੀ–ਜਿਸ ਦੀ। ਬਾਤ–ਗੱਲ।੩। ਜਨ ਨਾਨਕ–ਦਾਸ ਨਾਨਕ। ਦਾਸਨਿ ਦਾਸ–ਦਾਸਾਂ ਦਾ ਦਾਸ। ਕਹੀਅਤਿ ਹੈ–ਕਿਹਾ ਜਾਂਦਾ ਹੈ; ਕਹਾਉਂਦਾ ਹੈ। ਮੋਹਿ–ਮੇਰੇ ਉਤੇ। ਕਰਹੁ–ਕਰੋ ਜੀ। ਠਾਕੁਰ–ਹੇ ਪ੍ਰਭੂ!।੪।੨੮।੧੧੪।

ਬਿਲਾਵਲੁ ਮਹਲਾ ੫ ॥ ਹਰਿ ਕੇ ਚਰਨ ਜਪਿ ਜਾਂਉ ਕੁਰਬਾਨੁ ॥ ਗੁਰੁ ਮੇਰਾ ਪਾਰਬ੍ਰਹਮ ਪਰਮੇਸੁਰੁ ,ਤਾ ਕਾ ਹਿਰਦੈ ਧਰਿ ਮਨ ਧਿਆਨੁ ॥੧॥ਰਹਾਉ॥ ਸਿਮਰਿ ਸਿਮਰਿ ਸਿਮਰਿ ਸੁਖ ਦਾਤਾ, ਜਾ ਕਾ ਕੀਆ ਸਗਲ ਜਹਾਨੁ ॥ ਰਸਨਾ ਰਵਹੁ ਏਕੁ ਨਾਰਾਇਣੁ ,ਸਾਚੀ ਦਰਗਹ ਪਾਵਹੁ ਮਾਨੁ ॥੧॥ ਸਾਧੂ ਸੰਗੁ ਪਰਾਪਤਿ ਜਾਕਉ ,ਤਿਨ ਹੀ ਪਾਇਆ ਏਹੁ ਨਿਧਾਨੁ ॥ ਗਾਵਉ ਗੁਣ ਕੀਰਤਨੁ ਨਿਤ ਸੁਆਮੀ, ਕਰਿ ਕਿਰਪਾ ਨਾਨਕ ਦੀਜੈ ਦਾਨੁ ॥੨॥੨੯॥੧੧੫॥ (ਹੇ ਭਾਈ!) ਹਰੀ ਦਾ ਨਾਮ ਜਪ ਕੇ ਮੈਂ (ਉਸ ਦੇ) ਚਰਨਾਂ ਤੋਂ ਕੁਰਬਾਨ ਜਾਂਦਾ ਹਾਂ। ਹੇ ਮੇਰੇ ਮਨ! ਮੇਰਾ ਗੁਰੂ ਪਾਰਬ੍ਰਹਮ ਪ੍ਰਮੇਸ਼ਰ ਦਾ ਰੂਪ ਹੈ, ਤੂੰ ਉਸ ਗੁਰੂ ਦਾ ਹਿਰਦੇ ਵਿਚ ਧਿਆਨ ਧਰਿਆ ਕਰ।੧।ਰਹਾਉ।(ਹੇ ਭਾਈ!) ਮਨ ਬਾਣੀ ਤੇ ਸਰੀਰ ਕਰਕੇ ਸੁਖ ਦੇਣ ਵਾਲੇ ਪ੍ਰਭੂ ਦਾ ਸਿਮਰਨ ਕਰ, ਜਿਸ ਦਾ ਸਾਰਾ

ਸੰਸਾਰ ਪੈਦਾ ਕੀਤਾ ਹੋਇਆ ਹੈ। ਤੂੰ ਜੀਭ ਨਾਲ ਇਕ ਨਰਾਇਣ ਨੂੰ ਸਿਮਰਦਾ ਰਹੁ, (ਉਸ ਨੂੰ ਸਿਮਰ ਕੇ ਤੂੰ) ਸੱਚੀ ਦਰਗਾਹ ਵਿਚ ਆਦਰ ਪਾ ਲਵੇਂਗਾ।੧।(ਹੇ ਭਾਈ!) ਜਿਸ ਮਨੁੱਖ ਨੂੰ ਸਾਧੂ ਗੁਰੂ ਦੀ ਸੰਗਤ ਪ੍ਰਾਪਤ ਹੋਈ ਹੈ, ਉਸ ਨੇ ਹੀ ਇਹ ਨਾਮ ਰੂਪ ਖਜਾਨਾ ਪਾਇਆ ਹੈ। ਹੇ ਮੇਰੇ ਮਾਲਕ ਪ੍ਰਭੂ! ਕ੍ਰਿਪਾ ਕਰਕੇ ਨਾਨਕ ਨੂੰ ਇਹ ਦਾਨ ਦੇਹ ਕਿ ਮੈਂ ਹਰ ਰੋਜ ਤੇਰੇ ਗੁਣ ਗਾਉਂਦਾ ਰਹਾਂ, ਤੇਰਾ ਕੀਰਤਨ ਕਰਦਾ ਰਹਾਂ।੨।੨੯।੧੧੫।

ਪਦਾਰਥ = ਜਪਿ–ਜਪ ਕੇ। ਜਾਉਂ ਕੁਰਬਾਨ–ਕੁਰਬਾਨ ਜਾਂਦਾ ਹਾਂ। ਤਾ ਕਾ–ਉਸ ਦਾ। ਹਿਰਦੈ–ਹਿਰਦੇ ਵਿਚ। ਧਰਿ ਧਿਆਨੁ–ਧਿਆਨ ਧਰਿਆ ਕਰ। ਮਨ–ਹੇ ਮਨ!। ਸਿਮਰਿ–ਸਿਮਰ ਕੇ। ਜਾ ਕਾ–ਜਿਸ ਦਾ। ਕੀਆ–ਪੈਦਾ ਕੀਤਾ ਹੋਇਆ ਹੈ। ਸਗਲ ਜਹਾਨੁ–ਸਾਰਾ ਸੰਸਾਰ। ਰਸਨਾ–ਜੀਭ ਨਾਲ। ਰਵਹੁ–ਸਿਮਰਦਾ ਰਹੁ। ਪਾਵਹੁ ਮਾਨੁ–ਆਦਰ ਪਾ ਲਵੇਂਗਾ।੧। ਸਾਧੂ ਸੰਗੁ–ਸਾਧੂ ਗੁਰੂ ਦੀ ਸੰਗਤ। ਜਾ ਕਉ–ਜਿਸ ਨੂੰ। ਤਿਨ ਹੀ–ਉਸ ਨੇ ਹੀ। ਨਿਧਾਨੁ–ਖਜਾਨਾ। ਗਾਵਉ–ਮੈਂ ਗਾਉਂਦਾ ਰਹਾਂ। ਨਿਤ–ਹਰ ਰੋਜ। ਸੁਆਮੀ–ਹੇ ਮਾਲਕ ਪ੍ਰਭੂ!। ਕਰਿ–ਕਰ ਕੇ। ਦੀਜੈ ਦਾਨੁ–ਦਾਨ ਦੇਹ।੨।੨੯।੧੧੫।

ਬਿਲਾਵਲੁ ਮਹਲਾ ੫ ॥ ਰਾਖਿ ਲੀਏ ਸਤਿਗੁਰ ਕੀ ਸਰਣ ॥ ਜੈ ਜੈਕਾਰੁ ਹੋਆ ਜਗ ਅੰਤਰਿ, ਪਾਰਬ੍ਰਹਮੁ ਮੇਰੋ ਤਾਰਣ ਤਰਣ ॥੧॥ ਰਹਾਉ॥ ਬਿਸ੍ਵੰਭਰ ਪੂਰਨ ਸੁਖ ਦਾਤਾ, ਸਗਲ ਸਮਗ੍ਰੀ ਪੋਖਣ ਭਰਣ ॥ ਥਾਨ ਥਨੰਤਰਿ ਸਰਬ ਨਿਰੰਤਰਿ, ਬਲਿ ਬਲਿ ਜਾਂਈ ਹਰਿ ਕੇ ਚਰਣ ॥੧॥ ਜੀਅ ਜੁਗਤਿ ਵਸਿ ਮੇਰੇ ਸੁਆਮੀ, ਸਰਬ ਸਿਧਿ ਤੁਮ ਕਾਰਣ ਕਰਣ ॥ ਆਦਿ ਜੁਗਾਦਿ ਪ੍ਰਭੁ ਰਖਦਾ ਆਇਆ, ਹਰਿ ਸਿਮਰਤ ਨਾਨਕ ਨਹੀ ਡਰਣ ॥੨॥੩੦॥੧੧੬॥ (ਹੇ ਭਾਈ!) ਸਤਿਗੁਰੂ ਦੀ ਸ਼ਰਣ ਵਿਚ ਪਾ ਕੇ (ਪ੍ਰਭੂ ਨੇ ਸਾਨੂੰ ਸੰਸਾਰ ਸਮੁੰਦਰ ਵਿਚ ਡੁਬਣ ਤੋਂ) ਬਚਾ ਲਿਆ ਹੈ। ਮੇਰਾ ਪ੍ਰਭੂ ਸੰਸਾਰ ਸਮੁੰਦਰ ਤੋਂ ਤਾਰਨ ਵਾਸਤੇ ਜਹਾਜ ਰੂਪ ਹੈ, (ਜਿਸ ਦਾ) ਸਾਰੇ ਜਗਤ ਦੇ ਅੰਦਰ ਜੈ ਜੈਕਾਰ ਹੋ ਰਿਹਾ ਹੈ।੧। ਰਹਾਉ।(ਹੇ ਭਾਈ!) ਸਾਰੇ ਵਿਸ਼ਵ ਨੂੰ ਭਰਨ ਵਾਲਾ ਵਿਆਪਕ ਪ੍ਰਭੂ ਸੁੱਖਾਂ ਦਾ ਦਾਤਾ ਹੈ, ਉਹ ਸਾਰੀ ਸਮੱਗਰੀ ਨਾਲ ਜੀਵਾਂ ਦੀ ਪਾਲਣਾ ਕਰਨ ਵਾਲਾ ਅਤੇ ਰੱਖਿਆ ਕਰਨ ਵਾਲਾ ਹੈ। ਉਹ ਸਭ ਥਾਵਾਂ ਅਤੇ ਥਾਵਾਂ ਦੇ ਅੰਦਰ ਇਕ ਰਸ ਵਿਆਪਕ ਹੈ ਅਤੇ ਮੈਂ ਮਨ ਅਤੇ ਸਰੀਰ ਕਰਕੇ ਹਰੀ ਦੇ ਚਰਨਾਂ ਤੋਂ ਕੁਰਬਾਨ ਜਾਂਦਾ ਹਾਂ।੧। ਹੇ ਮੇਰੇ ਮਾਲਕ! ਜੀਵਾਂ ਦੇ ਪਾਲਣ ਪੋਸਣ ਆਦਿ ਦੀ ਜੁਗਤੀ ਤੇਰੇ ਵਸ ਵਿਚ ਹੈ {ਜੀਅ ਜੁਗਤਿ ਜਾ ਕੈ ਹੈ ਹਾਥ ੧੮੪}, ਤੂੰ ਸਾਰੀਆਂ ਤਾਕਤਾਂ ਦਾ ਮਾਲਕ ਅਤੇ ਜਗਤ ਦਾ ਮੂਲ ਕਾਰਣ ਹੈਂ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਆਦਿ ਜੁਗਾਦਿ ਤੋਂ (ਅਪਣੇ ਸੇਵਕਾਂ ਦੀ) ਪੈਜ ਰਖਦਾ ਆਇਆ ਹੈ, ਹਰੀ ਦਾ ਨਾਮ ਸਿਮਰਦਿਆਂ (ਕਿਸੇ ਕਿਸਮ ਦਾ) ਡਰ ਨਹੀਂ ਰਹਿੰਦਾ।੨।੩੦।੧੧੬।

ਪਦਾਰਥ = ਰਾਖਿ ਲੀਏ–ਬਚਾ ਲਿਆ ਹੈ। ਜੈ ਜੈਕਾਰੁ–ਸੋਭਾ; ਵਡਿਆਈ। ਜਗ ਅੰਤਰਿ–ਜਗਤ ਦੇ ਅੰਦਰ। ਤਾਰਣ–ਤਾਰਨ ਵਾਸਤੇ। ਤਰਣ–ਜਹਾਜ।੧। ਰਹਾਉ। ਬਿਸ੍ਵੰਭਰ–ਵਿਸ਼ਵ ਨੂੰ ਭਰਨ (ਪਾਲਣ) ਵਾਲਾ। ਪੂਰਨ–ਸਰਬ ਵਿਆਪਕ। ਸਗਲ ਸਮਗ੍ਰੀ–ਸਾਰੀਆਂ ਵਸਤਾਂ (ਪਦਾਰਥ)। ਪੋਖਣ ਭਰਣ–ਪਾਲਣ ਵਾਲਾ ਤੇ ਰੱਖਿਆ ਕਰਨ ਵਾਲਾ। ਥਾਨ ਥਨੰਤਰਿ–ਥਾਵਾਂ ਅਤੇ ਥਾਵਾਂ ਦੇ ਅੰਦਰ। ਸਰਬ ਨਿਰੰਤਰਿ–ਬਿਨਾ ਵਿਥ ਤੋਂ; ਇਕ ਰਸ; ਲਗਤਾਰ। ਬਲਿ ਬਲਿ–ਕੁਰਬਾਨ। ਜਾਂਈ–ਜਾਂਦਾ ਹਾਂ।੧। ਜੀਅ ਜੁਗਤਿ–ਜੀਵਾਂ ਦੇ ਪਾਲਣ ਪੋਸਣ ਆਦਿ ਦਾ ਪ੍ਰਬੰਧ। ਵਸਿ–ਵਸ ਵਿਚ। ਸੁਆਮੀ–ਹੇ ਮਾਲਕ ਪ੍ਰਭੂ!। ਸਿਧਿ–ਤਾਕਤਾਂ। ਕਾਰਨ ਕਰਨ–ਜਗਤ ਰਚਨਾ ਦੇ ਕਾਰਣਾਂ ਦਾ ਮੂਲ ਕਾਰਨ। ਆਦਿ–ਸ਼ੁਰੂ ਤੋਂ। ਜੁਗਾਦਿ–ਜੁਗਾਂ ਦੇ ਸ਼ੁਰੂ ਤੋਂ। ਸਿਮਰਤ–ਸਿਮਰਦਿਆਂ। ਡਰਣ–ਡਰ।੨।੩੦।੧੧੬।

ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੮ ੴ ਸਤਿਗੁਰ ਪ੍ਰਸਾਦਿ ॥ ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਈਘੈ ਨਿਰਗੁਨ ਊਘੈ ਸਰਗੁਨ, ਕੇਲ ਕਰਤ ਬਿਚਿ ਸੁਆਮੀ ਮੇਰਾ ॥੧॥ਰਹਾਉ॥ ਨਗਰ ਮਹਿ ਆਪਿ ਬਾਹਰਿ ਫੁਨਿ ਆਪਨ, ਪ੍ਰਭ ਮੇਰੇ ਕੋ ਸਗਲ ਬਸੇਰਾ ॥ ਆਪੇ ਹੀ ਰਾਜਨੁ ਆਪੇ ਹੀ ਰਾਇਆ, ਕਹ ਕਹ ਠਾਕੁਰੁ ਕਹ ਕਹ ਚੇਰਾ ॥੧॥ ਕਾ ਕਉ ਦੁਰਾਉ ਕਾ ਸਿਉ ਬਲਬੰਚਾ, ਜਹ ਜਹ ਪੇਖਉ ਤਹ ਤਹ ਨੇਰਾ ॥ ਸਾਧ ਮੂਰਤਿ ਗੁਰੁ ਭੇਟਿਓ ਨਾਨਕ, ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥੨॥੧॥੧੧੭॥ ਹੇ ਪ੍ਰਭੂ! ਮੈਂ ਕੁਛ ਵੀ ਨਹੀਂ ਹਾਂ, (ਮੇਰਾ ਸਰੀਰ, ਧਨ ਪਦਾਰਥ ਆਦਿ) ਸਭ ਕੁਛ ਤੇਰਾ (ਹੀ ਮੈਨੂੰ ਬਖਸ਼ਿਆ ਹੋਇਆ) ਹੈ।(ਹੇ ਭਾਈ!) ਇਕ ਪਾਸੇ ਪ੍ਰਭੂ ਨਿਰਗੁਨ ਸਰੂਪ ਹੈ, ਦੂਜੇ ਪਾਸੇ ਉਹ ਸਰਗੁਨ ਸਰੂਪ ਹੈਂ, ਇਨ੍ਹਾਂ ਦੋਹਾਂ ਹਾਲਤਾਂ ਵਿਚਕਾਰ ਮੇਰਾ ਮਾਲਕ ਸੰਸਾਰ ਰਚਨਾ ਦੀ ਖੇਡ ਕਰ ਰਿਹਾ ਹੈ (ਪ੍ਰਭੂ ਦੋਹਾਂ ਹਾਲਤਾਂ ਵਿਚ ਵਰਤਦਾ ਹੋਇਆ ਸੰਸਾਰ ਦਾ ਕੰਮ ਚਲਾ ਰਿਹਾ ਹੈ)।੧। ਰਹਾਉ। ਸਰੀਰ ਰੂਪ ਨਗਰ ਵਿਚ ਵੀ ਪ੍ਰਭੂ ਆਪ ਹੀ ਹੈ, (ਸਰੀਰ ਨਗਰ ਤੋਂ) ਬਾਹਰ ਜਗਤ ਵਿਚ ਵੀ ਉਹ ਆਪ ਹੀ ਹੈ, ਮੇਰੇ ਪ੍ਰਭੂ ਦਾ ਸਾਰੇ ਪਾਸੇ ਵਾਸਾ ਹੈ (ਸਰਬ ਵਿਆਪਕ ਹੈ। ਉਹ) ਆਪੇ ਰਾਜਾ ਰੂਪ ਹੈ, ਆਪ ਹੀ ਪਰਜਾ ਰੂਪ ਹੈ, ਕਿਤੇ ਕਿਤੇ ਉਹ ਮਾਲਕ ਹੋ

ਕੇ ਤੇ ਕਿਤੇ ਕਿਤੇ ਉਹ ਸੇਵਕ ਹੋ ਕੇ ਵਰਤ ਰਿਹਾ ਹੈ।੧।(ਹੇ ਭਾਈ!) ਕਿਸ ਪਾਸੋਂ ਲੁਕਾਉ ਕਰੀਏ, ਕਿਸ ਨਾਲ ਠੱਗੀਆਂ ਕਰੀਏ? (ਕਿਉਂਕਿ) ਮੈਂ ਜਿਥੇ ਜਿਥੇ ਦੇਖਦਾ ਹਾਂ, ਉਥੇ ਉਥੇ ਉਹ ਨੇੜੇ (ਮੌਜੂਦ) ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਦੋਂ ਮੈਨੂੰ) ਸੰਤ ਸਰੂਪ ਗੁਰੂ ਮਿਲ ਪਿਆ; ਪੂਰਨ ਪੁਰਖ ਗੁਰੂ ਨਾਨਕ ਦੇਵ ਜੀ ਮਿਲੇ {ਸਾਧ ਰੂਪ ਅਪਨਾ ਤਨੁ ਧਾਰਿਆ ੧੦੦੫}(ਤਾਂ ਨਿਸਚੇ ਕੀਤਾ ਕਿ ਜਿਵੇਂ) ਬੂੰਦ ਸਾਗਰ ਨਾਲ ਮਿਲ ਕੇ ਵਖਰੀ ਨਹੀਂ ਦਿਸਦੀ {ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ੨੮੭}(ਤਿਵੇਂ ਜੀਵ ਬ੍ਰਹਮ ਨਾਲ ਮਿਲ ਕੇ ਵੱਖਰਾ ਨਹੀਂ ਦਿਸਦਾ)।੨।੧।੧੧੭।ਦੁਪਦੇ-ਦੋ ਪਦਿਆਂ ਵਾਲੇ ਸ਼ਬਦ।

ਪਦਾਰਥ = ਪ੍ਰਭ-ਹੇ ਪ੍ਰਭੂ!।ਈਘੈ-ਇਕ ਪਾਸੇ; ਇਧਰ।ਨਿਰਗੁਨ-ਮਾਇਆ ਦੇ ਤਿੰਨ ਗੁਣਾਂ ਤੋਂ ਰਹਿਤ ਪ੍ਰਭੂ।ਊਘੈ-ਦੂਜੇ ਪਾਸੇ; ਉਧਰ।ਸਰਗੁਨ-ਮਾਇਆ ਦੇ ਤਿੰਨਾਂ ਗੁਣਾਂ ਸਹਿਤ ਪ੍ਰਭੂ।ਕੇਲ ਕਰਤ-ਖੇਡ ਕਰ ਰਿਹਾ ਹੈ।ਬਿਚਿ-(ਨਿਰਗੁਣ ਤੇ ਸਰਗੁਣ ਦੋਹਾਂ ਹਾਲਤਾਂ ਦੇ) ਵਿਚਕਾਰ।ਸੁਆਮੀ-ਮਾਲਕ ਪ੍ਰਭੂ।੧।ਰਹਾਉ।ਨਗਰ ਮਹਿ-ਸਰੀਰ ਵਿਚ।ਫੁਨਿ-ਭੀ।ਕੋ-ਦਾ।ਸਗਲ ਬਸੇਰਾ-ਸਭ ਜਗ੍ਹਾ ਵਾਸਾ ਹੈ; ਸਾਰੇ ਜੀਵਾਂ ਵਿਚ ਵਾਸਾ ਹੈ।ਰਾਜਨੁ-ਰਾਜਾ।ਰਾਇਆ-(ਅ.) ਰਿਆਇਆ (ਪਰਜਾ)।ਕਹ ਕਹ-ਕਿਤੇ ਕਿਤੇ (ਕਿਸੇ ਕਿਸੇ ਥਾਂ ਤੇ)।ਠਾਕੁਰੁ-ਮਾਲਕ।ਚੇਰਾ-ਸੇਵਕ; ਨੌਕਰ।੧।ਕਾ ਕਉ-ਕਿਸ ਪਾਸੋਂ।ਦੁਰਾਉ-ਲੁਕਾਉ; ਓਹਲਾ।ਕਾ ਸਿਉ-ਕਿਸ ਨਾਲ।ਬਲਬੰਚਾ-ਠੱਗੀ।ਜਹ ਜਹ-ਜਿਥੇ ਜਿਥੇ।ਪੇਖਉ-ਮੈਂ ਦੇਖਦਾ ਹਾਂ।ਤਹ ਤਹ-ਉਥੇ ਉਥੇ।ਨੇਰਾ-ਨੇੜੇ।ਸਾਧ ਮੂਰਤਿ-ਸੰਤ ਸਰੂਪ; ਪੂਰਨ ਪੁਰਖ।ਭੇਟਿਓ-ਮਿਲ ਪਿਆ।ਮਿਲਿ-ਮਿਲ ਕੇ।ਅਨ-ਹੋਰ; ਵਖਰੀ।ਹੇਰਾ-ਦਿਸਦੀ।੨।੧।੧੧੭।

ਅੰਗ ੮੨੮ = ਬਿਲਾਵਲੁ ਮਹਲਾ ੫ ॥ ਤੁਮ੍ ਸਮਰਥਾ ਕਾਰਨ ਕਰਨ ॥ ਢਾਕਨ ਢਾਕਿ ਗੋਬਿਦ ਗੁਰ ਮੇਰੇ, ਮੋਹਿ ਅਪਰਾਧੀ ਸਰਨ ਚਰਨ ॥੧॥ਰਹਾਉ॥ ਜੋ ਜੋ ਕੀਨੋ ਸੋ ਤੁਮ੍ ਜਾਨਿਓ, ਪੇਖਿਓ ਠਉਰ ਨਾਹੀ ਕਛੁ ,ਢੀਠ ਮੁਕਰਨ ॥ ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਰੋ, ਕੋਟਿ ਅਘਾ ਤੇਰੋ ਨਾਮ ਹਰਨ ॥੧॥ ਹਮਰੋ ਸਹਾਉ ਸਦਾ ਸਦ ਭੂਲਨ, ਤੁਮ੍ਰੋ ਬਿਰਦੁ ਪਤਿਤ ਉਧਰਨ ॥ ਕਰੁਣਾਮੈ ਕਿਰਪਾਲ ਕ੍ਰਿਪਾਨਿਧਿ, ਜੀਵਨ ਪਦ ਨਾਨਕ ਹਰਿ ਦਰਸਨ ॥੨॥੨॥੧੧੮॥ (ਹੇ ਪ੍ਰਭੂ!) ਤੂੰ ਸਾਰੇ ਕਾਰਨਾਂ ਦੇ ਕਰਨ ਵਾਲਾ ਸਰਬ ਸ਼ਕਤੀਮਾਨ ਹੈਂ।ਹੇ ਮੇਰੇ ਗੋਬਿੰਦ ਰੂਪ ਗੁਰੂ! ਮੈਂ ਅਪਰਾਧੀ ਤੇਰੇ ਚਰਨਾਂ ਦੀ ਸ਼ਰਨ ਵਿਚ ਆਇਆ ਹਾਂ, (ਕ੍ਰਿਪਾ ਕਰਕੇ) ਮੇਰੇ ਪੜਦੇ ਢਕ ਲੈ।੧।ਰਹਾਉ।ਜੋ ਜੋ ਕੰਮ ਮੈਂ ਕੀਤੇ ਹਨ (ਦੱਸਣ ਦੀ ਲੋੜ ਨਹੀਂ), ਉਹ ਸਭ ਤੈਂ ਜਾਣ ਲਏ ਹਨ, ਮੈਂ ਦੇਖਿਆ ਹੈ ਕਿ (ਮੰਦ ਕਰਮਾਂ ਤੋਂ ਮੇਰੇ) ਢੀਠ ਦੇ ਮੁਕਰਨ ਦੀ ਕੋਈ ਥਾਂ ਨਹੀਂ।ਹੇ ਪ੍ਰਭੂ! ਮੈਂ ਸੁਣਿਆ ਹੈ ਕਿ ਤੇਰਾ ਵੱਡਾ ਤੇਜ ਪ੍ਰਤਾਪ ਹੈ ਅਤੇ ਤੇਰਾ ਨਾਮ ਕ੍ਰੋੜਾਂ ਪਾਪ ਨਾਸ਼ ਕਰਨ ਵਾਲਾ ਹੈ।੧।ਸਾਡਾ (ਸਭ ਜੀਵਾਂ ਦਾ) ਸੁਭਾਉ ਸਦਾ ਸਦਾ ਭੁੱਲਣ ਵਾਲਾ ਹੈ ਅਤੇ ਤੇਰਾ ਬਿਰਦ ਪਾਪੀਆਂ ਦਾ ਉਧਾਰ ਕਰਨ ਵਾਲਾ ਹੈ।ਹੇ ਦਇਆ ਸਰੂਪ! ਹੇ ਕ੍ਰਿਪਾਲੂ! ਹੇ ਕ੍ਰਿਪਾ ਦੇ ਖਜਾਨੇ ਪ੍ਰਭੂ! ਨਾਨਕ ਨੂੰ ਅਪਣਾ ਦਰਸ਼ਨ ਦੇਹ, ਤੇਰਾ ਦਰਸ਼ਨ ਉਚੇ ਜੀਵਨ ਦੀ ਪਦਵੀ ਦੇਣ ਵਾਲਾ ਹੈ।੨।੨।੧੧੮।

ਜੋ ਜੋ ਕੀਨੋ ਸੋ ਤੁਮ੍ ਜਾਨਿਓ ਪੇਖਿਓ, ਠਉਰ ਨਾਹੀ ਕਛੁ ਢੀਠ ਮੁਕਰਨ = ਜੋ ਜੋ ਮੈਂ ਮੰਦ ਕਰਮ ਕੀਤੇ ਹਨ, ਉਹ ਤੈਂ ਜਾਣ ਲਏ ਹਨ ਤੇ ਦੇਖ ਲਏ ਹਨ, (ਇਸ ਲਈ ਮੰਦ ਕਰਮਾਂ ਤੋਂ ਮੇਰੇ) ਢੀਠ ਦੇ ਮੁਕਰਨ ਦੀ ਕੋਈ ਥਾਂ ਨਹੀਂ (ਨਿਰਣੈ; ਦਰਪਨ)।

ਪਦਾਰਥ = ਤੁਮ੍-ਤੂੰ।ਸਮਰਥਾ-ਸਭ ਤਾਕਤਾਂ ਦਾ ਮਾਲਕ।ਕਾਰਨ ਕਰਨ-ਸਾਰੇ ਕਾਰਨਾਂ ਦੇ ਕਰਨ ਵਾਲਾ; ਜਗਤ ਰਚਨਾ ਦਾ ਮੂਲ ਕਾਰਨ।ਢਾਕਨ-ਪੜਦਾ।ਢਾਕਿ-ਢਕ ਲੈ।ਗੋਬਿਦ ਗੁਰ-ਹੇ ਗੋਬਿੰਦ ਰੂਪ ਗੁਰੂ!।ਮੋਹਿ-ਮੈਂ।ਅਪਰਾਧੀ-ਪਾਪੀ।ਚਰਨ ਸਰਨ-ਚਰਨਾਂ ਦੀ ਸ਼ਰਨ ਵਿਚ।੧।ਰਹਾਉ।ਕੀਨੋ-ਕੀਤਾ ਹੈ।ਸੋ-ਉਹ।ਜਾਨਿਓ-ਜਾਣਿਆ ਹੈ।ਪੇਖਿਓ-ਦੇਖਿਆ ਹੈ।ਠਉਰ ਮੁਕਰਨ-ਮੁਕਰ ਜਾਣ (ਇਨਕਾਰੀ ਹੋਣ) ਦੀ ਥਾਂ।ਢੀਠ-ਬੇ ਸ਼ਰਮ।ਪਰਤਾਪੁ-ਤੇਜ ਪ੍ਰਤਾਪ।ਕੋਟਿ ਅਘਾ-ਕ੍ਰੋੜਾਂ ਪਾਪ।ਹਰਨ-ਨਾਸ਼ ਕਰਨ ਵਾਲਾ।੧।ਹਮਰੋ-ਸਾਡਾ।ਸਹਾਉ-ਸੁਭਾਉ।ਸਦਾ ਸਦ-ਸਦਾ ਸਦਾ।ਭੂਲਨ-ਗਲਤੀਆਂ ਕਰਨ ਵਾਲਾ।ਤੁਮ੍ਰੋ-ਤੇਰਾ।ਬਿਰਦੁ-ਧਰਮ; ਸੁਭਾਉ।ਪਤਿਤ ਉਧਰਨ-ਪਾਪੀਆਂ ਨੂੰ ਮੁਕਤ ਕਰਨ ਵਾਲਾ।ਕਰੁਣਾ ਮੈ-ਹੇ ਦਇਆ ਕਰਨ ਵਾਲੇ!।ਕ੍ਰਿਪਾ ਨਿਧਿ-ਹੇ ਕ੍ਰਿਪਾ ਦੇ ਖਜਾਨੇ!।ਜੀਵਨ ਪਦ-ਜੀਵਨ ਦੀ ਉਚੀ ਪਦਵੀ।੨।੨।੧੧੮।

ਬਿਲਾਵਲੁ ਮਹਲਾ ੫ ॥ ਐਸੀ ਕਿਰਪਾ ਮੋਹਿ ਕਰਹੁ ॥ ਸੰਤਹ ਚਰਣ ਹਮਾਰੋ ਮਾਥਾ, ਨੈਨ ਦਰਸੁ ਤਨਿ ਧੂਰ ਪਰਹੁ ॥੧॥ਰਹਾਉ॥ ਗੁਰ ਕੋ ਸਬਦੁ ਮੇਰੈ ਹੀਅਰੈ ਬਾਸੈ, ਹਰਿ ਨਾਮਾ ਮਨ ਸੰਗਿ ਧਰਹੁ ॥ ਤਸਕਰ ਪੰਚ ਨਿਵਾਰਹੁ ਠਾਕੁਰ, ਸਗਲੋ ਭਰਮਾ ਹੋਮਿ ਜਰਹੁ ॥੧॥ ਜੋ ਤੁਮ੍ ਕਰਹੁ ਸੋਈ ਭਲ ਮਾਨੈ, ਭਾਵਨੁ ਦੁਬਿਧਾ ਦੂਰਿ ਟਰਹੁ ॥ ਨਾਨਕ ਕੋ ਪ੍ਰਭ ਤੁਮ ਹੀ ਦਾਤੇ, ਸੰਤ ਸੰਗਿ ਲੇ ਮੋਹਿ ਉਧਰਹੁ ॥੨॥੩॥੧੧੯॥ (ਅਰਦਾਸ) ਹੇ ਪ੍ਰਭੂ! ਮੇਰੇ ਉਤੇ ਇਹੋ ਜਿਹੀ ਕ੍ਰਿਪਾ ਕਰੋ।ਕਿ ਸੰਤਾਂ ਦੇ ਚਰਨਾਂ ਉਤੇ ਮੇਰਾ ਮੱਥਾ ਟਿਕੇ,

ਅੱਖਾਂ (ਸੰਤਾਂ ਦਾ) ਦਰਸ਼ਨ ਕਰਦੀਆਂ ਰਹਿਣ ਅਤੇ ਸਰੀਰ ਉਤੇ (ਸੰਤਾਂ ਦੇ) ਚਰਨਾਂ ਦੀ ਧੂੜ ਪਵੇ।੧।ਰਹਾਉ।ਹੇ ਹਰੀ! (ਕ੍ਰਿਪਾ ਕਰ, ਤੇਰੇ) ਨਾਮ ਨੂੰ ਮੈਂ ਮਨ ਦੇ ਨਾਲ ਧਾਰਨ ਕਰਾਂ ਅਤੇ ਮੇਰੇ ਹਿਰਦੇ ਵਿਚ ਗੁਰੂ ਦਾ ਸ਼ਬਦ ਵਸ ਜਾਵੇ।ਹੇ ਮਾਲਕ ਪ੍ਰਭੂ! ਪੰਜ ਕਾਮਾਦਿਕ ਚੋਰਾਂ ਨੂੰ ਦੂਰ ਕਰ ਦਿਓ ਅਤੇ ਸਾਰੇ ਕਿਸਮਾਂ ਦੇ ਭਰਮ ਨੂੰ ਹਵਨ ਦੀ ਅੱਗ ਵਿਚ ਸਾੜ ਦਿਓ।੧।(ਹੇ ਪ੍ਰਭੂ!) ਜੋ ਤੁਸੀਂ ਕਰਦੇ ਹੋ, ਉਹ ਹੀ (ਮੇਰਾ ਮਨ) ਭਲਾ ਕਰਕੇ ਮੰਨੇ ਅਤੇ ਦੁਬਿਧਾ ਵਾਲੀ ਭਾਵਨਾ ਦੂਰ ਕਰਕੇ ਟਾਲ (ਹਟਾ) ਦਿਓ।ਹੇ ਪ੍ਰਭੂ! ਤੁਸੀਂ ਹੀ ਨਾਨਕ ਦੇ ਦਾਤੇ ਹੋ, ਸੰਤਾਂ ਦੀ ਸੰਗ ਵਿਚ ਲੈ (ਮੇਲ) ਕੇ ਮੈਨੂੰ ਭਵਜਲ ਤੋਂ ਤਾਰ ਦਿਓ।੨।੩।੧੧੯।

ਪਦਾਰਥ = ਮੋਹਿ–ਮੈਨੂੰ; ਮੇਰੇ ਉਤੇ।ਸੰਤਹ–ਸੰਤਾਂ ਦੇ।ਹਮਾਰੋ ਮਾਥਾ–ਮੇਰਾ ਮੱਥਾ।ਨੈਨ–ਅੱਖਾਂ।ਤਨਿ–ਸਰੀਰ ਉਤੇ।ਧੂਰ–ਚਰਨ ਧੂੜ।ਪਰਹੁ–ਪਵੇ।੧।ਰਹਾਉ।ਕੋ–ਦਾ।ਹੀਅਰੈ–ਹਿਰਦੇ ਵਿਚ।ਬਾਸੈ–ਵਸ ਜਾਵੇ।ਮਨ ਸੰਗਿ–ਮਨ ਦੇ ਨਾਲ।ਧਰਹੁ–ਧਾਰਣ ਕਰਾਂ।ਤਸਕਰ ਪੰਚ–ਪੰਜ ਕਾਮਾਦਿਕ ਚੋਰ।ਨਿਵਾਰਹੁ–ਦੂਰ ਕਰ ਦਿਓ।ਠਾਕੁਰ–ਹੇ ਮਾਲਕ ਪ੍ਰਭੂ!।ਸਗਲੋ ਭਰਮਾ–ਸਾਰੇ ਕਿਸਮਾਂ ਦਾ ਭਰਮ।ਹੋਮਿ–ਹਵਨ ਦੀ ਅੱਗ ਵਿਚ।ਜਰਹੁ–ਸਾੜ ਦਿਓ।੧।ਸੋਈ–ਉਹ ਹੀ।ਭਲ ਮਾਨੈ–ਭਲਾ ਕਰਕੇ ਮੰਨੇ।ਭਾਵਨੁ ਦੁਬਿਧਾ–ਦੁਬਿਧਾ ਵਾਲੀ ਭਾਵਨਾ।ਟਰਹੁ–ਟਾਲ (ਹਟਾ) ਦਿਓ।ਪ੍ਰਭ–ਹੇ ਪ੍ਰਭੂ!।ਲੇ–ਲੈ (ਮੇਲ) ਕੇ।ਉਧਰਹੁ–ਤਾਰ ਲਵੋ।੨।੩।੧੧੯।

ਬਿਲਾਵਲੁ ਮਹਲਾ ੫ ॥ ਐਸੀ ਦੀਖਿਆ ਜਨ ਸਿਉ ਮੰਗਾ ॥ ਤੁਮ੍ਰੋ ਧਿਆਨੁ ਤੁਮ੍ਾਰੋ ਰੰਗਾ ॥ ਤੁਮ੍ਰੀ ਸੇਵਾ ਤੁਮ੍ਾਰੇ ਅੰਗਾ ॥੧॥ ਰਹਾਉ ॥ ਜਨ ਕੀ ਟਹਲ ਸੰਭਾਖਨੁ ਜਨ ਸਿਉ ,ਊਠਨੁ ਬੈਠਨੁ ਜਨ ਕੈ ਸੰਗਾ ॥ ਜਨ ਚਰ ਰਜ ਮੁਖਿ ਮਾਥੈ ਲਾਗੀ, ਆਸਾ ਪੂਰਨ ਅਨਤ ਤਰੰਗਾ ॥੧॥ ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ, ਜਨ ਕੇ ਚਰਨ ਤੀਰਥ ਕੋਟਿ ਗੰਗਾ ॥ ਜਨ ਕੀ ਧੂਰਿ ਕੀਓ ਮਜਨੁ ਨਾਨਕ, ਜਨਮ ਜਨਮ ਕੇ ਹਰੇ ਕਲੰਗਾ ॥੨॥੪॥੧੨੦॥ (ਹੇ ਪ੍ਰਭੂ!) ਮੈਂ ਤੇਰੇ ਸੰਤ ਜਨਾਂ ਪਾਸੋਂ ਇਹੋ ਜਿਹੀ ਸਿੱਖਿਆ ਮੰਗਦਾ ਹਾਂ।ਕਿ ਤੇਰਾ ਧਿਆਨ ਤੇ ਤੇਰਾ ਪ੍ਰੇਮ (ਮੇਰੇ ਹਿਰਦੇ ਵਿਚ) ਹੋਵੇ।ਤੇਰੀ ਸੇਵਾ ਕਰਾਂ ਤੇ ਤੇਰਾ ਅੰਗ ਬਣਿਆ ਰਹਾਂ; ਤੇਰੇ ਅੰਗਾਂ (ਸਰੂਪ) ਨਾਲ ਜੁੜਿਆ ਰਹਾਂ।੧।ਰਹਾਉ।(ਹੇ ਪ੍ਰਭੂ! ਇਹ ਵੀ ਮੰਗ ਕਰਦਾ ਹਾਂ ਕਿ ਮੈਂ ਤੇਰੇ) ਸੰਤ ਜਨਾਂ ਦੀ ਸੇਵਾ ਕਰਾਂ, ਸੰਤ ਜਨਾਂ ਨਾਲ ਗਲਬਾਤ (ਵਿਚਾਰ ਵਟਾਂਦਰਾ) ਕਰਾਂ ਅਤੇ ਮੇਰਾ ਉਠਣ ਬੈਠਣ ਸੰਤ ਜਨਾਂ ਦੇ ਨਾਲ ਹੋਵੇ।(ਜਦੋਂ ਤੋਂ ਤੇਰੇ) ਸੰਤ ਜਨਾਂ ਦੀ ਚਰਨ ਧੂੜ ਮੇਰੇ ਮੂੰਹ ਤੇ ਮੱਥੇ ਤੇ ਲੱਗੀ, ਤਾਂ ਮਨ ਦੀਆਂ ਅਨੇਕਾਂ ਸੰਕਲਪਾਂ ਦੀਆਂ ਲਹਿਰਾਂ ਕਰਕੇ ਬਣੀਆਂ ਆਸਾਂ ਪੂਰੀਆਂ ਹੋ ਗਈ ਹਨ।੧।ਪਾਰਬ੍ਰਹਮ ਦੇ ਸੰਤ ਜਨ ਅਜੇਹੇ ਹਨ, ਜਿਨ੍ਹਾਂ ਦੀ ਪਵਿਤ੍ਰ ਮਹਿਮਾਂ ਹੈ, ਸੰਤ ਜਨਾਂ ਦੇ ਚਰਨਾਂ ਵਿਚ ਗੰਗਾ ਵਰਗੇ ਕ੍ਰੋੜਾਂ ਤੀਰਥ ਵਸਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੇ) ਸੰਤ ਜਨਾਂ ਦੀ ਚਰਨ ਧੂੜ ਵਿਚ ਇਸ਼ਨਾਨ ਕੀਤਾ ਹੈ, (ਉਸ ਦੇ) ਜਨਮਾਂ ਜਨਮਾਂ ਦੇ ਪਾਪ ਨਾਸ਼ ਹੋ ਗਏ ਹਨ।੨।੪।੧੨੦।

ਪਦਾਰਥ = ਦੀਖਿਆ–ਸਿੱਖਿਆ।ਜਨ ਸਿਉ–ਸੰਤ ਜਨਾਂ ਪਾਸੋਂ।ਮੰਗਾ–ਮੰਗਦਾ ਹਾਂ।ਰੰਗਾ–ਪ੍ਰੇਮ।ਅੰਗਾ–ਹਿੱਸਾ; ਅੰਗਾਂ (ਸਰੂਪ ਦੇ ਚਰਨਾਂ) ਨਾਲ; ਪੱਖ ਵਿਚ ਰਹਾਂ।੧।ਰਹਾਉ।ਕੀ–ਦੀ।ਟਹਲ–ਸੇਵਾ।ਸੰਭਾਖਨੁ–ਗੱਲ ਬਾਤ।ਸਿਉ–ਨਾਲ।ਕੈ ਸੰਗਾ–ਦੇ ਨਾਲ।ਚਰ ਰਜ–ਚਰਨਾਂ ਦੀ ਧੂੜ।ਮੁਖਿ–ਮੂੰਹ ਉਤੇ।ਮਾਥੈ–ਮੱਥੇ ਉਤੇ।ਅਨਤ ਤਰੰਗਾ–ਅਨੇਕਾਂ ਸੰਕਲਪਾਂ ਦੀਆਂ ਲਹਿਰਾਂ।੧।ਜਾ ਕੀ–ਜਿਨ੍ਹਾਂ ਦੀ।ਨਿਰਮਲ–ਪਵਿਤ੍ਰ।ਕੋਟਿ–ਕ੍ਰੋੜਾਂ।ਮਜਨੁ–ਇਸ਼ਨਾਨ।ਹਰੇ–ਨਾਸ ਹੋ ਗਏ।ਕਲੰਗਾ–ਕਲੰਕ (ਪਾਪ)।੨।੪।੧੨੦।

ਬਿਲਾਵਲੁ ਮਹਲਾ ੫ ॥ ਜਿਉ ਭਾਵੈ ਤਿਉ ਮੋਹਿ ਪ੍ਰਤਿਪਾਲ ॥ ਪਾਰਬ੍ਰਹਮ ਪਰਮੇਸਰ ਸਤਿਗੁਰ, ਹਮ ਬਾਰਿਕ ਤੁਮ੍ ਪਿਤਾ ਕਿਰਪਾਲ ॥੧॥ਰਹਾਉ॥ ਮੋਹਿ ਨਿਰਗੁਣ ਗੁਣੁ ਨਾਹੀ ਕੋਈ, ਪਹੁਚਿ ਨ ਸਾਕਉ ਤੁਮ੍ਰੀ ਘਾਲ ॥ ਤੁਮਰੀ ਗਤਿ ਮਿਤਿ ਤੁਮ ਹੀ ਜਾਨਹੁ ,ਜੀਉ ਪਿੰਡੁ ਸਭੁ ਤੁਮਰੋ ਮਾਲ ॥੧॥ ਅੰਤਰਜਾਮੀ ਪੁਰਖ ਸੁਆਮੀ, ਅਨ ਬੋਲਤ ਹੀ ਜਾਨਹੁ ਹਾਲ ॥ ਤਨੁ ਮਨੁ ਸੀਤਲੁ ਹੋਇ ਹਮਾਰੋ, ਨਾਨਕ ਪ੍ਰਭ ਜੀਉ ਨਦਰਿ ਨਿਹਾਲ ॥੨॥੫॥੧੨੧॥ (ਹੇ ਪ੍ਰਭੂ!) ਜਿਵੇਂ ਵੀ ਆਪ ਜੀ ਨੂੰ ਭਾਵੇ ਤਿਵੇਂ ਮੇਰੀ ਪਾਲਣਾ ਕਰੋ।ਹੇ ਪਾਰਬ੍ਰਹਮ ਪ੍ਰਮੇਸਰ! ਹੇ ਸਤਿਗੁਰੂ! ਅਸੀਂ (ਸਾਰੇ ਜੀਵ ਆਪ ਜੀ ਦੇ) ਬੱਚੇ ਹਾਂ ਅਤੇ (ਤੁਸੀਂ ਸਾਡੇ ਸਭ ਦੇ) ਮੇਹਰਵਾਨ ਪਿਤਾ ਹੋ।੧।ਰਹਾਉ।(ਹੇ ਪ੍ਰਭੂ!) ਮੈਂ ਗੁਣ ਹੀਣ ਹਾਂ, ਮੇਰੇ ਵਿਚ ਕੋਈ ਗੁਣ ਨਹੀਂ, ਮੈਂ ਤੁਹਾਡੀ ਕਮਾਈ ਤਕ ਨਹੀਂ ਪਹੁੰਚ ਸਕਦਾ (ਜਿਸ ਮਿਹਨਤ ਨਾਲ ਤੁਸੀਂ ਮਿਲ ਸਕਦੇ ਹੋ, ਮੈਂ ਉਹ ਮਿਹਨਤ ਨਹੀਂ ਕਰ ਸਕਦਾ)।ਤੁਹਾਡੀ ਉਚੀ ਅਵਸਥਾ ਤੇ ਮਰਿਆਦਾ ਤੁਸੀਂ ਹੀ ਜਾਣਦੇ ਹੋ, ਮੇਰੀ ਜਿੰਦ ਤੇ ਮੇਰਾ ਸਰੀਰ ਸਭ ਤੁਹਾਡਾ ਦਿਤਾ ਹੋਇਆ ਮਾਲ ਹੈ।੧।ਹੇ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲੇ! ਹੇ ਸਰਬ ਵਿਆਪਕ ਮਾਲਕ ਪ੍ਰਭੂ! ਤੁਸੀਂ ਬਿਨਾ ਬੋਲੇ ਤੋਂ ਹੀ ਸਾਡੀ ਹਾਲਤ ਜਾਣਦੇ ਹੋ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ ਜੀਉ! ਤੁਸੀਂ ਮਿਹਰ ਦੀ ਨਜਰ ਨਾਲ ਮੇਰੇ ਵੱਲ ਦੇਖੋ, ਤਾਂ ਕਿ ਮੇਰਾ ਤਨ ਮਨ ਠੰਢਾ ਠਾਰ ਹੋ ਜਾਵੇ।੨।੫।੧੨੧।

ਪਦਾਰਥ = ਜਿਉ ਭਾਵੈ–ਜਿਵੇ ਤੈਨੂੰ ਚੰਗਾ ਲੱਗੇ।ਮੋਹਿ–ਮੈਨੂੰ; ਮੇਰੀ।ਪ੍ਰਤਿਪਾਲ–ਪਾਲਣਾ ਕਰ।ਹਮ–ਅਸੀਂ।ਬਾਰਿਕ–ਬੱਚੇ।੧।ਰਹਾਉ।ਮੋਹਿ ਨਿਰਗੁਣ–ਮੈਂ ਗੁਣ ਹੀਣ ਹਾਂ।ਘਾਲ–ਮੇਹਨਤ।ਗਤਿ–ਉਚੀ ਅਵਸਥਾ।ਮਿਤਿ–ਮਰਿਆਦਾ।ਜੀਉ–ਜਿੰਦ।ਪਿੰਡੁ–ਸਰੀਰ।ਸਭੁ ਮਾਲ–ਸਾਰਾ ਧਨ ਪਦਾਰਥ।੧।ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।ਪੁਰਖ–ਸਰਬ ਵਿਆਪਕ ਪ੍ਰਭੂ।ਸੁਆਮੀ–ਮਾਲਕ ਪ੍ਰਭੂ।ਅਨ ਬੋਲਤ–ਬਿਨਾ ਬੋਲੇ ਤੋਂ ਹੀ।ਤਨੁ–ਸਰੀਰ।ਸੀਤਲੁ–ਠੰਢਾ ਠਾਰ।ਨਦਰਿ ਨਿਹਾਲ–ਮੇਹਰ ਦੀ ਨਜਰ ਨਾਲ ਦੇਖ; ਮੇਹਰ ਦੀ ਨਜਰ ਨਾਲ ਨਿਹਾਲ (ਪ੍ਰਸੰਨ; ਸੁਖੀ) ਕਰ ਦਿਓ ਜੀ।੨।੫।੧੨੧।

ਬਿਲਾਵਲੁ ਮਹਲਾ ੫ ॥ ਰਾਖੁ ਸਦਾ ਪ੍ਰਭ ਅਪਨੈ ਸਾਥ ॥ ਤੂ ਹਮਰੋ ਪ੍ਰੀਤਮੁ ਮਨ ਮੋਹਨੁ ,ਤੁਝ ਬਿਨੁ ਜੀਵਨੁ ਸਗਲ ਅਕਾਥ ॥੧॥ ਰਹਾਉ॥ ਰੰਕ ਤੇ ਰਾਉ ਕਰਤ ਖਿਨ ਭੀਤਰਿ, ਪ੍ਰਭੁ ਮੇਰੋ ਅਨਾਥ ਕੋ ਨਾਥ ॥ ਜਲਤ ਅਗਨਿ ਮਹਿ ਜਨ ਆਪਿ ਉਧਾਰੇ, ਕਰਿ ਅਪੁਨੇ ਦੇ ਰਾਖੇ ਹਾਥ ॥੧॥ ਸੀਤਲ ਸੁਖੁ ਪਾਇਓ ਮਨ ਤ੍ਰਿਪਤੇ, ਹਰਿ ਸਿਮਰਤ ਸ੍ਰਮ ਸਗਲੇ ਲਾਥ ॥ ਨਿਧਿ ਨਿਧਾਨ ਨਾਨਕ ਹਰਿ ਸੇਵਾ, ਅਵਰ ਸਿਆਨਪ ਸਗਲ ਅਕਾਥ ॥੨॥੬॥੧੨੨॥ ਹੇ ਪ੍ਰਭੂ! (ਮੇਰੀ ਅਰਦਾਸ ਹੈ ਕਿ) ਮੈਨੂੰ ਸਦਾ ਅਪਣੇ ਨਾਲ (ਮਿਲਾਈ) ਰੱਖ।ਤੂੰ ਸਾਡੇ, ਮਨ ਦੇ ਮੋਹ ਲੈਣ ਵਾਲਾ ਪ੍ਰੀਤਮ ਹੈਂ, ਤੇਰੇ (ਮਿਲੇ) ਬਿਨਾ ਸਾਡਾ ਸਾਰਾ ਜੀਵਨ ਬਿਅਰਥ ਹੈ।੧।ਰਹਾਉ।(ਹੇ ਭਾਈ!) ਮੇਰਾ ਪ੍ਰਭੂ ਯਤੀਮਾਂ ਦਾ ਮਾਲਕ ਹੈ ਅਤੇ ਉਹ ਇਕ ਖਿਨ ਵਿਚ ਕੰਗਾਲ ਤੋਂ ਰਾਜਾ ਕਰ ਦੇਂਦਾ ਹੈ।(ਤ੍ਰਿਸ਼ਨਾ ਦੀ) ਅੱਗ ਵਿਚ ਸੜਦੇ ਅਪਣੇ ਸੇਵਕ ਆਪ ਬਚਾਏ ਹਨ ਅਤੇ ਅਪਣੇ ਬਣਾ ਕੇ ਹੱਥ ਦੇ ਕੇ ਰੱਖਿਆ ਕੀਤੀ ਹੈ।੧।(ਹੇ ਭਾਈ!) ਹਰੀ ਦਾ ਨਾਮ ਸਿਮਰਦਿਆਂ ਮੇਰਾ ਮਨ ਰੱਜ ਗਿਆ, ਸ਼ਾਂਤ ਦੇਣ ਵਾਲਾ ਆਤਮਕ ਸੁਖ ਅਸੀਂ ਪ੍ਰਾਪਤ ਕਰ ਲਿਆ ਹੈ ਅਤੇ ਸਾਰੇ ਥਕੇਵੇਂ ਲਹਿ ਗਏ ਹਨ (ਸਾਰੀ ਦੌੜ ਭੱਜ ਮੁਕ ਗਈ ਹੈ)।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦੀ ਸੇਵਾ ਭਗਤੀ ਨੌਂ ਨਿਧੀਆਂ ਦਾ ਖਜਾਨਾ ਹੈ, (ਸੇਵਾ ਭਗਤੀ ਤੋਂ ਬਿਨਾ) ਹੋਰ ਸਾਰੀਆਂ ਸਿਆਣਪਾ ਬਿਅਰਥ ਹਨ।੨।੬।੧੨੨।

ਪਦਾਰਥ = ਪ੍ਰਭ–ਹੇ ਪ੍ਰਭੂ!।ਅਪਨੈ ਸਾਥ–ਅਪਣੇ ਨਾਲ।ਹਮਰੋ–ਸਾਡਾ।ਪ੍ਰੀਤਮ–ਪਿਆਰਾ।ਮਨ ਮੋਹਨੁ–ਮਨ ਦੇ ਮੋਹ ਲੈਣ ਵਾਲਾ।ਤੁਝ ਬਿਨੁ–ਤੇਰੇ ਬਿਨਾ।ਸਗਲ–ਸਾਰਾ।ਅਕਾਥ–ਬਿਅਰਥ।੧।ਰਹਾਉ।ਰੰਕ–ਕੰਗਾਲ।ਤੇ–ਤੋਂ।ਰਾਉ–ਰਾਜਾ।ਕਰਤ–ਕਰ ਦੇਂਦਾ ਹੈ।ਖਿਨ ਭੀਤਰਿ–ਇਕ ਖਿਨ ਵਿਚ।ਅਨਾਥ ਕੋ–ਯਤੀਮਾਂ ਦਾ।ਨਾਥ–ਮਾਲਕ।ਜਲਤ–ਸੜਦੇ ਹੋਏ।ਅਗਨਿ ਮਹਿ–ਤ੍ਰਿਸ਼ਨਾ ਦੀ ਅੱਗ ਵਿਚ।ਜਨ–ਸੇਵਕ।ਉਧਾਰੇ–ਬਚਾ ਲਏ ਹਨ।ਕਰਿ–ਬਣਾ ਕੇ।ਦੇ ਹਾਥ–ਹੱਥ ਦੇ ਕੇ।ਰਾਖੇ–ਰੱਖਿਆ ਕੀਤੀ।੧।ਸੀਤਲ ਸੁਖੁ–ਸ਼ਾਂਤੀ ਦੇਣ ਵਾਲਾ ਸੁਖ।ਤ੍ਰਿਪਤੇ–ਰੱਜ ਗਿਆ।ਸਿਮਰਤ–ਸਿਮਰਦਿਆਂ।ਸ੍ਰਮ ਲਾਥ–ਥਕੇਵੇਂ ਲਹਿ ਗਏ।ਸਗਲੇ–ਸਾਰੇ।ਨਿਧਿ ਨਿਧਾਨ–ਨੌਂ ਨਿਧੀਆਂ ਦਾ ਖਜਾਨਾ; ਧਨ ਸੰਪਦਾ ਦਾ ਆਸਰਾ (ਮ.ਕੋ.)।ਅਵਰ–ਹੋਰ।੨।੬।੧੨੨।

ਅੰਗ ੧੨੯ = ਬਿਲਾਵਲੁ ਮਹਲਾ ੫ ॥ ਅਪਨੇ ਸੇਵਕ ਕਉ ਕਬਹੁ ਨ ਬਿਸਾਰਹੁ ॥ ਉਰਿ ਲਾਗਹੁ ਸੁਆਮੀ ਪ੍ਰਭ ਮੇਰੇ, ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ ॥੧॥ਰਹਾਉ॥ ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਾਰੋ, ਹਮਰੇ ਦੋਖ ਰਿਦੈ ਮਤ ਧਾਰਹੁ ॥ ਜੀਵਨ ਪ੍ਰਾਨ ਹਰਿ ਧਨੁ ਸੁਖੁ ਤੁਮਹੀ, ਹਉਮੈ ਪਟਲੁ ਕ੍ਰਿਪਾ ਕਰਿ ਜਾਰਹੁ ॥੧॥ ਜਲ ਬਿਹੂਨ ਮੀਨ ਕਤ ਜੀਵਨ, ਦੂਧ ਬਿਨਾ ਰਹਨੁ ਕਤ ਬਾਰੋ ॥ ਜਨ ਨਾਨਕ ਪਿਆਸ ਚਰਨ ਕਮਲਨ੍ ਕੀ, ਪੇਖਿ ਦਰਸੁ ਸੁਆਮੀ ਸੁਖ ਸਾਰੋ ॥੨॥੭॥੧੨੩॥ (ਹੇ ਪ੍ਰਭੂ!) ਅਪਣੇ ਸੇਵਕ ਨੂੰ ਕਦੇ ਵੀ ਨਾ ਭੁਲਾਓ (ਸਦਾ ਯਾਦ ਰੱਖੋ)।ਹੇ ਮੇਰੇ ਮਾਲਕ ਪ੍ਰਭੂ! ਮੇਰੀ ਛਾਤੀ ਨਾਲ ਲਗ ਜਾਓ, ਹੇ ਗੋਬਿੰਦ! ਪਹਿਲਾਂ ਵਾਲੀ ਪ੍ਰੀਤ ਦੀ ਵਿਚਾਰ ਕਰੋ (ਜਿਵੇਂ ਅਪਣੇ ਦਾਸਾਂ ਨਾਲ ਪਹਿਲਾਂ ਵੀ ਪ੍ਰੀਤ ਕਰਦੇ ਰਹੇ ਹੋ; ਮਾਂ ਦੇ ਗਰਭ ਵਿਚ ਰੱਖਿਆ ਕਰਦੇ ਰਹੇ ਹੋ, ਉਸੇ ਤਰ੍ਹਾਂ ਹੁਣ ਵੀ ਸਾਡਾ ਖਿਆਲ ਰੱਖੋ)।੧।ਰਹਾਉ।ਹੇ ਪ੍ਰਭੂ! ਤੁਹਾਡਾ ਧਰਮ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ, (ਇਸ ਲਈ) ਸਾਡੇ ਦੋਸ਼ ਤੁਸੀਂ ਅਪਣੇ ਹਿਰਦੇ ਵਿਚ ਨਾ ਰੱਖੋ।ਹੇ ਹਰੀ! ਤੁਸੀਂ ਹੀ ਸਾਨੂੰ ਜੀਵਨ, ਪ੍ਰਾਣ, ਧਨ ਤੇ ਸੁਖ ਦੇਣ ਵਾਲੇ ਹੋ, ਕ੍ਰਿਪਾ ਕਰਕੇ ਸਾਡਾ ਹਉਮੈ ਦਾ ਪੜਦਾ ਸਾੜ ਦਿਓ।੧।(ਹੇ ਪ੍ਰਭੂ!) ਪਾਣੀ ਤੋਂ ਬਿਨਾ ਮੱਛੀ ਕਿਵੇਂ ਜਿਉਂਦੀ ਰਹਿ ਸਕਦੀ ਹੈ ਅਤੇ ਦੁਧ ਤੋਂ ਬਿਨਾ ਬੱਚਾ ਕਿਵੇਂ ਰਹਿ ਸਕਦਾ ਹੈ? (ਇਸ ਤਰ੍ਹਾਂ ਹੇ ਪ੍ਰਭੂ!) ਦਾਸ ਨਾਨਕ ਨੂੰ ਤੇਰੇ ਚਰਨ ਕਮਲਾਂ ਦੀ ਪਿਆਸ ਹੈ, ਹੇ ਮਾਲਕ! ਤੇਰਾ ਦਰਸ਼ਨ ਦੇਖ ਕੇ (ਤੇਰੇ ਸੇਵਕ ਨੂੰ) ਸਾਰੇ ਸੁਖ ਮਿਲ ਜਾਂਦੇ ਹਨ।੨।੭।੧੨੩।

ਪਦਾਰਥ = ਕਉ–ਨੂੰ।ਕਬਹੁ–ਕਦੇ ਵੀ।ਨ ਬਿਸਾਰਹੁ–ਨਾ ਭੁਲਾਵੋ।ਉਰਿ ਲਾਗਹੁ–ਛਾਤੀ (ਗਲ) ਨਾਲ ਲਗ ਜਾਓ।ਸੁਆਮੀ ਪ੍ਰਭ–ਹੇ ਮਾਲਕ ਪ੍ਰਭੂ!।ਪੂਰਬ–ਪਹਿਲੀ।ਗੋਬਿੰਦ–ਹੇ ਗੋਬਿੰਦ!।੧।ਰਹਾਉ।ਪਤਿਤ ਪਾਵਨ–ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ।ਬਿਰਦੁ–ਧਰਮ; ਸੁਭਾਉ।ਤੁਮ੍ਾਰੋ–ਤੇਰਾ।ਹਮਰੇ ਦੋਖ–ਸਾਡੇ ਦੋਸ਼।ਰਿਦੈ–ਹਿਰਦੇ ਵਿਚ।ਮਤ ਧਾਰਹੁ–ਨਾ ਰੱਖੋ।ਤੁਮਹੀ–ਤੁਸੀਂ ਹੀ।ਪਟਲੁ

-ਪੜਦਾ। ਕਰਿ-ਕਰਕੇ। ਜਾਰਹੁ-ਸਾੜ ਦਿਓ।੧। ਜਲ ਬਿਹੂਨ-ਪਾਣੀ ਤੋਂ ਬਿਨਾ। ਮੀਨ-ਮੱਛੀ। ਰਹਨੁ ਕਤ-ਕਿਵੇਂ ਰਹਿ ਸਕਦਾ ਹੈ? ਬਾਰੋ-ਬਾਲਕ। ਜਨ ਨਾਨਕ-ਦਾਸ ਨਾਨਕ ਨੂੰ। ਪੇਖਿ-ਦੇਖ ਕੇ। ਸਾਰੋ-ਸਾਰੇ।੨।੭।੧੨੩।

ਬਿਲਾਵਲੁ ਮਹਲਾ ੫ ॥ ਆਗੈ ਪਾਛੈ ਕੁਸਲੁ ਭਇਆ ॥ ਗੁਰਿ ਪੂਰੈ ਪੂਰੀ ਸਭ ਰਾਖੀ, ਪਾਰਬ੍ਰਹਮਿ ਪ੍ਰਭਿ ਕੀਨੀ ਮਇਆ ॥੧॥ ਰਹਾਉ॥ ਮਨਿ ਤਨਿ ਰਵਿ ਰਹਿਆ ਹਰਿ ਪ੍ਰੀਤਮੁ ,ਦੂਖ ਦਰਦ ਸਗਲਾ ਮਿਟਿ ਗਇਆ ॥ ਸਾਂਤਿ ਸਹਜ ਆਨਦ ਗੁਣ ਗਾਏ, ਦੂਤ ਦੁਸਟ ਸਭਿ ਹੋਏ ਖਇਆ ॥੧॥ ਗੁਨੁ ਅਵਗੁਨੁ ਪ੍ਰਭਿ ਕਛੁ ਨ ਬੀਚਾਰਿਓ, ਕਰਿ ਕਿਰਪਾ ਅਪੁਨਾ ਕਰਿ ਲਇਆ ॥ ਅਤੁਲ ਬਡਾਈ ਅਚੁਤ ਅਬਿਨਾਸੀ, ਨਾਨਕੁ ਉਚਰੈ ਹਰਿ ਕੀ ਜਇਆ ॥੨॥੮॥੧੨੪॥ (ਹੇ ਭਾਈ! ਸਾਨੂੰ) ਇਸ ਲੋਕ ਤੇ ਪ੍ਰਲੋਕ ਦਾ ਸੁਖ ਪ੍ਰਾਪਤ ਹੋ ਗਿਆ ਹੈ। (ਕਿਉਂਕਿ) ਪੂਰੇ ਗੁਰੂ ਨੇ ਸਭ ਤਰ੍ਹਾਂ ਨਾਲ (ਸਾਡੀ) ਪੂਰੀ ਲਾਜ ਰੱਖੀ ਹੈ ਅਤੇ ਪਾਰਬ੍ਰਹਮ ਪ੍ਰਭੂ ਨੇ ਵੀ (ਸਾਡੇ ਉਤੇ) ਮੇਹਰ ਕੀਤੀ ਹੈ।੧। ਰਹਾਉ। (ਹੇ ਭਾਈ! ਸਾਡੇ) ਮਨ ਵਿਚ ਤੇ ਸਰੀਰ ਵਿਚ ਪਿਆਰਾ ਹਰੀ ਵਸ ਰਿਹਾ ਹੈ, (ਜਿਸ ਕਰਕੇ ਸਾਡਾ) ਸਾਰਾ ਦੁੱਖ ਦਰਦ ਮਿਟ ਗਿਆ ਹੈ। ਪ੍ਰਭੂ ਦੇ ਗੁਣ ਗਾ ਕੇ (ਸਾਨੂੰ) ਸ਼ਾਂਤੀ ਤੇ ਆਤਮਕ ਅਨੰਦ ਪ੍ਰਾਪਤ ਹੋਇਆ ਹੈ, (ਜਿਸ ਕਰਕੇ) ਕਾਮਾਦਿਕ ਦੁਸ਼ਟ ਵੈਰੀ ਸਭ ਨਾਸ਼ ਹੋ ਗਏ ਹਨ।੧। (ਹੇ ਭਾਈ! ਸਾਡਾ) ਗੁਣ ਔਗਣ ਪ੍ਰਭੂ ਨੇ ਕੁਛ ਨਹੀਂ ਵਿਚਾਰਿਆ ਅਤੇ ਕ੍ਰਿਪਾ ਕਰਕੇ (ਉਸ ਨੇ ਸਾਨੂੰ) ਅਪਣਾ ਦਾਸ ਬਣਾ ਲਿਆ। ਨਾਨਕ ਹਰੀ ਦੀ ਜੈ ਜੈਕਾਰ ਉਚਾਰਦਾ ਰਹਿੰਦਾ ਹੈ, (ਜਿਸ) ਅਟੱਲ ਤੇ ਨਾਸ਼ ਰਹਿਤ ਪ੍ਰਭੂ ਦੀ ਵਡਿਆਈ ਤੋਲੀ ਨਹੀਂ ਜਾ ਸਕਦੀ।੨।੮।੧੨੪।

ਪਦਾਰਥ = ਆਗੈ ਪਾਛੈ-ਇਸ ਲੋਕ ਦਾ ਤੇ ਪ੍ਰਲੋਕ ਦਾ; ਭੂਤ ਕਾਲ ਤੇ ਭਵਿੱਖ ਵਿਚ। ਕੁਸਲੁ-ਸੁਖ ਅਨੰਦ। ਭਇਆ-ਹੋਇਆ ਹੈ। ਗੁਰਿ ਪੂਰੈ-ਪੂਰੇ ਗੁਰੂ ਨੇ। ਰਾਖੀ-ਲਾਜ ਰੱਖੀ ਹੈ। ਪਾਰਬ੍ਰਹਮਿ-ਪਾਰਬ੍ਰਹਮ ਨੇ। ਪ੍ਰਭਿ-ਪ੍ਰਭੂ ਨੇ। ਕੀਨੀ ਮਇਆ-ਮੇਹਰ ਕੀਤੀ ਹੈ।੧। ਰਹਾਉ। ਮਨਿ-ਮਨ ਵਿਚ। ਤਨਿ-ਸਰੀਰ ਵਿਚ। ਰਵਿ ਰਹਿਆ-ਵਸ ਰਿਹਾ ਹੈ। ਸਗਲਾ-ਸਾਰਾ। ਸਹਜ ਆਨਦ-ਆਤਮਕ ਅਨੰਦ। ਗਾਏ-ਗਾ ਕੇ। ਦੂਤ-ਵੈਰੀ। ਦੁਸਟ-ਦੋਖੀ। ਹੋਏ ਖਇਆ-ਨਾਸ਼ ਹੋ ਗਏ।੧। ਕਰਿ-ਕਰ ਕੇ। ਕਰਿ ਲਇਆ-(ਦਾਸ) ਬਣਾ ਲਿਆ। ਅਤੁਲ ਬਡਾਈ-ਤੋਲੀ ਨਾ ਜਾ ਸਕਣ ਵਾਲੀ ਵਡਿਆਈ (ਬੇਅੰਤ ਵਡਿਆਈ)। ਅਚੁਤ-(ਅਚੁੱਤ ਪੜ੍ਹੋ) ਅਟੱਲ। ਅਬਿਨਾਸੀ-ਨਾਸ਼ ਰਹਿਤ। ਉਚਰੈ-ਉਚਾਰਦਾ ਹੈ। ਕੀ-ਦੀ। ਜਇਆ-ਜੈ ਜੈਕਾਰ।੨।੮।੧੨੪।

ਬਿਲਾਵਲੁ ਮਹਲਾ ੫ ॥ ਬਿਨੁ ਭੈ ਭਗਤੀ ਤਰਨੁ ਕੈਸੇ ॥ ਕਰਹੁ ਅਨੁਗ੍ਰਹੁ ਪਤਿਤ ਉਧਾਰਨ, ਰਾਖੁ ਸੁਆਮੀ ਆਪ ਭਰੋਸੇ ॥੧॥ਰਹਾਉ ॥ ਸਿਮਰਨੁ ਨਹੀ ਆਵਤ ਫਿਰਤ ਮਦ ਮਾਵਤ, ਬਿਖਿਆ ਰਾਤਾ ਸੁਆਨ ਜੈਸੇ ॥ ਅਉਧ ਬਿਹਾਵਤ ਅਧਿਕ ਮੋਹਾਵਤ, ਪਾਪ ਕਮਾਵਤ ਬੁਡੇ ਐਸੇ ॥੧॥ ਸਰਨਿ ਦੁਖ ਭੰਜਨ ਪੁਰਖ ਨਿਰੰਜਨ, ਸਾਧੂ ਸੰਗਤਿ ਰਵਣੁ ਜੈਸੇ ॥ ਕੇਸਵ ਕਲੇਸ ਨਾਸ ਅਘ ਖੰਡਨ, ਨਾਨਕ ਜੀਵਤ ਦਰਸ ਦਿਸੇ ॥੨॥੯॥੧੨੫॥ (ਹੇ ਪ੍ਰਭੂ! ਮਨ ਵਿਚ ਤੇਰਾ) ਭੈ ਵਸਾਏ ਤੋਂ ਬਿਨਾ ਅਤੇ ਤੇਰੀ ਸੇਵਾ ਭਗਤੀ ਕੀਤੇ ਬਿਨਾ ਸੰਸਾਰ ਸਮੁੰਦਰ ਤੋਂ ਕਿਸ ਤਰ੍ਹਾਂ ਪਾਰ ਉਤਾਰਾ ਹੋ ਸਕਦਾ ਹੈ? ਹੇ ਪਾਪੀਆਂ ਦਾ ਉਧਾਰ ਕਰਨ ਵਾਲੇ ਪ੍ਰਭੂ! ਮੇਰੇ ਉਤੇ ਕ੍ਰਿਪਾ ਕਰ, ਹੇ ਮਾਲਕ! ਮੈਨੂੰ ਸਦਾ ਆਪ ਦੇ ਭਰੋਸੇ ਤੇ ਰੱਖ।੧। ਰਹਾਉ। (ਹੇ ਪ੍ਰਭੂ! ਇਸ ਜੀਵ ਨੂੰ ਤੇਰਾ) ਸਿਮਰਨ ਕਰਨਾ ਨਹੀਂ ਆਉਂਦਾ, ਹੰਕਾਰ ਦੇ ਨਸ਼ੇ ਵਿਚ ਮਸਤ ਹੋਇਆ ਅਤੇ ਵਿਸ਼ਿਆਂ ਵਿਚ ਮਗਨ ਹੋਇਆ ਇਉਂ ਫਿਰਦਾ ਹੈ, ਜਿਵੇ ਕੁੱਤਾ (ਲੋਭ ਦੇ ਵਿਸ਼ੇ ਕਰਕੇ ਦਰ ਦਰ) ਫਿਰਦਾ ਹੈ। (ਜਿਉਂ ਜਿਉਂ ਜੀਵਾਂ ਦੀ) ਉਮਰ ਬੀਤਦੀ ਜਾਂਦੀ ਹੈ, (ਤਿਉਂ ਤਿਉ ਇਹ ਕਾਮਾਦਿਕ ਵਿਕਾਰਾਂ ਦੇ ਹੱਥੋਂ) ਬਹੁਤ ਠੱਗੇ ਜਾਂਦੇ ਹਨ, ਇਸੇ ਤਰ੍ਹਾਂ ਪਾਪ ਕਰਮ ਕਰਦਿਆਂ ਸੰਸਾਰ ਸਮੁੰਦਰ ਵਿਚ ਡੁਬਦੇ ਜਾਂਦੇ ਹਨ।੧। ਹੇ ਦੁਖਾਂ ਦਾ ਨਾਸ਼ ਕਰਨ ਵਾਲੇ! ਹੇ ਮਾਇਆ ਤੋਂ ਰਹਿਤ ਸਰਬ ਵਿਆਪਕ ਪ੍ਰਭੂ! ਮੈਂ ਤੇਰੀ ਸ਼ਰਨ ਵਿਚ ਆਇਆ ਹਾਂ, (ਮੇਰੇ ਤੇ ਕ੍ਰਿਪਾ ਕਰ) ਜਿਵੇਂ ਵੀ ਹੋ ਸਕੇ, ਮੈਂ ਸਾਧ ਗੁਰੂ ਦੀ ਸੰਗਤ ਵਿਚ ਤੇਰੇ ਨਾਮ ਦਾ ਸਿਮਰਨ ਕਰਦਾ ਰਹਾਂ। ਹੇ ਕਲੇਸ਼ ਨਾਸ਼ ਕਰਨ ਵਾਲੇ! ਹੇ ਪਾਪ ਖੰਡਨ ਕਰਨ ਵਾਲੇ ਪ੍ਰਭੂ! ਨਾਨਕ ਤੇਰਾ ਦਰਸ਼ਨ ਦੇਖ ਕੇ ਜਿਉਂਦਾ ਹੈ।੨।੯।੧੨੫।

ਪਦਾਰਥ = ਭੈ-ਡਰ। ਤਰਨੁ-ਪਾਰ ਉਤਾਰਾ। ਕੈਸੇ-ਕਿਸ ਤਰ੍ਹਾਂ। ਕਰਹੁ ਅਨੁਗ੍ਰਹੁ-ਕ੍ਰਿਪਾ ਕਰ। ਪਤਿਤ ਉਧਾਰਨ-ਹੇ ਪਾਪੀਆਂ ਦਾ ਉਧਾਰ ਕਰਨ ਵਾਲੇ!। ਸੁਆਮੀ-ਹੇ ਮਾਲਕ!। ਆਪ ਭਰੋਸੇ-ਆਪ ਦੇ ਭਰੋਸੇ ਉਤੇ।੧। ਰਹਾਉ। ਨਹੀ ਆਵਤ-ਨਹੀਂ ਆਉਂਦਾ। ਮਦ-ਨਸ਼ਾ। ਮਾਵਤ-ਮਸਤ। ਬਿਖਿਆ-ਵਿਸ਼ਿਆਂ ਵਿਚ; ਮਾਇਆ ਵਿਚ। ਰਾਤਾ-ਮਗਨ; ਰਚਿਆ ਹੋਇਆ। ਸੁਆਨ-ਕੁੱਤਾ। ਜੈਸੇ-ਜਿਵੇਂ। ਅਉਧ-ਉਮਰ। ਬਿਹਾਵਤ-ਬੀਤਦੀ ਜਾਂਦੀ ਹੈ। ਅਧਿਕ-ਬਹੁਤ। ਮੋਹਾਵਤ-ਠੱਗਿਆ ਜਾਂਦਾ ਹੈ। ਕਮਾਵਤ-ਕਰਦਿਆਂ। ਬੁਡੇ ਐਸੇ-ਇਸੇ ਤਰ੍ਹਾਂ ਡੁਬਦੇ ਜਾਂਦੇ ਹਨ।੧। ਦੁਖ ਭੰਜਨ-ਹੇ ਦੁਖ ਨਾਸ਼ ਕਰਨ ਵਾਲੇ!। ਪੁਰਖ ਨਿਰੰਜਨ-ਹੇ ਮਾਇਆ ਰਹਿਤ ਸਰਬ

ਵਿਆਪਕ ਪ੍ਰਭੂ !।ਰਵਣੁ–ਸਿਮਰਨ।ਜੈਸੇ–ਜਿਵੇਂ ਵੀ ਹੋ ਸਕੇ।ਕੇਸਵ–ਹੇ ਕੇਸਾਂ ਵਾਲੇ ਪ੍ਰਭੂ !।ਕਲੇਸ ਨਾਸ–ਹੇ ਕਲੇਸ਼ਾਂ ਦਾ ਨਾਸ਼ ਕਰਨ ਵਾਲੇ !।ਅਘ ਖੰਡਨ–ਹੇ ਪਾਪ ਨਾਸ਼ ਕਰਨ ਵਾਲੇ !।ਜੀਵਤ–ਜਿਉਂਦਾ ਹੈ।ਦਿਸੇ–ਦੇਖ ਕੇ।੨।੯।੧੨੫।

ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੯ ੧ੴ ਸਤਿਗੁਰ ਪ੍ਰਸਾਦਿ ॥ ਆਪਹਿ ਮੇਲਿ ਲਏ ॥ ਜਬ ਤੇ ਸਰਨਿ ਤੁਮਾਰੀ ਆਏ, ਤਬ ਤੇ ਦੋਖ ਗਏ ॥੧॥ਰਹਾਉ॥ ਤਜਿ ਅਭਿਮਾਨੁ ਅਰੁ ਚਿੰਤ ਬਿਰਾਨੀ, ਸਾਧਹ ਸਰਨ ਪਏ ॥ ਜਪਿ ਜਪਿ ਨਾਮੁ ਤੁਮ੍ਹਾਰੋ ਪ੍ਰੀਤਮ, ਤਨ ਤੇ ਰੋਗ ਖਏ ॥੧॥ ਮਹਾ ਮੁਗਧ ਅਜਾਨ ਅਗਿਆਨੀ, ਰਾਖੇ ਧਾਰਿ ਦਏ ॥ ਕਹੁ ਨਾਨਕ ਗੁਰੁ ਪੂਰਾ ਭੇਟਿਓ, ਆਵਨ ਜਾਨ ਰਹੇ ॥੨॥੧॥੧੨੬॥ (ਹੇ ਪ੍ਰਭੂ ! ਤੁਸੀਂ ਕ੍ਰਿਪਾ ਕਰਕੇ) ਆਪ ਹੀ ਅਪਣੇ ਦਾਸ ਅਪਣੇ ਨਾਲ ਮਿਲਾ ਲਏ ਹਨ।ਜਦੋਂ ਤੋਂ (ਅਸੀਂ ਦਾਸ) ਤੁਹਾਡੀ ਸ਼ਰਨ ਵਿਚ ਆਏ ਹਾਂ, ਤਦ ਤੋਂ (ਸਾਡੇ) ਕਾਮਾਦਿਕ ਵਿਕਾਰ ਦੂਰ ਹੋ ਗਏ ਹਨ।੧।ਰਹਾਉ।ਹੰਕਾਰ ਤੇ ਬਿਗਾਨੇ ਸਬੰਧੀਆਂ ਦੀ ਚਿੰਤਾ ਛਡ ਕੇ (ਅਸੀਂ) ਸਾਧੂਆਂ ਦੀ ਸ਼ਰਨ ਵਿਚ ਪਏ ਹਾਂ।ਹੇ ਪਿਆਰੇ ਪ੍ਰਭੂ ! ਤੇਰਾ ਨਾਮ ਜਪ ਜਪ ਕੇ ਸਾਡੇ ਸਰੀਰ ਤੋਂ ਰੋਗ ਨਾਸ਼ ਹੋ ਗਏ ਹਨ।੧।(ਹੇ ਪ੍ਰਭੂ ! ਸਾਡੇ) ਮਹਾਂ ਮੂਰਖਾਂ, ਅਣਜਾਣ ਤੇ ਗਿਆਨ ਹੀਣਾਂ ਦੀ (ਤੁਸੀਂ) ਦਇਆ ਧਾਰ ਕੇ ਰੱਖਿਆ ਕੀਤੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਦੋਂ ਸਾਨੂੰ) ਪੂਰਾ ਗੁਰੂ ਮਿਲ ਪਿਆ, (ਉਦੋਂ ਤੋਂ) ਆਉਣਾ ਜਾਣਾ ਰਹਿ (ਜੰਮਣਾ ਮਰਨਾ ਮੁੱਕ) ਗਿਆ ਹੈ।੨।੧।੧੨੬।

ਪਦਾਰਥ = ਦੁਪਦੇ–ਦੋ ਪਦਿਆਂ ਵਾਲੇ ਸ਼ਬਦ।ਆਪਹਿ–ਆਪ ਹੀ।ਜਬ ਤੇ–ਜਦੋਂ ਤੋਂ।ਤਬ ਤੇ–ਤਦ ਤੋਂ।ਦੋਖ–ਪਾਪ; ਵਿਕਾਰ।੧। ਰਹਾਉ।ਤਜਿ–ਛਡ ਕੇ।ਅਰੁ–ਅਤੇ।ਚਿੰਤ ਬਿਰਾਨੀ–ਬਿਗਾਨੇ ਸਬੰਧੀਆਂ ਦੀ ਚਿੰਤਾ; ਬਿਰਾਨ(ਖਰਾਬ) ਕਰਨ ਵਾਲੀ ਚਿੰਤਾ।ਸਾਧਹ –ਸਾਧੂਆਂ ਦੀ।ਪਏ–ਪੈ ਗਏ ਹਾਂ।ਜਪਿ–ਜਪ ਕੇ।ਤੁਮ੍ਰੋ–ਤੇਰਾ।ਪ੍ਰੀਤਮ–ਹੇ ਪਿਆਰੇ ਪ੍ਰਭੂ !।ਤਨ ਤੇ–ਸਰੀਰ ਤੋਂ।ਖਏ–ਨਾਸ਼ ਹੋ ਗਏ।੧।ਮਹਾ ਮੁਗਧ–ਮਹਾਂ ਮੂਰਖ।ਅਜਾਨ–ਅਣਜਾਣ; ਬੇਸਮਝ।ਰਾਖੇ–ਰੱਖਿਆ ਕੀਤੀ।ਧਾਰਿ ਦਏ–ਦਇਆ ਧਾਰ ਕੇ।ਭੇਟਿਓ– ਮਿਲਿਆ।ਆਵਨ ਜਾਨ–ਆਉਣਾ ਜਾਣਾ (ਜੰਮਣਾ ਮਰਨਾ)।ਰਹੇ–ਮੁੱਕ ਗਏ।੨।੧।੧੨੬।

ਬਿਲਾਵਲੁ ਮਹਲਾ ੫ ॥ ਜੀਵਉ ਨਾਮੁ ਸੁਨੀ ॥ ਜਉ ਸੁਪ੍ਰਸੰਨ ਭਏ ਗੁਰ ਪੂਰੇ, ਤਬ ਮੇਰੀ ਆਸ ਪੁਨੀ ॥੧॥ਰਹਾਉ॥ ਪੀਰ ਗਈ ਬਾਧੀ ਮਨਿ ਧੀਰਾ, ਮੋਹਿਓ ਅਨਦ ਧੁਨੀ ॥ ਉਪਜਿਓ ਚਾਉ ਮਿਲਨ ਪ੍ਰਭ ਪ੍ਰੀਤਮ, ਰਹਨੁ ਨ ਜਾਇ ਖਿਨੀ ॥੧॥(ਹੇ ਭਾਈ !) ਮੈਂ ਪ੍ਰਮੇਸਰ ਦਾ ਨਾਮ ਸੁਣ ਕੇ ਹੀ ਜਿਉਂਦਾ ਹਾਂ।ਜਦ ਪੂਰੇ ਗੁਰੂ ਜੀ (ਮੇਰੇ ਉਤੇ) ਚੰਗੀ ਤਰ੍ਹਾਂ ਪ੍ਰਸੰਨ ਹੋਏ, ਤਦ (ਪ੍ਰਭੂ ਨੂੰ ਮਿਲਣ ਦੀ) ਮੇਰੀ ਆਸ ਪੂਰੀ ਹੋਈ ਹੈ।੧।ਰਹਾਉ।(ਹੇ ਭਾਈ ! ਮੇਰੇ ਅੰਦਰੋਂ ਜਨਮ ਮਰਨ ਦੀ) ਪੀੜ ਚਲੇ ਗਈ, ਮਨ ਵਿਚ ਧੀਰਜ ਬੱਝ ਗਿਆ ਅਤੇ (ਮੇਰਾ ਮਨ ਗੁਰੂ ਦੇ ਬਚਨਾਂ ਦੀ) ਅਨੰਦ ਮਈ ਧੁਨੀ ਸੁਣ ਕੇ ਮੋਹਿਆ ਗਿਆ।(ਮੇਰੇ ਮਨ ਵਿਚ) ਪਿਆਰੇ ਪ੍ਰਭੂ ਨੂੰ ਮਿਲਣ ਦਾ ਚਾਉ ਪੈਦਾ ਹੋ ਗਿਆ, (ਹੁਣ ਉਸ ਤੋਂ ਬਿਨਾ) ਇਕ ਖਿਨ ਵੀ ਰਿਹਾ ਨਹੀਂ ਜਾਂਦਾ।੧।

ਅੰਗ ੮੩੦ = ਅਨਿਕ ਭਗਤ ਅਨਿਕ ਜਨ ਤਾਰੇ, ਸਿਮਰਹਿ ਅਨਿਕ ਮੁਨੀ ॥ ਅੰਧੁਲੇ ਟਿਕ ਨਿਰਧਨ ਧਨੁ ਪਾਇਓ, ਪ੍ਰਭ ਨਾਨਕ ਅਨਿਕ ਗੁਨੀ ॥੨॥੨॥੧੨੭॥ (ਹੇ ਭਾਈ ! ਜਿਸ ਪ੍ਰਭੂ ਨੇ) ਅਨੇਕਾਂ ਭਗਤ ਤੇ ਅਨੇਕਾਂ ਸੇਵਕ ਜਨ (ਭਵਜਲ ਤੋਂ) ਤਾਰ ਦਿਤੇ ਹਨ, (ਉਸ ਨੂੰ) ਅਨੇਕਾਂ ਰਿਸ਼ੀ ਮੁਨੀ ਸਿਮਰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਪ੍ਰਭੂ ਅਨੇਕਾਂ ਗੁਣਾਂ ਵਾਲਾ ਹੈ, (ਉਸ ਪਾਸੋਂ) ਅੰਨ੍ਹੇ ਮਨੁੱਖ ਨੇ ਆਸਰਾ ਤੇ ਧਨ ਹੀਣ ਮਨੁੱਖਾਂ ਨੇ (ਨਾਮ) ਧਨ ਪ੍ਰਾਪਤ ਕਰ ਲਿਆ ਹੈ।੨।੨।੧੨੭।

ਨਾਨਕੁ ਨਿਰਧਨੁ ਤਿਤੁ ਦਿਨਿ ਜਿਤੁ ਦਿਨਿ ਵਿਸਰੈ ਨਾਉ।(ਅੰਗ ੧੨੪੪)

ਪਦਾਰਥ = ਜੀਵਉ–ਮੈਂ ਜਿਉਂਦਾ ਹਾਂ।ਸੁਨੀ–ਸੁਣ ਕੇ।ਜਉ–ਜਦੋਂ।ਸੁਪ੍ਰਸੰਨ ਭਏ–ਚੰਗੀ ਤਰ੍ਹਾਂ ਪ੍ਰਸੰਨ ਹੋਏ।ਤਬ–ਤਦ।ਪੁਨੀ– ਪੂਰੀ ਹੋਈ।੧।ਰਹਾਉ।ਪੀਰ–ਪੀੜ।ਬਾਧੀ–ਬੱਝ ਗਈ।ਮਨਿ–ਮਨ ਵਿਚ।ਧੀਰਾ–ਧੀਰਜ; ਹੌਂਸਲਾ।ਮੋਹਿਓ–ਮੋਹਿਆ (ਮਸਤ ਹੋ) ਗਿਆ।ਅਨਦ ਧੁਨੀ–ਅਨੰਦ ਮਈ ਧੁਨੀ।ਖਿਨੀ–ਇਕ ਖਿਨ।੧।ਜਨ–ਸੇਵਕ।ਤਾਰੇ–(ਭਵਜਲ ਤੋਂ) ਤਾਰ ਦਿਤੇ।ਮੁਨੀ–ਰਿਸ਼ੀ ਮੁਨੀ।ਅੰਧੁਲੇ–ਅੰਨ੍ਹੇ ਮਨੁੱਖ ਨੇ।ਟਿਕ–ਟੇਕ (ਆਸਰਾ)।ਨਿਰਧਨ–ਧਨ ਹੀਣ (ਕੰਗਾਲ)।ਗੁਨੀ–ਗੁਣਾਂ ਵਾਲਾ।੨।੨।੧੨੭।

ਰਾਗੁ ਬਿਲਾਵਲੁ ਮਹਲਾ ੫ ਘਰੁ ੧੩ ਪੜਤਾਲ ੧ੴ ਸਤਿਗੁਰ ਪ੍ਰਸਾਦਿ ॥ ਮੋਹਨ ਨੀਦ ਨ ਆਵੈ ਹਾਵੈ, ਹਾਰ ਕਜਰ ਬਸਤ੍ਰ ਅਭਰਨ ਕੀਨੇ ॥ ਉਡੀਨੀ ਉਡੀਨੀ ਉਡੀਨੀ ॥ ਕਬ ਘਰਿ ਆਵੈ ਰੀ ॥੧॥ਰਹਾਉ॥ ਸਰਨਿ ਸੁਹਾਗਨਿ ਚਰਨ ਸੀਸੁ ਧਰਿ ॥ ਲਾਲਨੁ ਮੋਹਿ ਮਿਲਾਵਹੁ ॥ ਕਬ ਘਰਿ ਆਵੈ ਰੀ ॥੧॥ ਸੁਨਹੁ ਸਹੇਰੀ ਮਿਲਨ ਬਾਤ ਕਹਉ ,ਸਗਰੋ ਅਹੰ ਮਿਟਾਵਹੁ ,ਤਉ ਘਰਿ ਹੀ ਲਾਲਨੁ ਪਾਵਹੁ ॥ ਤਬ ਰਸ ਮੰਗਲ ਗੁਨ ਗਾਵਹੁ ॥ ਆਨਦ ਰੂਪ ਧਿਆਵਹੁ ॥ ਨਾਨਕੁ ਦੁਆਰੈ ਆਇਓ ॥ ਤਉ ਮੈ ਲਾਲਨੁ

ਪਾਇਓ ਰੀ ॥੨॥ ਮੋਹਨ ਰੂਪੁ ਦਿਖਾਵੈ ॥ ਅਬ ਮੋਹਿ ਨੀਦ ਸੁਹਾਵੈ ॥ ਸਭ ਮੇਰੀ ਤਿਖਾ ਬੁਝਾਨੀ ॥ ਅਬ ਮੈ ਸਹਜਿ ਸਮਾਨੀ ॥ ਮੀਠੀ ਪਿਰਹਿ ਕਹਾਨੀ ॥ ਮੋਹਨੁ ਲਾਲਨੁ ਪਾਇਓ ਰੀ ॥ਰਹਾਉ ਦੂਜਾ॥੧॥੧੨੮॥(ਗੁਰੂ ਜੀ ਇਕ ਬਿਰਹਨੀ ਇਸਤ੍ਰੀ ਦਾ ਅਲੰਕਾਰ ਵਰਤ ਕੇ ਜਗਿਆਸੂ ਦੀ ਮਾਨਸਕ ਅਵਸਥਾ ਬਿਆਨ ਕਰਦੇ ਹਨ। ਪਤੀ ਪ੍ਰਮੇਸਰ ਤੋਂ ਵਿਛੜੀ ਇਸਤ੍ਰੀ ਪੁਛਦੀ ਹੈ ਕਿ ਹੇ ਸਹੇਲੀ!) ਮਨ ਨੂੰ ਮੋਹ ਲੈਣ ਵਾਲੇ ਪਤੀ ਪ੍ਰਭੂ ਦੇ ਹਾਵਿਆਂ ਕਰਕੇ (ਵਿਛੋੜੇ ਦੇ ਕਾਰਣ ਹਾਉਕੇ ਲੈਂਦਿਆਂ) ਮੈਨੂੰ ਨੀਂਦ ਨਹੀਂ ਆਉਂਦੀ ਹੈ, (ਭਾਵੇਂ ਪਤੀ ਪ੍ਰਭੂ ਨੂੰ ਮਿਲਣ ਵਾਸਤੇ ਮੈਂ) ਹਾਰ ਪਹਿਨਿਆ, ਅੱਖਾਂ ਵਿਚ ਕੱਜਲ ਪਾਇਆ, ਸੁੰਦਰ ਕੱਪੜੇ ਪਹਿਨੇ ਅਤੇ ਗਹਿਣੇ ਆਦਿ ਪਹਿਨਣ ਦੇ ਬੜੇ ਸ਼ਿੰਗਾਰ ਕੀਤੇ ਹਨ। ਮੈਂ (ਉਸ ਦੀ) ਉਡੀਕ ਵਿਚ ਮਨ, ਤਨ ਤੇ ਕਰਮ ਕਰਕੇ ਬਹੁਤ ਉਦਾਸ ਰਹਿੰਦੀ ਹਾਂ। ਹੇ ਸਖੀ! (ਮੈਨੂੰ ਦੱਸ ਪਿਆਰਾ ਪਤੀ ਪ੍ਰਭੂ) ਮੇਰੇ ਹਿਰਦੇ ਘਰ ਵਿਚ ਕਦੋਂ ਆਵੇਗਾ (ਕਦੋਂ ਦਰਸ਼ਨ ਦੇਵੇਗਾ?)।੧।ਰਹਾਉ। (ਜਗਿਆਸੂ ਇਸਤ੍ਰੀ ਆਖਦੀ ਹੈ ਕਿ ਹੇ ਸਖੀ!) ਮੈਂ ਸੁਹਾਗਣਾਂ ਦੀ ਸਰਨ ਵਿਚ ਪੈ ਕੇ (ਉਨ੍ਹਾਂ ਦੇ) ਚਰਨਾਂ ਉਤੇ ਸਿਰ ਧਰ ਕੇ ਬੇਨਤੀ ਕਰਦੀ ਹਾਂ। ਕਿ ਮੈਨੂੰ ਪਿਆਰਾ ਪਤੀ ਪ੍ਰਮੇਸਰ ਮਿਲਾ ਦਿਓ। ਹੇ ਸਖੀ! (ਮੈਨੂੰ ਦੱਸ, ਪਤੀ ਪ੍ਰਮੇਸਰ) ਕਦੋਂ ਹਿਰਦੇ ਘਰ ਵਿਚ ਆਵੇਗਾ?।੧।(ਹੁਣ ਗੁਰੂ ਜੀ ਸੁਹਾਗਣ ਇਸਤ੍ਰੀ ਦੇ ਰੂਪ ਵਿਚ ਉਤਰ ਦੇਂਦੇ ਹਨ ਕਿ) ਹੇ ਜਗਿਆਸੂ ਸਹੇਲੀ! (ਪਤੀ ਪ੍ਰਮੇਸਰ ਨੂੰ) ਮਿਲਣ ਦੀ ਗੱਲ ਮੈਂ ਤੈਨੂੰ ਦਸਦੀ ਹਾਂ, (ਤੂੰ ਧਿਆਨ ਨਾਲ) ਸੁਣ, (ਪਹਿਲਾਂ ਤੂੰ ਅਪਣੇ ਅੰਦਰੋਂ) ਸਾਰਾ ਹੰਕਾਰ ਮਿਟਾ ਦੇਹ, (ਜਦੋਂ ਹੰਕਾਰ ਮਿਟ ਜਾਵੇਗਾ) ਤਾਂ ਤੂੰ ਅਪਣੇ ਹਿਰਦੇ ਘਰ ਵਿਚ (ਬੈਠਿਆਂ) ਹੀ ਪਿਆਰੇ ਪਤੀ ਪ੍ਰਮੇਸਰ ਨੂੰ ਪਾ ਲਵੇਂਗੀ। (ਉਸ ਦੇ ਦਰਸ਼ਨ ਕਰਕੇ) ਤਦ ਤੂੰ ਪ੍ਰੇਮ ਨਾਲ (ਉਸ ਦੇ) ਮੰਗਲ ਰੂਪ ਗੁਣ ਗਾਇਆ ਕਰੀਂ। ਅਤੇ ਅਨੰਦ ਰੂਪ (ਪ੍ਰਭੂ ਨੂੰ) ਧਿਆਇਆ ਕਰੀਂ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਸਖੀ! (ਜਦ ਮੈਂ ਗੁਰੂ ਦੇ) ਦੁਆਰੇ ਆਇਆ, ਤਦ ਮੈਂ (ਹਿਰਦੇ ਘਰ ਵਿਚ ਹੀ) ਪਿਆਰੇ ਪ੍ਰਭੂ ਨੂੰ ਪਾ ਲਿਆ।੨।(ਹੇ ਸਖੀ! ਹੁਣ ਮੈਨੂੰ ਜਦ) ਮਨ ਨੂੰ ਮੋਹ ਲੈਣ ਵਾਲਾ ਪਤੀ ਪ੍ਰਮੇਸਰ ਅਪਣਾ ਰੂਪ ਦਿਖਾਉਂਦਾ (ਦਰਸ਼ਨ ਦੇਂਦਾ) ਹੈ। ਹੁਣ ਮੈਨੂੰ ਸੁਖ ਦਾਈ ਨੀਂਦ (ਮਨ ਵਿਚ ਸ਼ਾਂਤੀ) ਆ ਜਾਂਦੀ ਹੈ।(ਵਿਛੋੜੇ ਦੀ) ਮੇਰੀ ਸਾਰੀ ਪਿਆਸ ਬੁਝ ਗਈ ਹੈ।(ਕਿਉਂਕਿ) ਹੁਣ ਮੈਂ ਸਹਿਜ ਪਦ ਵਿਚ ਸਮਾ ਗਈ ਹਾਂ।(ਜਿਸ) ਪਤੀ ਦੀਆਂ ਕਥਾ ਕਹਾਣੀਆਂ ਮਿੱਠੀਆਂ ਲਗਦੀਆਂ ਹਨ। ਹੇ ਸਖੀ! ਮੈਂ ਮਨ ਨੂੰ ਮੋਹ ਲੈਣ ਵਾਲੇ (ਉਸ) ਪਤੀ ਪ੍ਰਮੇਸਰ ਨੂੰ ਪਾ ਲਿਆ ਹੈ। ਰਹਾਉ ਦੂਜਾ।੧।੧੨੮।

ਪਦਾਰਥ = ਪੜਤਾਲ–ਪਰਤਾਉ ਤਾਲ ਦਾ (ਜਿਸ ਦੇ ਗਾਉਣ ਵਿਚ ਤੁਕ ਤੁਕ ਤੇ ਤਾਲ ਪਰਤਦਾ ਹੋਵੇ, ਉਸ ਨੂੰ ਪੜਤਾਲ ਕਹਿੰਦੇ ਹਨ)। ਮੋਹਨ–ਮਨ ਨੂੰ ਮੋਹ ਲੈਣ ਵਾਲਾ ਪਤੀ ਪ੍ਰਭੂ। ਹਾਵੈ–ਵਿਛੋੜੇ ਦੇ ਕਾਰਣ ਹਾਉਕੇ ਲੈਂਦਿਆਂ। ਕਜਰ–ਕੱਜਲ (ਸੁਰਮਾ)। ਅਭਰਨ –ਗਹਿਣੇ। ਕੀਨੇ–ਕੀਤੇ ਹਨ। ਉਡੀਨੀ–ਉਡੀਕ ਵਿਚ ਉਦਾਸ; ਘਬਰਾਈ ਹੋਈ। ਕਬ–ਕਦੋਂ। ਘਰਿ–ਹਿਰਦੇ ਘਰ ਵਿਚ। ਰੀ–ਹੇ (ਸੁਹਾਗਣ) ਸਖੀ!।੧।ਰਹਾਉ। ਸਰਨਿ ਸੁਹਾਗਨਿ–ਗੁਰਮੁਖ ਸੁਹਾਗਣਾਂ ਦੀ ਸ਼ਰਨ ਵਿਚ। ਚਰਨ–ਚਰਨਾਂ ਉਤੇ। ਸੀਸੁ ਧਰਿ–ਸਿਰ ਧਰ ਕੇ। ਲਾਲਨੁ–ਪਿਆਰਾ ਪਤੀ ਪ੍ਰਮੇਸਰ। ਮੋਹਿ–ਮੈਨੂੰ।੧। ਸਹੇਰੀ–ਹੇ ਸਹੇਲੀ!। ਮਿਲਨ ਬਾਤ–ਮਿਲਣ ਦੀ ਗੱਲ। ਕਹਉ–ਮੈਂ ਕਹਿੰਦੀ (ਦਸਦੀ) ਹਾਂ। ਸਗਰੋ–ਸਾਰਾ। ਅਹੰ–ਹੰਕਾਰ। ਤਉ–ਤਦ। ਪਾਵਹੁ–ਪਾ ਲਵੇਂਗੀ। ਤਬ–ਤਦ। ਰਸ–ਪ੍ਰੇਮ ਨਾਲ। ਆਨਦ ਰੂਪ –ਅਨੰਦ ਰੂਪ। ਧਿਆਵਹੁ–ਸਿਮਰਿਆ ਕਰੀਂ। ਦੁਆਰੈ ਆਇਓ–ਦਰ ਤੇ ਆਇਆ ਹੈ।੨। ਰੂਪ ਦਿਖਾਵੈ–ਸ਼ਕਲ ਦਿਖਾਉਂਦਾ ਹੈ। ਸੁਹਾਵੈ–ਸੁਖ ਦਾਈ; ਸੁਖਾਉਂਦੀ ਹੈ। ਤਿਖਾ–ਪਿਆਸ। ਬੁਝਾਨੀ–ਬੁਝ (ਮਿਟ) ਗਈ। ਸਹਜਿ ਸਮਾਨੀ–ਸਹਿਜ ਅਵਸਥਾ ਵਿਚ ਸਮਾ ਗਈ ਹਾਂ। ਮੀਠੀ–ਮਿੱਠੀ; ਪਿਆਰੀ। ਪਿਰਹਿ–ਪਤੀ ਦੀ। ਕਹਾਨੀ–ਸਿਫਤ ਸਲਾਹ ਦੀਆਂ ਗੱਲਾਂ।੨।੧।੧੨੮।

ਨੋਟ = ਪਹਿਲੇ ਰਹਾਉ ਵਾਲੀ ਤੁਕ ਵਿਚ ਪ੍ਰਸ਼ਨ ਕੀਤਾ ਸੀ ਕਿ 'ਕਬ ਘਰਿ ਆਵੈ ਰੀ'। ਦੂਜੇ ਪਦੇ ਵਿਚ ਮਿਲਾਪ ਦਾ ਤਰੀਕਾ ਦਸਿਆ ਹੈ। ਰਹਾਉ ਦੂਜਾ ਵਾਲੀ ਤੁਕ 'ਮੋਹਨ ਲਾਲਨੁ ਪਾਇਓ ਰੀ' ਵਿਚ ਪਤੀ ਪ੍ਰਮੇਸਰ ਨਾਲ ਮੇਲ ਹੋਇਆ ਦੱਸਿਆ ਹੈ।

ਬਿਲਾਵਲੁ ਮਹਲਾ ੫ ॥ ਮੋਰੀ ਅਹੰ ਜਾਇ ਦਰਸਨ ਪਾਵਤ ਹੇ ॥ ਰਾਚਹੁ ਨਾਥ ਹੀ ਸਹਾਈ ਸੰਤਨਾ ॥ ਅਬ ਚਰਨ ਗਹੇ ॥੧॥ਰਹਾਉ॥ ਆਹੇ ਮਨ ਅਵਰੁ ਨ ਭਾਵੈ ਚਰਨਾਵੈ ਚਰਨਾਵੈ, ਉਲਝਿਓ ਅਲਿ ਮਕਰੰਦ ਕਮਲ ਜਿਉ ॥ ਅਨ ਰਸ ਨਹੀ ਚਾਹੈ, ਏਕੈ ਹਰਿ ਲਾਹੈ ॥੧॥ ਅਨ ਤੇ ਟੂਟੀਐ, ਰਿਖ ਤੇ ਛੂਟੀਐ ॥ ਮਨ ਹਰਿ ਰਸ ਘੂਟੀਐ, ਸੰਗਿ ਸਾਧੂ ਉਲਟੀਐ ॥ ਅਨ ਨਾਹੀ ਨਾਹੀ ਰੇ ॥ ਨਾਨਕ ਪ੍ਰੀਤਿ ਚਰਨ ਚਰਨ ਹੇ ॥੨॥੨॥੧੨੯॥ (ਹੇ ਭਾਈ!) ਪ੍ਰਭੂ ਦਾ ਦਰਸ਼ਨ ਪ੍ਰਾਪਤ ਕਰਦਿਆਂ ਹੀ ਮੇਰੀ ਹਉਮੈ ਜਾਂਦੀ ਰਹੀ (ਦੂਰ ਹੋ ਗਈ) ਹੈ।(ਹੇ ਭਾਈ! ਤੁਸੀਂ ਉਸ) ਮਾਲਕ ਪ੍ਰਭੂ ਨਾਲ ਜੁੜੇ ਰਹੋ, ਜੋ ਸੰਤਾਂ ਦਾ ਸਹਾਈ ਹੈ।(ਹੇ ਭਾਈ! ਮੈਂ ਤਾਂ) ਹੁਣ ਪ੍ਰਭੂ ਦੇ ਚਰਨ ਫੜ ਲਏ ਹਨ।੧।ਰਹਾਉ।(ਹੇ ਭਾਈ! ਪ੍ਰਭੂ ਨੂੰ ਹੀ) ਮੇਰਾ ਮਨ ਚਾਹੁੰਦਾ ਹੈ, (ਮੈਨੂੰ) ਹੋਰ ਕੁਛ ਚੰਗਾ ਨਹੀਂ ਲਗਦਾ,

(ਮੇਰਾ ਮਨ ਉਸ ਦੇ) ਚਰਨਾਂ ਵੱਲ ਮੁੜ ਮੁੜ (ਉਸੇ ਤਰ੍ਹਾਂ) ਆਉਂਦਾ ਹੈ, ਜਿਵੇਂ ਭੌਰਾ ਕਮਲ ਫੁੱਲ ਦੇ ਰਸ ਵਿਚ ਫਸਿਆ ਰਹਿੰਦਾ ਹੈ।(ਮੇਰਾ ਮਨ) ਹੋਰ ਦੁਨਿਆਵੀ ਰਸ ਨਹੀਂ ਚਾਹੁੰਦਾ, ਇਕ ਹਰੀ ਨੂੰ ਹੀ ਲੱਭਦਾ ਹੈ; ਇਕ ਹਰੀ ਦੇ ਨਾਮ ਸਿਮਰਨ ਦਾ ਲਾਭ ਲੈਂਦਾ ਹੈ (ਫ.ਸ.; ਸੰ.ਸ.)।੧।(ਹੇ ਭਾਈ! ਹਰੀ ਤੋਂ ਬਿਨਾ ਜੇ) ਹੋਰ (ਪਦਾਰਥਾਂ ਦੇ ਮੋਹ) ਤੋਂ ਟੁੱਟ ਜਾਈਏ, ਤਾਂ ਆਵਾਗਵਨ ਤੋਂ ਛੁਟ ਜਾਈਦਾ ਹੈ; ਇੰਦ੍ਰੀਆਂ ਦੇ ਵਿਸ਼ਿਆਂ ਵੱਲੋਂ ਛੁਟ ਜਾਈਦਾ ਹੈ।ਹੇ ਮਨ! ਹਰੀ ਦੇ ਨਾਮ ਰਸ ਦਾ ਘੁੱਟ ਭਰ ਲਈਏ, ਸਾਧੂਆਂ ਦਾ ਸੰਗ ਕਰਕੇ ਬ੍ਰਿਤੀ (ਮਾਇਆ ਦੇ ਮੋਹ ਵੱਲੋਂ) ਉਲਟਾ ਲਈਏ।ਹੇ ਭਾਈ! (ਪ੍ਰਭੂ ਤੋਂ ਬਿਨਾ ਸੰਸਾਰ ਵਿਚ) ਹੋਰ ਕੋਈ ਨਹੀਂ ਹੈ, (ਬਿਲਕੁਲ) ਕੋਈ ਨਹੀਂ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! ਤੂੰ ਪ੍ਰਭੂ ਦੇ ਚਰਨਾਂ ਨਾਲ ਪ੍ਰੀਤ ਕਰ।੨।੨।੧੨੯।

ਪਦਾਰਥ = ਮੋਰੀ–ਮੇਰੀ।ਅਹੰ–ਹਉਮੈ।ਜਾਇ–ਜਾਂਦੀ ਰਹੀ (ਖਤਮ ਹੋ ਗਈ)।ਪਾਵਤ ਹੇ–ਪ੍ਰਾਪਤ ਕਰਦਿਆਂ ਹੀ।ਰਾਚਹੁ–ਰਚੇ (ਜੁੜੇ) ਰਹੋ।ਨਾਥ–ਮਾਲਕ ਪ੍ਰਭੂ।ਸਹਾਈ ਸੰਤਨਾ–ਸੰਤਾਂ ਦੀ ਸਹਾਇਤਾ ਕਰਨ ਵਾਲਾ।ਅਬ–ਹੁਣ।ਗਹੇ–ਫੜੇ ਹਨ।੧।ਰਹਾਉ। ਆਹੇ–ਚਾਹੁੰਦਾ ਹੈ; ਪਸੰਦ ਕਰਦਾ ਹੈ।ਅਵਰੁ–ਹੋਰ ਕੁਛ।ਨ ਭਾਵੈ–ਚੰਗਾ ਨਹੀਂ ਲਗਦਾ।ਚਰਨਾਵੈ (ਚਰਨ+ਆਵੈ)–ਚਰਨਾਂ ਵੱਲ ਆਉਂਦਾ ਹੈ।ਉਲਝਿਓ–ਫਸਿਆ ਹੈ।ਅਲਿ–ਭੌਰਾ।ਮਕਰੰਦ ਕਮਲ–ਕਮਲ ਫੁੱਲ ਦੀ ਧੂੜ ਦਾ ਰਸ।ਜਿਉ–ਜਿਵੇਂ।ਅਨ ਰਸ–ਹੋਰ (ਦੁਨਿਆਵੀ) ਰਸ।ਲਾਹੈ–ਲੱਭਦਾ ਹੈ; ਲਾਭ ਲੈਂਦਾ ਹੈ।੧।ਅਨ ਤੇ–ਹੋਰ (ਸਬੰਧੀਆਂ ਜਾਂ ਪਦਾਰਥਾਂ ਦੇ ਮੋਹ) ਤੋਂ।ਟੂਟੀਐ–ਟੁੱਟ ਜਾਈਏ।ਰਿਖ ਤੇ–ਅਵਾਗਵਨ ਤੋਂ; ਜਮਰਾਜ ਤੋਂ; ਇੰਦ੍ਰੀਆਂ (ਦੇ ਵਿਸ਼ਿਆਂ) ਤੋਂ।ਛੂਟੀਐ–ਛੁਟ ਜਾਈਦਾ ਹੈ।ਮਨ–ਹੇ ਮਨ!। ਘੂਟੀਐ–ਘੁੱਟ ਭਰੀਏ।ਉਲਟੀਐ–(ਬ੍ਰਿਤੀ) ਮੋੜ ਲਈਏ।ਰੇ–ਹੇ ਭਾਈ!।੨।੨।੧੨੯।

ਰਾਗੁ ਬਿਲਾਵਲੁ ਮਹਲਾ ੯ ਦੁਪਦੇ ੴ ਸਤਿਗੁਰ ਪ੍ਰਸਾਦਿ ॥ ਦੁਖ ਹਰਤਾ ਹਰਿ ਨਾਮੁ ਪਛਾਨੋ ॥ ਅਜਾਮਲੁ ਗਨਿਕਾ ਜਿਹ ਸਿਮਰਤ, ਮੁਕਤਿ ਭਏ ਜੀਅ ਜਾਨੋ ॥੧॥ਰਹਾਉ॥ ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ, ਜਬ ਹੀ ਰਾਮੁ ਬਖਾਨੋ ॥ ਨਾਰਦ ਕਹਤ ਸੁਨਤ ਧ੍ਰੂਅ ਬਾਰਿਕ, ਭਜਨ ਮਾਹਿ ਲਪਟਾਨੋ ॥੧॥ ਅਚਲ ਅਮਰ ਨਿਰਭੈ ਪਦੁ ਪਾਇਓ, ਜਗਤ ਜਾਹਿ ਹੈਰਾਨੋ ॥ ਨਾਨਕ ਕਹਤ ਭਗਤ ਰਛਕ ਹਰਿ, ਨਿਕਟਿ ਤਾਹਿ ਤੁਮ ਮਾਨੋ ॥੨॥੧॥ (ਹੇ ਭਾਈ! ਤੁਸੀਂ) ਪਛਾਣ ਲਵੋ ਕਿ ਪ੍ਰਮਾਤਮਾ ਦਾ ਨਾਮ ਦੁੱਖਾਂ ਨੂੰ ਨਾਸ਼ ਕਰਨ ਵਾਲਾ ਹੈ।ਜਿਸ ਦਾ ਸਿਮਰਨ ਕਰਨ ਨਾਲ ਅਜਾਮਲ ਤੇ ਗਨਕਾ ਮੁਕਤ ਹੋ ਗਏ, (ਇਹ ਗਲ) ਦਿਲ ਵਿਚ ਜਾਣ ਲਵੋ।੧। ਰਹਾਉ।ਹਾਥੀ ਦਾ ਡਰ ਇਕ ਖਿਨ ਵਿਚ ਮਿਟ ਗਿਆ, ਜਦੋਂ ਹੀ (ਉਸ ਨੇ ਅਪਣੀ ਰਸਨਾ ਨਾਲ) ਰਾਮ ਉਚਾਰਨ ਕੀਤਾ।ਬਾਲਕ ਧਰੂ ਨਾਰਦ ਮੁਨੀ ਦਾ ਕਿਹਾ ਉਪਦੇਸ ਸੁਣਦਿਆਂ ਹੀ ਭਜਨ ਵਿਚ ਲਗ ਗਿਆ।੧।(ਧਰੂ ਭਗਤ ਨੇ ਪ੍ਰਭੂ ਦਾ ਸਿਮਰਨ ਕਰਕੇ) ਅਮਰ, ਅਚੱਲ ਤੇ ਨਿਰਭੈ ਪਦਵੀ ਪਾ ਲਈ, ਜਿਸ ਨੂੰ ਦੇਖ ਕੇ ਸਾਰਾ ਜਗਤ ਹੈਰਾਨ ਹੋ ਰਿਹਾ ਹੈ।ਨਾਨਕ ਗੁਰੂ ਜੀ ਕਥਨ ਕਰਦੇ ਹਨ (ਕਿ ਹੇ ਭਾਈ! ਜੋ) ਹਰੀ ਭਗਤਾਂ ਦੀ ਰੱਖਿਆ ਕਰਨ ਵਾਲਾ ਹੈ, ਤੁਸੀਂ ਉਸ ਨੂੰ ਅਪਣੇ ਨੇੜੇ ਵਸਦਾ ਮੰਨੋ।੨।੧।

ਪਦਾਰਥ = ਦੁਪਦੇ–ਦੋ ਪਦਿਆਂ ਵਾਲੇ ਸ਼ਬਦ।ਹਰਤਾ–ਨਾਸ਼ ਕਰਨ ਵਾਲਾ।ਪਛਾਨੋ–ਪਛਾਣ (ਜਾਣ) ਲਵੋ।ਜਿਹ–ਜਿਸ ਦਾ।ਭਏ–ਹੋ ਗਏ।ਜੀਅ ਜਾਨੋ–ਦਿਲ ਵਿਚ ਜਾਣ ਲਵੋ।੧।ਰਹਾਉ।ਗਜ ਕੀ–ਹਾਥੀ ਦੀ।ਤ੍ਰਾਸ–ਡਰ।ਛਿਨਹੂ ਮਹਿ–ਇਕ ਖਿਨ ਵਿਚ।ਜਬ ਹੀ–ਜਦੋਂ ਹੀ।ਬਖਾਨੋ–ਉਚਾਰਿਆ।ਬਾਰਿਕ–ਬਾਲਕ।ਲਪਟਾਨੋ–ਲਗ (ਲੀਨ ਹੋ) ਗਿਆ।੧।ਅਚਲ–(ਅਚੱਲ ਪੜ੍ਹੋ) ਅਟੱਲ। ਅਮਰ–ਜੋ ਕਦੇ ਮਰਦਾ ਨਹੀਂ।ਨਿਰਭੈ ਪਦੁ–ਭੈ ਰਹਿਤ ਪਦਵੀ।ਜਾਹਿ–ਜਿਸ ਨੂੰ।ਭਗਤ ਰਛਕ–ਭਗਤਾਂ ਦੀ ਰੱਖਿਆ ਕਰਨ ਵਾਲਾ ।ਨਿਕਟਿ–ਨੇੜੇ (ਅੰਗ ਸੰਗ)।ਤਾਹਿ–ਉਸ ਨੂੰ।ਮਾਨੋ–ਮੰਨੋ।੨।੧।

ਅਜਾਮਲੁ = ਭਾਗਵਤ ਅਨੁਸਾਰ ਕਨੌਜ ਦਾ ਇਕ ਬ੍ਰਾਹਮਣ, ਜੋ ਵੇਸਵਾ ਨਾਲ ਰਹਿੰਦਾ ਸੀ।ਇਸ ਦੇ ਦਸ ਬੱਚੇ ਜਨਮੇ, ਸੰਤਾਂ ਦੇ ਕਹਿਣ ਤੇ ਇਸ ਨੇ ਅਪਣੇ ਨਵੇਂ ਜੰਮੇ ਛੋਟੇ ਬੱਚੇ ਦਾ ਨਾਂ ਨਰਾਇਣ ਰੱਖਿਆ।ਮਰਨ ਸਮੇਂ ਪੁਤ੍ਰ ਨਰਾਇਣ ਦਾ ਨਾਮ ਲੈਂਦਿਆਂ ਲੈਂਦਿਆਂ ਇਸ ਦੀ ਬ੍ਰਿਤੀ ਪ੍ਰਮਾਤਮਾ ਨਾਲ ਜੁੜ ਗਈ ਅਤੇ ਮੁਕਤ ਹੋ ਗਿਆ।

ਗਨਿਕਾ = ਇਕ ਵੇਸਵਾ ਸੀ, ਇਕ ਸੰਤ ਦੀ ਸੰਗਤ ਹੋ ਗਈ, ਜਿਸ ਨੇ ਗਨਿਕਾ ਨੂੰ ਰਾਮ ਰਾਮ ਕਹਿਣ ਵਾਲਾ ਤੋਤਾ ਦਿਤਾ।ਇਸ ਤੋਤੇ ਨੂੰ ਸੁਣ ਸੁਣ ਕੇ ਇਹ ਨਾਮ ਸਿਮਰਨ ਵਿਚ ਲਗ ਗਈ ਅਤੇ ਮੁਕਤ ਹੋ ਗਈ। ਗਨਿਕਾ ਉਧਰੀ ਹਰਿ ਕਹੈ ਤੋਤ।(੧੧੯੨)

ਗਜ = ਇਕ ਗੰਧਰਵ, ਦੇਵਲ ਰਿਖੀ ਦੇ ਸਰਾਪ ਨਾਲ ਹਾਥੀ ਦੇ ਜਨਮ ਵਿਚ ਚਲਾ ਗਿਆ।ਇਸ ਨੂੰ ਵਰੁਣ ਦੇ ਤਲਾਬ ਵਿਚ ਤੰਦੂਏ ਨੇ ਫੜ ਲਿਆ।ਤੰਦੂਏ ਤੋਂ ਛੁਟਣ ਲਈ ਪਹਿਲਾਂ ਇਸ ਨੇ ਬੜਾ ਜੋਰ ਲਾਇਆ, ਪਰ ਜਦ ਇਸ ਦਾ ਜੋਰ ਨਾ ਚੱਲਿਆ, ਤਾਂ ਇਸ ਨੇ ਪ੍ਰਭੂ ਅੱਗੇ ਅਰਦਾਸ ਕੀਤੀ ਅਤੇ ਤੰਦੂਏ ਤੋਂ ਛੁਟਕਾਰਾ ਪਾ ਲਿਆ।

ਬਿਲਾਵਲੁ ਮਹਲਾ ੯ ॥ ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥ ਭਗਤਿ ਬਿਨਾ ਸਹਸਾ ਨਹ ਚੂਕੈ, ਗੁਰੁ ਇਹੁ ਭੇਦੁ ਬਤਾਵੈ ॥੧॥ਰਹਾਉ॥ ਕਹਾ ਭਇਓ ਤੀਰਥ ਬ੍ਰਤ ਕੀਏ, ਰਾਮ ਸਰਨਿ ਨਹੀ ਆਵੈ ॥(ਹੇ ਭਾਈ!) ਹਰੀ ਦੇ ਨਾਮ ਸਿਮਰਨ ਤੋਂ ਬਿਨਾ ਮਨੁੱਖ ਦੁਖ ਪਾਉਂਦਾ ਹੈ।ਭਗਤੀ ਕੀਤੇ ਬਿਨਾ ਮਨੁੱਖ ਦਾ ਸੰਸਾ ਦੂਰ ਨਹੀਂ ਹੁੰਦਾ, (ਪਰ) ਇਹ ਭੇਤ ਗੁਰੂ ਦਸਦਾ ਹੈ।੧।ਰਹਾਉ।(ਹੇ ਭਾਈ! ਜੇ ਮਨੁੱਖ ਨੇ) ਤੀਰਥ ਇਸ਼ਨਾਨ ਕਰ ਲਏ ਤੇ ਬਰਤ ਆਦਿ ਰੱਖ ਲਏ, ਤਾਂ ਕੀ ਹੋਇਆ? (ਲੋਕ ਦਿਖਾਵੇ ਦੇ ਇਹ ਸਾਰੇ ਕਰਮ ਨਿਸਫਲ ਹਨ, ਜੇ ਮਨੁੱਖ) ਪ੍ਰਮਾਤਮਾ ਦੀ ਸ਼ਰਨ ਵਿਚ ਨਹੀਂ ਆਉਂਦਾ।

ਅੰਗ ੮੩੧ = ਜੋਗ ਜਗ ਨਿਹਫਲ ਤਿਹ ਮਾਨਉ ,ਜੋ ਪ੍ਰਭ ਜਸੁ ਬਿਸਰਾਵੈ ॥੧॥ ਮਾਨ ਮੋਹ ਦੋਨੋ ਕਉ ਪਰਹਰਿ, ਗੋਬਿੰਦ ਕੇ ਗੁਨ ਗਾਵੈ ॥ ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ, ਜੀਵਨ ਮੁਕਤਿ ਕਹਾਵੈ ॥੨॥੨॥ ਜੋ ਮਨੁੱਖ ਪ੍ਰਭੂ ਦਾ ਜਸ ਕਰਨਾ ਭੁੱਲਾ ਦੇਂਦਾ ਹੈ, ਉਸ ਦੇ ਜੋਗ ਸਾਧਨਾ ਅਤੇ ਜਗ ਕੀਤੇ ਹੋਏ ਨਿਸਫਲ ਮੰਨ ਲਵੋ।੧।(ਹੇ ਭਾਈ! ਜੋ ਮਨੁੱਖ) ਮਾਣ ਤੇ (ਸਭ ਤਰ੍ਹਾਂ ਦਾ) ਮੋਹ ਦੋਹਾਂ ਨੂੰ ਛਡ ਕੇ ਗੋਬਿੰਦ ਦੇ ਗੁਣ ਗਾਉਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਇਸ ਬਿਧੀ ਦਾ (ਜੀਵਨ ਬਿਤੀਤ ਕਰਨ ਵਾਲਾ) ਮਨੁੱਖ ਜੀਵਨ ਮੁਕਤ ਕਹਾ ਸਕਦਾ ਹੈ।੨।੨।

ਪਦਾਰਥ = ਪਾਵੈ–ਪਾਉਂਦਾ ਹੈ।ਸਹਸਾ–ਸੰਸਾ; ਭੁਲੇਖਾ।ਨਹ ਚੂਕੈ–ਮੁੱਕਦਾ ਨਹੀਂ।ਭੇਦੁ–ਗੁਹਜ ਭਾਵ।ਬਤਾਵੈ–ਦਸਦਾ ਹੈ।੧। ਰਹਾਉ।ਕਹਾ ਭਇਓ–ਕੀ ਹੋਇਆ।ਜੋਗ–ਜੋਗ ਸਾਧਨਾ।ਤਿਹ–ਉਸ (ਮਨੁੱਖ) ਦੇ।ਮਾਨਉ–ਮੰਨੋ।ਜਸੁ–ਪ੍ਰਭੂ ਦੀ ਸਿਫਤ ਸਲਾਹ। ਬਿਸਰਾਵੈ–ਭੁਲਾ ਦੇਂਦਾ ਹੈ।੧।ਮਾਨ–ਹੰਕਾਰ।ਦੋਨੋ ਕਉ–ਦੋਹਾਂ ਨੂੰ।ਪਰਹਰਿ–ਛਡ ਕੇ।ਇਹ ਬਿਧਿ ਕੋ–ਇਸ ਤਰੀਕੇ ਦਾ।ਪ੍ਰਾਨੀ–ਮਨੁੱਖ।ਜੀਵਨ ਮੁਕਤਿ ਕਹਾਵੈ–ਜਿਉਂਦਾ ਹੀ ਮੁਕਤ ਕਹਾਉਂਦਾ ਹੈ।੨।੨।

ਬਿਲਾਵਲੁ ਮਹਲਾ ੯ ॥ ਜਾ ਮੈ ਭਜਨੁ ਰਾਮ ਕੋ ਨਾਹੀ ॥ ਤਿਹ ਨਰ ਜਨਮੁ ਅਕਾਰਥੁ ਖੋਇਆ, ਯਹ ਰਾਖਹੁ ਮਨ ਮਾਹੀ ॥੧॥ ਰਹਾਉ॥ ਤੀਰਥ ਕਰੈ ਬ੍ਰਤ ਫੁਨਿ ਰਾਖੈ, ਨਹ ਮਨੂਆ ਬਸਿ ਜਾ ਕੋ ॥ ਨਿਹਫਲ ਧਰਮੁ ਤਾਹਿ ਤੁਮ ਮਾਨਹੁ, ਸਾਚੁ ਕਹਤ ਮੈ ਯਾ ਕਉ ॥੧॥ ਜੈਸੇ ਪਾਹਨੁ ਜਲ ਮਹਿ ਰਾਖਿਓ, ਭੇਦੈ ਨਾਹਿ ਤਿਹ ਪਾਨੀ ॥ ਤੈਸੇ ਹੀ ਤੁਮ ਤਾਹਿ ਪਛਾਨਹੁ, ਭਗਤਿ ਹੀਨ ਜੋ ਪ੍ਰਾਨੀ ॥੨॥ ਕਲ ਮੈ ਮੁਕਤਿ ਨਾਮ ਤੇ ਪਾਵਤ, ਗੁਰੁ ਯਹ ਭੇਦੁ ਬਤਾਵੈ ॥ ਕਹੁ ਨਾਨਕ ਸੋਈ ਨਰੁ ਗਰੂਆ, ਜੋ ਪ੍ਰਭ ਕੇ ਗੁਨ ਗਾਵੈ ॥੩॥੩॥ (ਹੇ ਭਾਈ!) ਜਿਸ (ਮਨੁੱਖ ਦੇ ਹਿਰਦੇ) ਵਿਚ ਰਾਮ ਦਾ ਭਜਨ ਨਹੀਂ ਹੈ।ਇਹ ਗੱਲ ਮਨ ਵਿਚ ਯਾਦ ਰੱਖੋ, ਉਸ ਮਨੁੱਖ ਨੇ ਅਪਣਾ ਮਨੁੱਖਾ ਜਨਮ ਬਿਅਰਥ ਗੁਆ ਲਿਆ ਹੈ।੧।ਰਹਾਉ।(ਹੇ ਭਾਈ!) ਜਿਸ ਦਾ ਮਨ ਅਪਣੇ ਵਸ ਵਿਚ ਨਹੀਂ ਹੈ, (ਭਾਵੇਂ ਉਹ ਮਨੁੱਖ) ਤੀਰਥਾਂ ਤੇ ਇਸ਼ਨਾਨ ਕਰਦਾ ਹੈ, ਫਿਰ ਵਰਤ ਵੀ ਰਖਦਾ ਹੈ।ਉਸ ਦੇ ਕੀਤੇ ਧਰਮ ਕਰਮ ਤੁਸੀਂ ਨਿਸਫਲ ਮੰਨੋ, ਮੈਂ ਉਸ (ਮਨੁੱਖ) ਵਾਸਤੇ ਇਹ ਸੱਚੀ ਗੱਲ ਕਹਿੰਦਾ ਹਾਂ।੧।(ਹੇ ਭਾਈ!) ਜਿਸ ਤਰ੍ਹਾਂ ਪੱਥਰ ਪਾਣੀ ਵਿਚ ਰੱਖਿਆ ਜਾਵੇ, (ਉਸ ਨੂੰ) ਪਾਣੀ ਵਿੰਨ੍ਹ ਨਹੀਂ ਸਕਦਾ (ਪੱਥਰ ਵਿਚ ਪਾਣੀ ਪ੍ਰਵੇਸ਼ ਨਹੀਂ ਕਰਦਾ)।ਇਸੇ ਤਰ੍ਹਾਂ ਤੁਸੀਂ ਉਸ ਨੂੰ ਪਛਾਣੋ, ਜੋ ਮਨੁੱਖ ਭਗਤੀ ਤੋਂ ਰਹਿਤ ਹੈ।੨।(ਹੇ ਭਾਈ!) ਗੁਰੂ ਇਹ ਭੇਤ ਦਸਦਾ ਹੈ ਕਿ ਕਲਜੁਗ ਵਿਚ ਨਾਮ ਜਪਣ ਤੇ ਹੀ ਮਨੁੱਖ ਮੁਕਤੀ ਪ੍ਰਾਪਤ ਕਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਹੀ ਮਨੁੱਖ ਵੱਡਾ ਹੈ, ਜੋ ਪ੍ਰਭੂ ਦੇ ਗੁਣ ਗਾਉਂਦਾ ਹੈ।੩।੩।

ਪਦਾਰਥ = ਜਾ ਮੈ–ਜਿਸ ਮਨੁੱਖ (ਦੇ ਹਿਰਦੇ) ਵਿਚ।ਰਾਮ ਕੋ–ਪ੍ਰਮਾਤਮਾ ਦਾ।ਤਿਹ ਨਰ–ਉਸ ਮਨੁੱਖ ਨੇ।ਅਕਾਰਥੁ–ਨਿਸਫਲ। ਖੋਇਆ–ਗਵਾ ਲਿਆ।ਯਹ–ਇਹ (ਗੱਲ)।ਰਾਖਹੁ–ਰੱਖੋ।ਮਨ ਮਾਹੀ–ਮਨ ਵਿਚ।੧।ਰਹਾਉ।ਫੁਨਿ–ਫਿਰ; ਭੀ।ਮਨੂਆ–ਮਨ। ਬਸਿ–ਵਸ ਵਿਚ।ਜਾ ਕੋ–ਜਿਸ ਦਾ।ਤਾਹਿ–ਉਸ ਦਾ।ਮਾਨਹੁ–ਮੰਨੋ; ਸਮਝੋ।ਯਾ ਕਉ–ਉਸ ਵਾਸਤੇ।੧।ਪਾਹਨੁ–ਪੱਥਰ।ਮਹਿ–ਵਿਚ।ਭੇਦੈ ਨਾਹਿ–ਵਿੰਨ੍ਹਦਾ ਨਹੀਂ; ਅੰਦਰ ਪ੍ਰਵੇਸ਼ ਨਹੀਂ ਕਰਦਾ।ਤਿਹ–ਉਸ ਨੂੰ।ਪਾਨੀ–ਪਾਣੀ।ਭਗਤਿ ਹੀਨ–ਭਗਤੀ ਤੋਂ ਰਹਿਤ। ਪ੍ਰਾਨੀ–ਮਨੁੱਖ।੨।ਕਲ ਮਹਿ–ਕਲਜੁਗ ਵਿਚ।ਤੇ–ਤੋਂ।ਪਾਵਤ–ਪਾਉਂਦਾ ਹੈ।ਯਹ–ਇਹ।ਭੇਦੁ–ਗੁਹਜ ਗੱਲ।ਬਤਾਵੈ–ਦਸਦਾ ਹੈ। ਸੋਈ–ਉਹ ਹੀ।ਨਰੁ–ਮਨੁੱਖ।ਗਰੂਆ–ਭਾਰਾ; ਗੌਰਵਤਾ (ਵਡਿਆਈ) ਵਾਲਾ; ਮਹਾਨ।੩।੩।

ਬਿਲਾਵਲੁ ਅਸਟਪਦੀਆ ਮਹਲਾ ੧ ਘਰੁ ੧੦ ੧ੴ ਸਤਿਗੁਰ ਪ੍ਰਸਾਦਿ ॥ ਨਿਕਟਿ ਵਸੈ ਦੇਖੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਵਿਣੁ ਭੈ ਪਇਐ ਭਗਤਿ ਨ ਹੋਈ ॥ ਸਬਦਿ ਰਤੇ ਸਦਾ ਸੁਖੁ ਹੋਈ ॥੧॥ ਐਸਾ ਗਿਆਨੁ ਪਦਾਰਥੁ ਨਾਮੁ ॥ ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥੧॥ਰਹਾਉ॥ ਗਿਆਨੁ ਗਿਆਨੁ ਕਥੈ ਸਭ ਕੋਈ ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥ ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ

ਸੋਈ ॥ ਮਨਮੁਖ ਕਥਨੀ ਹੈ, ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥ ਮਨੁ ਮਾਇਆ ਬੰਧਿਓ ਸਰ ਜਾਲਿ ॥ ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥ ਜੋ ਆਂਜੈ ਸੋ ਦੀਸੈ ਕਾਲਿ ॥ ਕਾਰਜੁ ਸੀਧੋ ਰਿਦੈ ਸਮ੍ਹਾਲਿ ॥੪॥ (ਹੇ ਭਾਈ!) ਪ੍ਰਭੂ ਨੇੜੇ ਵਸਦਾ ਹੈ ਅਤੇ ਉਹ ਹੀ ਸਭ ਨੂੰ ਦੇਖਦਾ ਹੈ।(ਪਰ ਇਸ ਭੇਤ ਨੂੰ) ਕੋਈ ਵਿਰਲਾ ਮਨੁੱਖ ਗੁਰ ਦੀ ਸ਼ਰਨ ਵਿਚ ਪੈ ਕੇ ਸਮਝਦਾ ਹੈ।(ਮਨ ਵਿਚ) ਪ੍ਰਭੂ ਦਾ ਭੈ ਪਏ ਤੋਂ ਬਿਨਾ (ਉਸ ਦੀ) ਭਗਤੀ ਨਹੀਂ ਹੋ ਸਕਦੀ।(ਜਿਹੜੇ ਮਨੁੱਖ ਗੁਰੂ ਦੇ) ਸ਼ਬਦ ਵਿਚ ਰੰਗੇ ਹੋਏ ਹਨ, (ਉਨ੍ਹਾਂ ਨੂੰ) ਸਦਾ ਸੁਖ ਪ੍ਰਾਪਤ ਹੁੰਦਾ ਹੈ।੧।(ਹੇ ਭਾਈ!) ਨਾਮ ਅਜੇਹਾ ਪਦਾਰਥ ਹੈ, ਜਿਸ ਦੇ ਸਿਮਰਨ ਨਾਲ ਪ੍ਰਮਾਤਮਾ ਦਾ ਗਿਆਨ ਪਦਾਰਥ ਪ੍ਰਾਪਤ ਹੁੰਦਾ ਹੈ; ਗਿਆਨ ਤੇ ਨਾਮ ਇਹੋ ਜਿਹਾ ਪਦਾਰਥ ਹੈ।(ਕਿ ਜੋ ਮਨੁੱਖ) ਗੁਰੂ ਦੁਆਰਾ ਨਾਮ ਰਸ ਵਿਚ ਭਿੱਜਦਾ ਹੈ, (ਉਹ ਪ੍ਰਭੂ ਤੋਂ) ਆਦਰ ਪ੍ਰਾਪਤ ਕਰਦਾ ਹੈ।੧।ਰਹਾਉ।(ਹੇ ਭਾਈ!) ਗੱਲੀਂ ਬਾਤੀਂ ਹਰ ਕੋਈ ਆਖਦਾ ਹੈ ਕਿ ਮੈਨੂੰ ਪ੍ਰਭੂ ਦਾ ਗਿਆਨ ਹੋ ਗਿਆ ਹੈ।ਗਿਆਨ ਦੀਆਂ ਨਿਰੀਆਂ ਗੱਲਾਂ ਕਰ ਕਰ ਕੇ (ਮਨੁੱਖ ਹੰਕਾਰ ਵਿਚ) ਬਹਿਸ ਕਰਦਾ ਹੈ, (ਇਸ ਬਹਿਸ ਤੋਂ) ਦੁਖ ਹੀ ਹਾਸਲ ਹੁੰਦਾ ਹੈ।(ਬਹਿਸ ਕਰਨ ਦਾ ਐਸਾ ਚਸਕਾ ਹੈ ਕਿ) ਗੱਲਾਂ ਕਰਨ ਅਤੇ ਕਹਿਣ ਕਥਨ ਤੋਂ ਕੋਈ ਰਹਿੰਦਾ (ਰੁਕਦਾ) ਨਹੀਂ।(ਪਰ ਇਹ ਭੁੱਲ ਜਾਈਦਾ ਹੈ ਕਿ) ਪ੍ਰਭੂ ਦੇ ਪ੍ਰੇਮ (ਜਾਂ ਨਾਮ) ਰਸ ਵਿਚ ਰੰਗੇ ਜਾਣ ਤੋਂ ਬਿਨਾ (ਕਿਸੇ ਮਨੁੱਖ ਨੂੰ) ਮੁਕਤੀ ਪ੍ਰਾਪਤ ਨਹੀਂ ਹੁੰਦੀ।੨।(ਹੇ ਭਾਈ!) ਪ੍ਰਭੂ ਦਾ ਗਿਆਨ ਤੇ ਸੁਰਤ ਦਾ ਟਿਕਾਉ ਸਭ ਗੁਰੂ ਤੋਂ ਪ੍ਰਾਪਤ ਹੁੰਦਾ ਹੈ।(ਗੁਰਮੁਖਾਂ ਦੀ) ਸੱਚੀ ਰਹਿਣੀ ਹੁੰਦੀ ਹੈ, (ਕਿਉਂਕਿ ਉਨ੍ਹਾਂ ਨੇ ਅਪਣੇ) ਮਨ ਵਿਚ ਉਹ ਸੱਚਾ ਪ੍ਰਭੂ ਵਸਾ ਲਿਆ ਹੈ।ਮਨਮੁਖ ਲੋਕ ਨਿਰੀਆਂ ਗੱਲਾਂ ਕਰਦੇ ਹਨ, ਪਰ ਉਨ੍ਹਾਂ ਦੀ ਰਹਿਤ ਸੱਚੀ ਨਹੀਂ ਹੁੰਦੀ।(ਕਿਉਂਕਿ ਉਹ ਪ੍ਰਭੂ ਦੇ) ਨਾਮ ਤੋਂ ਭੁੱਲੇ ਹੋਏ ਹਨ, (ਉਨ੍ਹਾਂ ਨੂੰ ਲੋਕ ਪ੍ਰਲੋਕ ਵਿਚ) ਕੋਈ ਥਾਂ ਨਹੀਂ ਮਿਲਦੀ।੩।(ਹੇ ਭਾਈ!) ਮਾਇਆ ਨੇ ਮਨੁੱਖ ਦੇ ਮਨ ਨੂੰ ਸੰਸਾਰ ਸਮੁੰਦਰ ਦੇ ਜਾਲ ਵਿਚ ਬੰਨ੍ਹਿਆ ਹੋਇਆ ਹੈ।ਹਰੇਕ ਜੀਵ ਦੇ ਅੰਦਰ (ਮਾਇਆ ਦਾ ਮੋਹ) ਵਿਆਪ ਰਿਹਾ ਹੈ; (ਭਾਵੇਂ) ਹਰੇਕ ਜੀਵ ਦੇ ਅੰਦਰ ਪ੍ਰਭੂ ਵਸ ਰਿਹਾ ਹੈ, (ਪਰ) ਮਾਇਆ ਦਾ ਜਹਿਰ ਵੀ (ਹਰੇਕ ਜੀਵ ਦੇ) ਨਾਲ ਹੈ।(ਇਸ ਕਰਕੇ) ਜੋ ਜੀਵ ਪੈਦਾ ਹੁੰਦਾ ਹੈ, ਉਹ ਕਾਲ ਦੇ ਵਸ ਵਿਚ ਦਿਸਦਾ ਹੈ; ਜੋ ਪਦਾਰਥ ਜਾਂ ਜੀਵ ਅੱਜ ਹੈ, ਕੀ ਉਹ ਕਲ ਨੂੰ ਦਿਸੇਗਾ? (ਕੋਈ ਚੀਜ ਸਦਾ ਰਹਿਣ ਵਾਲੀ ਨਹੀਂ।ਪਰ) ਹਿਰਦੇ ਵਿਚ ਪ੍ਰਭੂ ਨੂੰ ਯਾਦ ਕਰਨ ਨਾਲ (ਮਨੁੱਖ ਦੇ ਜੀਵਨ ਦਾ) ਕਾਰਜ ਸਿੱਧ (ਸਫਲ) ਹੋ ਜਾਂਦਾ ਹੈ।੪।

ਪਦਾਰਥ = ਅਸਟਪਦੀਆ–ਅੱਠ ਪਦਿਆਂ ਵਾਲੇ ਸ਼ਬਦ।ਨਿਕਟਿ–ਨੇੜੇ।ਸੋਈ–ਉਹ ਹੀ।ਗੁਰਮੁਖਿ–ਗੁਰੂ ਦੁਆਰਾ।ਬੂਝੈ–ਸਮਝਦਾ ਹੈ।ਵਿਣੁ ਭੈ ਪਇਐ–ਪ੍ਰਭੂ ਦਾ ਡਰ ਪਏ ਤੋਂ ਬਿਨਾ।ਸਬਦਿ ਰਤੇ–ਸ਼ਬਦ ਵਿਚ ਰੰਗੇ ਹੋਏ।੧।ਪਾਵਸਿ–ਪ੍ਰਾਪਤ ਕਰਦਾ ਹੈ।ਰਸਿ ਰਸਿ–ਰਸ ਵਿਚ ਰਸ (ਭਿੱਜ) ਕੇ।ਮਾਨੁ–ਆਦਰ।੧।ਰਹਾਉ।ਕਥੈ–ਆਖਦਾ ਹੈ।ਸਭ ਕੋਈ–ਹਰੇਕ ਜੀਵ।ਕਥਿ ਕਥਿ–ਆਖ ਆਖ (ਗੱਲਾਂ ਕਰ ਕਰ) ਕੇ।ਬਾਦੁ–ਬਹਿਸ; ਝਗੜਾ।ਕਥਿ–ਆਖ ਕੇ (ਗੱਲਾਂ ਕਰਨ ਤੋਂ)।ਕਹਿਣ ਤੇ–ਕਹਿਣ ਤੋਂ।ਰਹੈ ਨ ਕੋਈ–ਕੋਈ ਜੀਵ ਰੁਕਦਾ ਨਹੀਂ।ਬਿਨੁ ਰਸ ਰਾਤੇ–ਪ੍ਰੇਮ ਜਾਂ ਨਾਮ ਰਸ ਵਿਚ ਰੰਗੇ ਜਾਣ ਤੋਂ ਬਿਨਾ।੨।ਧਿਆਨੁ–ਪ੍ਰਭੂ ਵਿਚ ਸੁਰਤ ਦਾ ਟਿਕਾਉ।ਗੁਰ ਤੇ–ਗੁਰੂ ਤੋਂ।ਰਹਤ–ਮਰਿਆਦਾ; ਸੁਖੀ ਜੀਵਨ ਜਿਉਣ ਲਈ ਚੰਗੇ ਅਸੂਲ।ਸਾਚਾ–ਸੱਚਾ ਪ੍ਰਭੂ।ਮਨਿ–ਮਨ ਵਿਚ। ਕਥਨੀ–ਨਿਰੀਆਂ ਗੱਲਾਂ ਕਰਦਾ ਹੈ।ਨਾਵਹੁ–ਨਾਮ ਤੋਂ।ਥਾਉ–ਥਾਂ।੩।ਬੰਧਿਓ–ਬੰਨ੍ਹਿਆ ਹੋਇਆ ਹੈ।ਸਰ–ਸੰਸਾਰ ਰੂਪ ਸਮੁੰਦਰ। ਜਾਲਿ–ਜਾਲ ਵਿਚ।ਘਟਿ ਘਟਿ–ਹਰੇਕ ਜੀਵ ਦੇ ਅੰਦਰ।ਬਿਆਪਿ ਰਹਿਓ–ਵਿਆਪ (ਵਸ) ਰਿਹਾ ਹੈ।ਬਿਖੁ–ਜਹਿਰ ਮਾਇਆ ਦਾ ।ਆਂਜੈ–ਆਉਂਦਾ (ਜੰਮਦਾ) ਹੈ।ਸੋ–ਉਹ।ਕਾਲਿ–ਮੌਤ ਦੇ ਵਸ ਵਿਚ।ਦੀਸੈ–ਦਿਸਦਾ ਹੈ।ਕਾਰਜੁ–ਜੀਵਨ ਮਨੋਰਥ ਦਾ ਕੰਮ। ਸੀਧੋ–ਸਫਲ ਹੁੰਦਾ ਹੈ।ਰਿਦੈ–ਹਿਰਦੇ ਵਿਚ।ਸਮ੍ਹਾਲਿ–ਯਾਦ ਕਰਨ ਨਾਲ।੪।

ਸੋ ਗਿਆਨੀ, ਜਿਨਿ ਸਬਦਿ ਲਿਵ ਲਾਈ ॥ ਮਨਮੁਖਿ ਹਉਮੈ ਪਤਿ ਗਵਾਈ ॥ ਆਪੇ ਕਰਤੈ ਭਗਤਿ ਕਰਾਈ ॥ ਗੁਰਮੁਖਿ ਆਪੇ ਦੇ ਵਡਿਆਈ ॥੫॥ ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥ ਬੇਦੁ ਪੁਕਾਰੈ ਭਗਤਿ ਸਰੋਤਿ ।ਸੁਣਿ ਸੁਣਿ ਮਾਨੈ ਵੇਖੈ ਜੋਤਿ ॥੬॥ ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਾਮੰ ॥ ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥ (ਹੇ ਭਾਈ!) ਗਿਆਨਵਾਨ ਪੁਰਖ ਉਹ ਹੈ, ਜਿਸ ਨੇ ਗੁਰੂ ਦੇ ਸ਼ਬਦ ਦੁਆਰਾ ਪ੍ਰਭੂ ਵਿਚ ਲਿਵ ਲਾਈ ਹੋਈ ਹੈ।(ਪਰ) ਮਨਮੁਖ ਨੇ ਹਉਮੈ ਵਿਚ ਲਗ ਕੇ ਅਪਣੀ ਇੱਜਤ ਗਵਾ ਲਈ ਹੈ।ਕਰਤਾਰ ਨੇ (ਜਿਸ ਮਨੁੱਖ ਤੋਂ) ਆਪ ਹੀ ਭਗਤੀ ਕਰਾਈ ਹੈ।(ਉਸ ਨੂੰ ਪ੍ਰਭੂ) ਆਪ ਹੀ ਗੁਰੂ ਦੁਆਰਾ ਵਡਿਆਈ ਦੇਂਦਾ ਹੈ।੫।ਜੀਵ ਦੀ ਉਮਰ ਰੂਪ ਰਾਤ (ਅਗਿਆਨਤਾ ਦੇ ਕਾਰਨ) ਹਨ੍ਹੇਰੀ ਹੈ, (ਹਾਲਾਂ ਕਿ ਇਸ ਵਿਚ) ਪ੍ਰਭੂ ਦੀ ਜੋਤ ਦਾ ਚਾਨਣ ਹੈ; ਪ੍ਰਭੂ ਦੀ ਜੋਤ ਨਾਲ (ਇਸ ਦੇ

ਅੰਦਰ) ਚਾਨਣ ਹੋ ਸਕਦਾ ਹੈ। ਪ੍ਰਭੂ ਦੇ ਨਾਮ ਤੋਂ ਬਿਨਾ ਜੀਵ ਝੂਠੇ, ਮੈਲੇ ਅਤੇ ਨਾ ਛੂਹਣ ਯੋਗ ਹਨ। ਬੇਦ ਪੁਕਾਰਦਾ ਹੈ ਕਿ ਪ੍ਰਭੂ ਦੀ ਭਗਤੀ ਤੇ (ਪ੍ਰਭੂ ਦਾ ਜਸ) ਸੁਣਨ ਯੋਗ ਪਦਾਰਥ ਹਨ। (ਜੋ ਮਨੁੱਖ ਇਸ ਪੁਕਾਰ ਨੂੰ) ਸੁਣ ਸੁਣ ਕੇ ਮੰਨ ਲੈਂਦਾ ਹੈ, ਉਹ ਜੋਤੀ ਸਰੂਪ ਪ੍ਰਭੂ ਨੂੰ ਦੇਖ ਲੈਂਦਾ ਹੈ। ੬। (ਹੇ ਭਾਈ!) ਛੇ ਸ਼ਾਸਤ੍ਰ ਤੇ ਸਾਰੀਆਂ ਸਿਮ੍ਰਤੀਆਂ ਆਦਿ ਗ੍ਰੰਥ ਪ੍ਰਭੂ ਦਾ ਨਾਮ ਹੀ ਦ੍ਰਿੜ ਕਰਾਉਂਦੇ ਹਨ; (ਗੁਰੂ ਨੇ ਸਿੱਖਾਂ ਨੂੰ) ਸ਼ਾਸਤ੍ਰ ਤੇ ਸਿਮ੍ਰਤੀਆਂ ਦੀ ਜਗ੍ਹਾ ਪ੍ਰਭੂ ਦਾ ਨਾਮ ਦ੍ਰਿੜ ਕਰਾਇਆ ਹੈ। (ਜੋ ਮਨੁੱਖ) ਗੁਰੂ ਦੀ ਸਰਨ ਪੈ ਕੇ ਨਾਮ ਸਿਮਰਨ ਦਾ ਉਤਮ ਕਰਮ ਕਰਦੇ ਹਨ, (ਉਨ੍ਹਾਂ ਨੂੰ) ਸ਼ਾਂਤੀ ਪ੍ਰਾਪਤ ਹੁੰਦੀ ਹੈ। (ਪਰ) ਮਨਮੁਖ ਜੂਨਾਂ ਵਿਚ ਪੈ ਕੇ ਦੁਖ ਸਹਾਰਦੇ ਹਨ। (ਜੇ ਉਹ) ਪ੍ਰਭੂ ਦੇ ਇਕ ਨਾਮ ਨੂੰ (ਦਿਲ ਵਿਚ) ਵਸਾ ਲੈਣ, (ਤਾਂ ਜਨਮ ਮਰਨ ਦੇ) ਬੰਧਨ ਟੁੱਟ ਜਾਂਦੇ ਹਨ। ੭।

ਅੰਗ ੮੩੨ = ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥ ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥(ਹੇ ਭਾਈ! ਜੋ ਮਨੁੱਖ) ਪ੍ਰਭੂ ਦੇ ਨਾਮ ਨੂੰ ਮੰਨਦਾ ਹੈ, (ਉਸ ਨੂੰ ਸੰਸਾਰ ਵਿਚ) ਸੱਚੀ ਇੱਜਤ ਵੀ ਮਿਲਦੀ ਹੈ ਅਤੇ (ਉਸ ਦਾ ਸਭ ਜਗ੍ਹਾ) ਆਦਰ ਹੁੰਦਾ ਹੈ। (ਅਨਵੈ ਅੱਖਰ) ਨਾਨਕ ਗੁਰੂ ਜੀ ਕਹਿੰਦੇ ਹਨ ਕਿ ਉਸ ਪ੍ਰਭੂ ਵਰਗਾ ਹੋਰ ਕੋਈ ਹੈ ਹੀ ਨਹੀਂ। (ਪ੍ਰਭੂ ਤੋਂ ਬਿਨਾ) ਮੈਂ ਕਿਸ ਨੂੰ ਦੇਖਾਂ? (ਕਿਉਂਕਿ) ਦੂਜਾ ਕੋਈ ਹੈ ਹੀ ਨਹੀਂ। (ਸਭ ਕੁਛ) ਦੇਖ ਪਰਖ ਕੇ ਮੈਂ ਕਹਿੰਦਾ ਹਾਂ ਕਿ ਉਹ ਹੀ ਮੇਰੇ ਮਨ ਵਿਚ ਚੰਗਾ ਲਗਦਾ ਹੈ। ੮। ੧।

ਪਦਾਰਥ = ਸੋ-ਉਹ। ਗਿਆਨੀ-ਗਿਆਨਵਾਨ ਪੁਰਖ। ਜਿਨਿ-ਜਿਸ ਨੇ। ਸਬਦਿ-ਸ਼ਬਦ ਦੁਆਰਾ। ਪਤਿ-ਇੱਜਤ। ਕਰਤੈ-ਕਰਤਾਰ ਨੇ। ਦੇ-ਦੇਂਦਾ ਹੈ। ੫। ਰੈਣਿ-ਜੀਵਨ ਰੂਪ ਰਾਤ। ਅੰਧਾਰੀ-ਹਨ੍ਹੇਰ ਵਾਲੀ। ਨਿਰਮਲ ਜੋਤ-ਪ੍ਰਭੂ ਦੀ ਜੋਤ ਦਾ ਚਾਨਣ। ਕੁਚਲ-ਗੰਦੇ । ਕਛੋਤਿ-ਨਾ ਛੂਹਣ ਯੋਗ (ਅਪਵਿਤ੍ਰ)। ਸਰੋਤਿ-ਸੁਣਨ ਯੋਗ; ਉਪਦੇਸ਼। ਮਾਨੈ-ਮੰਨਦਾ ਹੈ। ਜੋਤਿ-ਜੋਤੀ ਸਰੂਪ ਪ੍ਰਭੂ ਨੂੰ। ੬। ਦ੍ਰਿੜਾਮੰ-ਦ੍ਰਿੜ ਕਰਾਉਂਦੇ ਹਨ। ਊਤਮ ਕਰਾਮੰ-ਉਤਮ ਕਰਮ ਕਰਦੇ ਹਨ। ਸਹਾਮੰ-ਸਹਾਰਦੇ ਹਨ। ਵਸਾਮੰ-ਵਸਾ ਲੈਣ ਨਾਲ। ੭। ਮੰਨੈ-ਮੰਨਦਾ ਹੈ (ਦਿਲ ਵਿਚ ਵਸਾ ਲੈਂਦਾ ਹੈ)। ਪਤਿ-ਇੱਜਤ। ਪੂਜਾ-ਆਦਰ। ਕਿਸੁ ਵੇਖਾ-ਮੈਂ ਕਿਸ ਨੂੰ ਦੇਖਾਂ। ਕੋ-ਕੋਈ। ਕਹਉ-ਮੈਂ ਕਹਿੰਦਾ ਹਾਂ। ਭਾਵੈ-ਚੰਗਾ ਲਗਦਾ ਹੈ। ਮਨਿ-ਮਨ ਵਿਚ। ਸੋਇ-ਉਹ ਹੀ। ਅਵਰੁ-ਹੋਰ। ੮ । ੧।

ਬਿਲਾਵਲੁ ਮਹਲਾ ੧ ॥ ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥ ਮਾਇਆ ਮਦਿ ਮਾਤੇ, ਤ੍ਰਿਪਤਿ ਨ ਆਵੈ ॥ ਤ੍ਰਿਪਤਿ ਮੁਕਤਿ, ਮਨਿ ਸਾਚਾ ਭਾਵੈ ॥੧॥ ਤਨੁ ਧਨੁ ਕਲਤੁ ,ਸਭੁ ਦੇਖੁ ਅਭਿਮਾਨਾ ॥ ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥੧॥ਰਹਾਉ॥ ਕੀਚਹਿ ਰਸ ਭੋਗ, ਖੁਸੀਆ ਮਨ ਕੇਰੀ ॥ ਧਨੁ ਲੋਕਾਂ ਤਨੁ ਭਸਮੈ ਢੇਰੀ ॥ ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥ ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ ਦੂਜੀ ਦੁਰਮਤਿ, ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥ ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਾਟਸਾਲਾ ॥ ਨਾਮੁ ਵਿਸਾਰਿ, ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥ (ਹੇ ਭਾਈ!) ਮਨ ਦਾ ਕਿਹਾ ਹੋਇਆ ਬੁੱਧੀ ਕੰਮ ਕਰਦੀ ਹੈ (ਨਾਮ ਹੀਣ ਮਨੁੱਖ ਮਨਮਰਜੀ ਕਰਦਾ ਹੈ)। ਇਹ ਮਨ ਪਾਪ ਪੁੰਨ ਉਚਾਰਦਾ (ਪਾਪ ਪੁੰਨ ਹੀ ਸੋਚਦਾ) ਰਹਿੰਦਾ ਹੈ। ਮਾਇਆ ਦੇ ਹੰਕਾਰ ਵਿਚ ਮਸਤ ਹੋਏ ਜੀਵ ਨੂੰ ਰੱਜ ਨਹੀਂ ਆਉਂਦਾ। ਰੱਜ ਅਤੇ ਮੁਕਤੀ ਤਾਂ ਮਿਲਦੇ ਹਨ, ਜਦੋਂ ਮਨ ਵਿਚ ਸੱਚਾ ਪ੍ਰਭੂ ਚੰਗਾ ਲਗਦਾ ਹੈ। ੧। ਹੇ ਹੰਕਾਰੀ ਜੀਵ! ਦੇਖ, ਸਰੀਰ, ਧਨ ਤੇ ਇਸਤ੍ਰੀ ਸਭ ਕੁਛ ਜੋ ਵੀ ਹੈ। (ਤੂੰ ਇਹ ਜਾਣ ਲੈ ਕਿ ਤੇਰੇ) ਨਾਲ ਪ੍ਰਭੂ ਦੇ ਨਾਮ ਤੋਂ ਬਿਨਾ ਕੁਛ ਵੀ ਨਹੀਂ ਜਾਣਾ। ੧। ਰਹਾਉ। (ਹੇ ਭਾਈ!) ਮਨ ਦੀਆਂ ਖੁਸ਼ੀਆਂ ਵਾਸਤੇ ਮਾਇਕ ਰਸਾਂ ਦੇ ਭੋਗ ਕਰੀਦੇ ਹਨ। (ਪਰ ਮਰਨ ਪਿਛੋਂ) ਧਨ ਲੋਕਾਂ ਦਾ ਅਤੇ ਸਰੀਰ ਸੁਆਹ ਦੀ ਢੇਰੀ ਹੋ ਜਾਂਦਾ ਹੈ। ਇਹ ਸਾਰਾ ਪਸਾਰਾ ਮਿੱਟੀ ਵਾਂਗ ਹੈ ਅਤੇ ਮਿੱਟੀ ਵਿਚ ਰਲ ਜਾਂਦਾ ਹੈ। (ਮਨ ਵਿਚੋਂ ਵਿਸ਼ੇ ਵਿਕਾਰਾਂ ਦੀ) ਮੈਲ ਗੁਰੂ ਦੇ ਸ਼ਬਦ ਤੋਂ ਬਿਨਾ ਨਹੀਂ ਉਤਰਦੀ। ੨। (ਹੇ ਭਾਈ! ਪ੍ਰਭੂ ਦੀ ਸਿਫਤ ਸਲਾਹ ਤੋਂ ਸੱਖਣੇ) ਗੀਤ, ਰਾਗ ਅਤੇ ਬਹੁਤੇ ਤਾਲ ਆਦਿਕ ਉਹ ਸਭ ਝੂਠੇ (ਮਨ ਪਰਚਾਵੇ ਦੇ ਸਾਧਨ) ਹਨ। (ਕਿਉਂਕਿ ਨਾਮ ਤੋਂ ਬਿਨਾ ਮਨੁੱਖ) ਤਿੰਨ ਗੁਣਾਂ ਦੇ ਅਸਰ ਹੇਠ ਜੰਮਦਾ ਮਰਦਾ ਰਹਿੰਦਾ ਹੈ ਅਤੇ (ਪ੍ਰਭੂ ਤੋਂ) ਦੂਰ ਰਹਿੰਦਾ ਹੈ; (ਜੀਵ) ਤਿੰਨਾਂ ਗੁਣਾਂ ਵਿਚ ਪੈਦਾ ਹੁੰਦੇ ਹਨ ਤੇ ਪ੍ਰਭੂ ਤੋਂ ਦੂਰ ਰਹਿ ਕੇ ਜੀਵਨ ਨਾਸ਼ ਕਰ ਲੈਂਦੇ ਹਨ। (ਗੀਤਾਂ ਰਾਗਾਂ ਦੇ ਮਨ ਪਰਚਾਵੇ ਦੇ ਕਰਕੇ) ਦੂਜੇ ਭਾਵ ਵਾਲੀ ਦੁਰਮਤ ਵਿਚ ਰਹਿੰਦਿਆਂ ਦੁਖ ਜਾਂਦਾ ਨਹੀਂ। ਗੁਰੂ ਦੁਆਰਾ ਪ੍ਰਭੂ ਦੇ ਗੁਣ ਗਾ ਕੇ (ਮਨੁੱਖ ਦੁੱਖਾਂ ਤੋਂ) ਛੁਟ ਜਾਂਦਾ ਹੈ, (ਇਹੋ ਹੀ ਦੁੱਖ ਦੂਰ ਕਰਨ ਵਾਲੀ) ਦਵਾਈ ਹੈ। ੩। (ਹੇ ਭਾਈ! ਜੋ ਲੋਕ ਤੇੜ) ਚਿੱਟੀ ਧੋਤੀ ਪਹਿਨਦੇ ਹਨ, ਮੱਥੇ ਤੇ ਤਿਲਕ ਲਾਉਂਦੇ ਹਨ, ਗਲਿ ਵਿਚ ਮਾਲਾ ਪਹਿਨਦੇ ਹਨ। (ਉਹ) ਵੇਦ ਵੀ ਪੜ੍ਹਦੇ ਹਨ ਤੇ ਹਿਰਦੇ ਅੰਦਰ ਕ੍ਰੋਧ ਹੈ; (ਪਰ ਉਨ੍ਹਾਂ

ਦੇ) ਹਿਰਦੇ ਅੰਦਰ ਕ੍ਰੋਧ ਹੈ, (ਉਹ ਧਰਮ ਕਰਮ ਸੱਚੇ ਦਿਲੋਂ ਨਹੀਂ ਕਰਦੇ, ਉਹ ਤਾਂ) ਨਾਟਕ ਘਰ ਵਿਚ (ਨਾਟਕ ਸਿੱਖਣ ਜਾਂ ਲੋਕਾਂ ਨੂੰ ਠੱਗਣ ਵਾਲੀ ਵਿਦਿਆ) ਪੜ੍ਹਦੇ ਹਨ।(ਅਜੇਹੇ ਲੋਕਾਂ ਨੇ) ਪ੍ਰਭੂ ਦੇ ਨਾਮ ਨੂੰ ਭੁਲਾ ਕੇ ਮਾਇਆ ਦਾ ਨਸ਼ਾ ਪੀਤਾ ਹੈ।(ਅਸਲੀਅਤ ਤਾਂ ਇਹ ਹੈ ਕਿ) ਗੁਰੂ ਤੋਂ ਬਿਨਾ ਭਗਤੀ ਨਹੀ ਹੁੰਦੀ ਅਤੇ ਭਗਤੀ ਤੋਂ ਬਿਨਾ ਸੁਖ ਪ੍ਰਾਪਤ ਨਹੀਂ ਹੁੰਦਾ।੪।

ਪਦਾਰਥ = ਕਾ-ਦਾ।ਮਨਸਾ-ਬੁੱਧੀ; ਮਰਜੀ; ਮਨੁੱਖ (ਮ.ਕੋ.)।ਉਚਰੈ-ਉਚਾਰਦਾ (ਗੱਲਾਂ ਕਰਦਾ) ਹੈ।ਮਦਿ-ਹੰਕਾਰ ਵਿਚ।ਮਾਤੇ -ਮਸਤ ਹੋਏ ਨੂੰ।ਤ੍ਰਿਪਤਿ-ਰੱਜ।ਮਨਿ-ਮਨ ਵਿਚ।ਭਾਵੈ-ਚੰਗਾ ਲੱਗਦਾ ਹੈ।੧।ਤਨੁ-ਸਰੀਰ।ਕਲਤੁ-ਇਸਤ੍ਰੀ।ਅਭਿਮਾਨਾ-ਹੇ ਹੰਕਾਰੀ ਜੀਵ!।ਬਿਨੁ ਨਾਵੈ-ਨਾਮ ਤੋਂ ਬਿਨਾ।ਸੰਗਿ-ਨਾਲ।ਨ ਜਾਨਾ-ਨਹੀਂ ਜਾਣਾ।੧।ਰਹਾਉ।ਕੀਚਹਿ ਰਸ ਭੋਗ-ਮਾਇਕ ਰਸਾਂ ਦੇ ਭੋਗ ਕਰੀਦੇ ਹਨ।ਮਨ ਕੇਰੀ-ਮਨ ਦੀਆਂ।ਭਸਮੈ-ਸੁਆਹ ਦੀ।ਖਾਕੂ-ਮਿੱਟੀ ਵਿਚ।ਖਾਕੁ-ਮਿੱਟੀ।ਰਲੈ-ਮਿਲ ਜਾਂਦਾ ਹੈ।ਫੈਲੁ-ਫੈਲਾਉ; ਪਸਾਰਾ।੨।ਘਨ-ਬਹੁਤ।ਸਿ-ਉਹ।ਕੂਰੇ-ਝੂਠੇ।ਤ੍ਰਿਹੁ ਗੁਣ-ਰਜੋ, ਸਤੋ ਤੇ ਤਮੋ ਤਿੰਨ ਗੁਣ।ਉਪਜੈ ਬਿਨਸੈ-ਜੰਮਦਾ ਮਰਦਾ ਹੈ।ਦੂਜੀ-ਦੂਜਾ ਭਾਵ।ਦੁਰਮਤਿ-ਖੋਟੀ ਬੁੱਧੀ।ਦਰਦੁ-ਦੁੱਖ।ਛੂਟੈ-ਮੁਕਤ ਹੁੰਦਾ ਹੈ।ਗੁਰਮੁਖਿ-ਗੁਰੂ ਦੁਆਰਾ।ਦਾਰੂ-ਦਵਾਈ ।ਗਾਇ-ਗਾ ਕੇ।੩।ਊਜਲ-ਚਿੱਟੀ।ਗਲਿ-ਗਲ ਵਿਚ।ਅੰਤਰਿ-ਹਿਰਦੇ ਅੰਦਰ।ਨਾਟਸਾਲਾ-ਨਾਟਕ ਘਰ (ਜਿੱਥੇ ਨਾਟ ਕਰਨਾ ਸਿਖਾਇਆ ਜਾਂਦਾ ਹੈ)।ਵਿਸਾਰਿ-ਭੁਲਾ ਕੇ।ਮਦੁ-ਨਸ਼ਾ।ਪੀਆ-ਪੀਤਾ ਹੈ।ਨਾਹੀ ਥੀਆ-ਨਹੀਂ ਹੁੰਦਾ।੪।

ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥ ਗੁਰ ਤੇ ਮੁਹੁ ਫੇਰੇ, ਤਿਨ੍ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥੫॥ ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥ ਸਾਚੀ ਦਰਗਹ ਪੂਛ ਨ ਹੋਇ ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥ ਸਤਿਗੁਰੁ ਮਿਲੈ, ਤ ਤਿਸ ਕਉ ਜਾਨੈ ॥ ਰਹੈ ਰਜਾਈ ਹੁਕਮੁ ਪਛਾਨੈ ॥ ਹੁਕਮੁ ਪਛਾਨਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥੭॥ ਰਹੈ ਅਤੀਤੁ ,ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ, ਹੈ ਇਹੁ ਜਿਸ ਕਾ ॥ ਨਾ ਓਹੁ ਆਵੈ ਨਾ ਓਹੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥੮॥੨॥ (ਅੰਨਵੈ ਅੱਖਰ।ਹੇ ਭਾਈ! ਜਿਹੜੇ ਮਨੁੱਖ) ਗੁਰੂ ਤੋਂ ਮੂੰਹ ਫੇਰ ਲੈਂਦੇ (ਬੇਮੁਖ ਹੋ ਜਾਂਦੇ) ਹਨ, ਉਨ੍ਹਾਂ ਨੂੰ ਕੁੱਤੇ, ਸੂਰ, ਗਧੇ, ਬਿੱਲੇ, ਪਸ਼ੂ, ਮਲੇਛ ਤੇ ਚੰਡਾਲ ਆਦਿ ਨੀਚ ਜੋਨੀਆਂ ਵਿਚ ਭਵਾਇਆ ਜਾਂਦਾ ਹੈ {ਗੁਰ ਮੰਤ੍ਰ ਹੀਣਸ੍ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ।ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ੧੩੫੭}।ਉਹ (ਧਰਮ ਕਰਮ ਜਾਂ ਮੋਹ ਮਾਇਆ ਦੇ) ਬੰਧਨਾਂ ਵਿਚ ਬੰਨ੍ਹਿਆ ਆਉਂਦਾ ਜਾਂਦਾ (ਜੰਮਦਾ ਮਰਦਾ) ਰਹਿੰਦਾ ਹੈ ।੫।(ਹੇ ਭਾਈ!) ਗੁਰੂ ਦੀ ਸੇਵਾ ਕਰਨ ਤੋਂ ਨਾਮ ਰੂਪ ਪਦਾਰਥ ਪ੍ਰਾਪਤ ਹੁੰਦਾ ਹੈ।(ਜਿਸ ਮਨੁੱਖ ਦੇ) ਹਿਰਦੇ ਵਿਚ ਨਾਮ ਵਸਦਾ ਹੈ, (ਉਸ ਦਾ ਜਨਮ) ਸਦਾ ਲਈ ਸਫਲ ਹੋ ਜਾਂਦਾ ਹੈ।ਪ੍ਰਭੂ ਦੀ ਸੱਚੀ ਦਰਗਾਹ ਵਿਚ (ਉਸ ਦੇ ਕਰਮਾਂ ਦੀ) ਪੁੱਛ ਪੜਤਾਲ ਨਹੀਂ ਹੁੰਦੀ।(ਜੋ ਮਨੁੱਖ ਪ੍ਰਭੂ ਦੇ) ਹੁਕਮ ਨੂੰ ਮੰਨਦਾ ਹੈ, ਉਹ ਹਰੀ ਦੇ ਦਰ ਤੇ ਸਫਲ ਹੁੰਦਾ ਹੈ।੬।(ਜਦੋਂ ਮਨੁੱਖ) ਸਤਿਗੁਰੂ ਨੂੰ ਮਿਲਦਾ ਹੈ ਤਾਂ ਉਸ ਪ੍ਰਭੂ ਨੂੰ ਜਾਣ ਲੈਂਦਾ ਹੈ।ਉਹ ਪ੍ਰਭੂ ਦੀ ਰਜ਼ਾ ਵਿਚ ਰਾਜੀ ਰਹਿੰਦਾ ਹੈ ਅਤੇ (ਉਸ ਦੇ) ਹੁਕਮ ਨੂੰ ਪਛਾਣਦਾ ਹੈ।(ਪ੍ਰਭੂ ਦੇ) ਹੁਕਮ ਨੂੰ ਪਛਾਨਣ ਨਾਲ (ਉਸ ਦਾ) ਪ੍ਰਭੂ ਦੇ ਦਰ ਤੇ ਵਾਸਾ ਹੋ ਜਾਂਦਾ ਹੈ।(ਉਸ ਦੇ) ਜਨਮ ਮਰਨ ਗੁਰੂ ਦੇ ਸ਼ਬਦ ਦੁਆਰਾ ਨਾਸ਼ ਹੋ ਜਾਂਦੇ ਹਨ।੭।(ਹੁਕਮ ਨੂੰ ਮੰਨਣ ਵਾਲਾ ਮਨੁੱਖ ਸੰਸਾਰ ਵਿਚ) ਨਿਰਲੇਪ ਰਹਿੰਦਾ ਹੈ ਅਤੇ ਸਭ ਕੁਛ ਉਸ ਪ੍ਰਭੂ ਦਾ ਦਿਤਾ ਜਾਣਦਾ ਹੈ।ਇਹ ਤਨ ਮਨ ਜਿਸ ਪ੍ਰਭੂ ਦਾ ਦਿਤਾ ਹੋਇਆ ਹੈ, (ਉਸ ਨੂੰ) ਅਰਪਨ ਕਰ ਦੇਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ) ਸੱਚੇ ਨਾਮ ਦੇ ਸਿਮਰਨ ਦੁਆਰਾ ਸੱਚ ਸਰੂਪ ਪ੍ਰਭੂ ਵਿਚ ਸਮਾ ਜਾਂਦਾ ਹੈ।(ਫਿਰ ਕਿਸੇ ਜੂਨ ਵਿਚ) ਨਾ ਉਹ ਆਉਂਦਾ ਹੈ ਤੇ ਨਾ ਉਹ ਜਾਂਦਾ ਹੈ (ਉਸ ਦਾ ਆਵਾਗਵਨ ਮੁੱਕ ਜਾਂਦਾ ਹੈ)।੮।੨।

ਪਦਾਰਥ = ਸੂਕਰ-ਸੂਰ।ਸੁਆਨ-ਕੁੱਤੇ।ਗਰਧਭ-ਗਧੇ।ਮੰਜਾਰਾ-ਬਿੱਲੇ।ਮਲੇਛ-ਨੀਚ (ਗੰਦ ਮੰਦ ਸਾਫ ਢੋਣ ਵਾਲੇ ਲੋਕ)।ਤੇ - ਤੋਂ।ਚੰਡਾਲਾ-ਚੰਡਾਲ (ਕਸਾਈ ਜਾਂ ਫਾਂਸੀ ਦੇਣ ਦਾ ਕੰਮ ਕਰਨ ਵਾਲੇ ਮਨੁੱਖ)।ਫੇਰੇ-ਮੋੜ ਲੈਂਦੇ ਹਨ।ਤਿਨ੍-ਉਨ੍ਹਾਂ ਨੂੰ।ਜੋਨਿ ਭਵਾਈਐ-ਜੋਨੀਆਂ ਵਿਚ ਘੁਮਾਇਆ ਜਾਂਦਾ ਹੈ।ਬੰਧਨਿ-ਬੰਧਨਾਂ ਵਿਚ।ਆਈਐ ਜਾਈਐ-ਜੰਮਦਾ ਮਰਦਾ ਹੈ।੫।ਲਹੈ-ਪ੍ਰਾਪਤ ਹੁੰਦਾ ਹੈ।ਪਦਾਰਥੁ-ਨਾਮ ਰੂਪ ਵਸਤੂ।ਹਿਰਦੈ-ਹਿਰਦੇ ਵਿਚ।ਕਿਰਤਾਰਥੁ-ਸਫਲ।ਪੂਛ-ਪੁੱਛ ਪੜਤਾਲ।ਮਾਨੈ-ਮੰਨਦਾ ਹੈ।ਸੀਝੈ-ਸਫਲ ਹੁੰਦਾ ਹੈ।ਦਰਿ-ਪ੍ਰਭੂ ਤੇ ਦਰ ਤੇ।ਸੋਇ-ਉਹ (ਮਨੁੱਖ)।੬।ਤ-ਤਾਂ; ਤਦ।ਤਿਸ ਕਉ-ਉਸ ਪ੍ਰਭੂ ਨੂੰ।ਰਹੈ ਰਜਾਈ-ਰਜ਼ਾ ਵਿਚ ਰਹਿੰਦਾ ਹੈ।ਸਚੈ ਦਰਿ-ਸਚੇ ਪ੍ਰਭੂ ਦੇ ਦਰ ਉਤੇ।ਕਾਲ-ਮੌਤ।ਬਿਕਾਲ-ਕਾਲ ਦੇ ਉਲਟ ਜਨਮ।ਭਏ-ਹੋ ਗਏ।੭।ਅਤੀਤੁ-ਨਿਰਲੇਪ; ਤਿਆਗੀ।ਤਿਸ ਕਾ-ਉਸ ਪ੍ਰਭੂ ਦਾ।ਅਰਪੈ-ਭੇਟਾ ਕਰਦਾ ਹੈ।ਨਾ ਆਵੈ-ਨਾ ਆਉਂਦਾ (ਜੰਮਦਾ) ਹੈ।ਨਾ ਜਾਇ-ਨਾ

ਜਾਂਦਾ (ਮਰਦਾ) ਹੈ।ਸਾਚੇ-ਸੱਚੇ ਨਾਮ ਦੇ ਸਿਮਰਨ ਦੁਆਰਾ।ਸਾਚਿ-ਸਚੇ ਪ੍ਰਭੂ ਵਿਚ।ਸਮਾਇ-ਸਮਾ ਜਾਂਦਾ ਹੈ।੮।੨।

ਬਿਲਾਵਲੁ ਮਹਲਾ ੩ ਅਸਟਪਦੀ ਘਰੁ ੧੦ ੴ ਸਤਿਗੁਰ ਪ੍ਰਸਾਦਿ ॥ ਜਗੁ ਕਊਆ, ਮੁਖਿ ਚੁੰਚ ਗਿਆਨੁ ॥ ਅੰਤਰਿ ਲੋਭੁ ਝੂਠੁ ਅਭਿਮਾਨੁ ॥ ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥੧॥ ਸਤਿਗੁਰ ਸੇਵਿ, ਨਾਮੁ ਵਸੈ ਮਨਿ ਚੀਤਿ ॥ ਗੁਰੁ ਭੇਟੇ ਹਰਿ ਨਾਮੁ ਚੇਤਾਵੈ, ਬਿਨੁ ਨਾਵੈ ਹੋਰ ਝੂਠੁ ਪਰੀਤਿ ॥੧॥ਰਹਾਉ॥ ਗੁਰਿ ਕਹਿਆ ਸਾ ਕਾਰ ਕਮਾਵਹੁ ॥ ਸਬਦੁ ਚੀਨਿ੍ ਸਹਜ ਘਰਿ ਆਵਹੁ ॥ ਸਾਚੈ ਨਾਇ ਵਡਾਈ ਪਾਵਹੁ ॥੨॥ ਆਪਿ ਨ ਬੂਝੈ, ਲੋਕ ਬੁਝਾਵੈ ॥ ਮਨ ਕਾ ਅੰਧਾ ਅੰਧੁ ਕਮਾਵੈ ॥ ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥੩॥ ਹਰਿ ਜੀਉ ਸੇਵੀਐ ਅੰਤਰਜਾਮੀ ॥ ਘਟ ਘਟ ਅੰਤਰਿ, ਜਿਸ ਕੀ ਜੋਤਿ ਸਮਾਨੀ ॥ ਤਿਸੁ ਨਾਲਿ ਕਿਆ ਚਲੈ ਪਹਨਾਮੀ ॥੪॥ (ਹੇ ਭਾਈ!) ਜਗਤ ਕਾਂ ਦੀ ਤਰ੍ਹਾਂ (ਕਾਂ ਕਾਂ ਕਰਨ ਵਾਲਾ) ਹੈ, ਇਸ ਦੀ ਚੁੰਜ ਰੂਪ ਮੂੰਹ ਵਿਚ ਗਿਆਨ ਹੈ ਭਾਵ ਮੂੰਹ ਨਾਲ ਗਿਆਨ ਦੀਆਂ ਗੱਲਾਂ ਕਰਦਾ ਹੈ, ਪਰ ਦਿਲ ਦੇ ਅੰਦਰ ਗਿਆਨ ਨਹੀਂ {ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ੮੩੧}।(ਇਸ ਚੁੰਚ ਗਿਆਨੀ ਦੇ) ਅੰਦਰ ਪਦਾਰਥਾਂ ਦਾ ਲੋਭ, ਝੂਠ ਅਤੇ (ਉਚੀ ਜਾਤ ਤੇ ਵਿਦਿਆ ਦਾ) ਹੰਕਾਰ ਹੈ।ਨਾਮ ਸਿਮਰਨ ਤੋਂ ਬਿਨਾ ਰਹਿ ਕੇ ਅੰਤ ਨੂੰ (ਇਸ ਦਾ ਸਾਰਾ) ਪਖੰਡ ਲਹਿ (ਭੇਤ ਖੁੱਲ੍ਹ) ਜਾਵੇਗਾ।੧।(ਹੇ ਭਾਈ!) ਸਤਿਗੁਰੂ ਦੀ ਸੇਵਾ ਕਰਕੇ ਹੀ ਮਨ ਵਿਚ ਤੇ ਚਿੱਤ ਵਿਚ ਨਾਮ ਵਸਦਾ ਹੈ।(ਜਦੋਂ) ਗੁਰੂ ਮਿਲਦਾ ਹੈ ਤਾਂ ਉਹ ਨਾਮ ਚੇਤੇ ਕਰਾਉਂਦਾ ਹੈ, ਨਾਮ ਤੋਂ ਬਿਨਾ ਹੋਰ (ਸਭ ਤਰ੍ਹਾਂ ਦਾ) ਪਿਆਰ ਝੂਠਾ ਹੈ।੧।ਰਹਾਉ।(ਹੇ ਭਾਈ! ਤੂੰ ਉਹ) ਕੰਮ ਕਰ, ਜੋ ਗੁਰੂ ਨੇ ਕਿਹਾ (ਤੈਨੂੰ ਉਪਦੇਸ਼ ਦਿਤਾ) ਹੈ।(ਗੁਰੂ ਦੇ) ਸ਼ਬਦ ਨੂੰ ਜਾਣ ਕੇ ਸਹਿਜ ਅਵਸਥਾ ਵਿਚ ਆ ਜਾਓ।(ਫਿਰ ਤੁਸੀਂ) ਸੱਚੇ ਪ੍ਰਭੂ ਦੇ ਨਾਮ ਦੁਆਰਾ (ਲੋਕ ਪ੍ਰਲੋਕ ਵਿਚ) ਵਡਿਆਈ ਪਾ ਲਵੋਂਗੇ।੨।(ਹੇ ਭਾਈ! ਜਿਹੜਾ ਮਨੁੱਖ) ਆਪ ਤਾਂ ਸਮਝਦਾ ਨਹੀਂ, ਪਰ ਲੋਕਾਂ ਨੂੰ (ਉਪਦੇਸ਼ ਦੇ ਕੇ) ਸਮਝਾਉਂਦਾ ਹੈ।(ਉਹ ਮਨੁੱਖ) ਮਨ ਦਾ ਅੰਨ੍ਹਾ ਹੈ ਅਤੇ ਅੰਨ੍ਹਿਆ ਵਾਲਾ (ਵਿਚਾਰ ਹੀਣ) ਕਰਮ ਕਰਦਾ ਹੈ।(ਅਜੇਹਾ ਮਨੁੱਖ ਅਪਣਾ ਅਸਲੀ) ਘਰ, ਪ੍ਰਭੂ ਦਾ ਦਰ ਤੇ ਮਹਿਲ ਰੂਪ ਟਿਕਾਣਾ ਕਿਵੇਂ ਪ੍ਰਾਪਤ ਕਰ ਸਕਦਾ ਹੈ? (ਉਥੇ ਤਕ ਪਹੁੰਚ ਹੀ ਨਹੀਂ ਸਕਦਾ)।੩।(ਹੇ ਭਾਈ! ਉਸ) ਪ੍ਰਭੂ ਦੀ ਸੇਵਾ ਭਗਤੀ ਕਰਨੀ ਚਾਹੀਦੀ ਹੈ, ਜਿਸ ਅੰਤਰਜਾਮੀ ਪ੍ਰਭੂ ਦੀ ਜੋਤ ਹਰੇਕ ਜੀਵ ਦੇ ਸਰੀਰ ਵਿਚ ਸਮਾ ਰਹੀ ਹੈ।ਉਸ ਪ੍ਰਭੂ ਨਾਲ ਕਿਹੜੀ ਛੁਪਾਉ ਵਾਲੀ ਗੱਲ ਚਲ ਸਕਦੀ ਹੈ (ਪ੍ਰਭੂ ਤੋਂ ਕੁਛ ਛੁਪਾ ਕੇ ਅਸੀਂ ਨਹੀਂ ਰਖ ਸਕਦੇ)।੪।

ਪਦਾਰਥ = ਜਗੁ-ਜਗਤ।ਕਊਆ-ਕਾਂ।ਮੁਖਿ-ਮੂੰਹ ਨਾਲ।ਚੁੰਚ ਗਿਆਨ-ਅਮਲ ਬਿਨਾ ਗਿਆਨ ਚਰਚਾ (ਕੇਵਲ ਕਹਿਣ ਮਾਤ੍ਰ ਗਿਆਨ)।ਅੰਤਰਿ-ਹਿਰਦੇ ਅੰਦਰ।ਬਿਨੁ ਨਾਵੈ-ਨਾਮ ਤੋਂ ਬਿਨਾ।ਪਾਜੁ-ਪਖੰਡ; ਦਿਖਾਵਾ; ਭੇਤ।ਲਹਗੁ-ਲਹਿ ਜਾਵੇਗਾ।ਨਿਦਾਨਿ -ਅੰਤ ਨੂੰ।੧।ਸੇਵਿ-ਸੇਵਾ ਕਰਕੇ।ਮਨਿ-ਮਨ ਵਿਚ।ਚੀਤਿ-ਚਿਤ ਵਿਚ।ਭੇਟੇ-ਮਿਲ ਜਾਂਦਾ ਹੈ।ਚੇਤਾਵੈ-ਚੇਤੇ ਕਰਾਉਂਦਾ ਹੈ।੧। ਰਹਾਉ।ਗੁਰਿ ਕਹਿਆ-ਗੁਰੂ ਨੇ ਜੋ ਕਿਹਾ (ਉਪਦੇਸ਼ ਦਿਤਾ) ਹੈ।ਕਾਰ ਕਮਾਵਹੁ-(ਨਾਮ ਸਿਮਰਨ ਦਾ) ਕਰਮ ਕਰੋ।ਚੀਨਿ੍-ਜਾਣ ਕੇ।ਸਹਜ ਘਰਿ-ਸਹਿਜ ਅਵਸਥਾ ਵਿਚ।ਸਾਚੈ ਨਾਇ-ਸੱਚੇ ਪ੍ਰਭੂ ਦੇ ਨਾਮ ਦੁਆਰਾ।ਵਡਾਈ ਪਾਵਹੁ-ਵਡਿਆਈ ਪਾ ਲਵੋਂਗੇ।੨। ਨ ਬੂਝੈ-ਸਮਝਦਾ ਨਹੀਂ।ਲੋਕ ਬੁਝਾਵੈ-ਲੋਕਾਂ ਨੂੰ ਸਿਖਿਆ ਦੇ ਕੇ ਸਮਝਾਉਂਦਾ ਹੈ।ਅੰਧੁ ਕਮਾਵੈ-ਅੰਨ੍ਹਿਆ ਵਾਲਾ (ਵਿਚਾਰ ਹੀਣ) ਕਰਮ ਕਰਦਾ ਹੈ।ਠਉਰੁ-ਟਿਕਾਣਾ।ਕੈਸੇ ਪਾਵੈ-ਕਿਵੇਂ ਪ੍ਰਾਪਤ ਕਰ ਸਕਦਾ ਹੈ?।੩।ਸੇਵੀਐ-ਸੇਵਾ ਭਗਤੀ ਕਰਨ ਚਾਹੀਦੀ ਹੈ। ਅੰਤਰਜਾਮੀ-ਹਰ ਇਕ ਜੀਵ ਦੇ ਦਿਲ ਦੇ ਅੰਦਰ ਦੀ ਜਾਨਣ ਵਾਲਾ।ਘਟ ਘਟ ਅੰਤਰਿ-ਹਰੇਕ ਜੀਵ ਦੇ ਸਰੀਰ ਅੰਦਰ।ਜਿਸ ਕੀ -ਜਿਸ ਪ੍ਰਭੂ ਦੀ।ਸਮਾਨੀ-ਸਮਾ ਰਹੀ ਹੈ।ਪਹਨਾਮੀ-ਲੁਕਾਉ ਛਿਪਾਉ; ਠੱਗੀ।੪।

ਅੰਗ ੮੩੩ = ਸਾਚਾ ਨਾਮੁ ਸਾਚੈ ਸਬਦਿ ਜਾਨੈ ॥ ਆਪੈ ਆਪੁ ਮਿਲੈ ਚੂਕੈ ਅਭਿਮਾਨੈ ॥ ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥੫॥ ਸਤਿਗੁਰਿ ਸੇਵਿਐ, ਦੂਜੀ ਦੁਰਮਤਿ ਜਾਈ ॥ ਅਉਗਣ ਕਾਟਿ, ਪਾਪਾ ਮਤਿ ਖਾਈ ॥ ਕੰਚਨ ਕਾਇਆ, ਜੋਤੀ ਜੋਤਿ ਸਮਾਈ ॥੬॥ ਸਤਿਗੁਰਿ ਮਿਲਿਐ, ਵਡੀ ਵਡਿਆਈ ॥ ਦੁਖੁ ਕਾਟੈ, ਹਿਰਦੈ ਨਾਮੁ ਵਸਾਈ ॥ ਨਾਮਿ ਰਤੇ ਸਦਾ ਸੁਖੁ ਪਾਈ ॥੭॥ ਗੁਰਮਤਿ ਮਾਨਿਆ, ਕਰਣੀ ਸਾਰੁ ॥ ਗੁਰਮਤਿ ਮਾਨਿਆ, ਮੋਖ ਦੁਆਰੁ ॥ ਨਾਨਕ ਗੁਰਮਤਿ ਮਾਨਿਆ, ਪਰਵਾਰੈ ਸਾਧਾਰੁ ॥੮॥੧॥੩॥ (ਹੇ ਭਾਈ! ਜਿਹੜਾ ਮਨੁੱਖ) ਗੁਰੂ ਦੇ ਸੱਚੇ ਸ਼ਬਦ ਦੁਆਰਾ ਸੱਚੇ ਨਾਮ ਨੂੰ ਜਾਣ ਲੈਂਦਾ ਹੈ।(ਉਸ ਦਾ) ਹੰਕਾਰ ਦੂਰ ਹੋ ਜਾਂਦਾ ਹੈ ਅਤੇ (ਉਸ ਦਾ) ਅਪਣਾ ਆਪਾ ਪ੍ਰਭੂ ਨਾਲ ਮਿਲ ਜਾਂਦਾ ਹੈ।(ਉਹ) ਗੁਰੂ ਦੁਆਰਾ ਸਦਾ ਸਦਾ ਪ੍ਰਭੂ ਦਾ ਨਾਮ ਉਚਾਰਦਾ ਰਹਿੰਦਾ ਹੈ।੫। (ਹੇ ਭਾਈ!) ਸਤਿਗੁਰੂ ਦੀ ਸੇਵਾ ਕੀਤਿਆਂ ਦੂਜੇ ਭਾਵ ਵਾਲੀ ਖੋਟੀ ਮੱਤ ਮੁੱਕ ਜਾਂਦੀ ਹੈ।(ਗੁਰੂ ਦੀ ਸੇਵਾ) ਅਉਗਣ ਕਟ ਕੇ ਪਾਪਾਂ ਦੀ ਮੱਤ ਨੂੰ ਖਾ ਜਾਂਦੀ ਹੈ।ਸਰੀਰ ਸੋਨੇ ਵਾਂਗ ਸ਼ੁੱਧ ਹੋ ਜਾਂਦਾ ਹੈ ਅਤੇ (ਉਸ ਦੀ) ਆਤਮ ਜੋਤ ਪ੍ਰਭੂ ਦੀ ਜੋਤਿ ਵਿਚ ਮਿਲ ਜਾਂਦੀ

ਹੈ।੬।(ਹੇ ਭਾਈ!) ਸਤਿਗੁਰੂ ਦੇ ਮਿਲਿਆਂ ਵੱਡੀ ਵਡਿਆਈ ਮਿਲਦੀ ਹੈ।(ਸਤਿਗੁਰੂ ਮਨੁੱਖ ਦੇ) ਹਿਰਦੇ ਵਿਚ ਪ੍ਰਭੂ ਦਾ ਨਾਮ ਵਸਾ ਦੇਂਦਾ ਹੈ ਅਤੇ (ਉਸ ਦਾ ਹਰੇਕ) ਦੁਖ ਕੱਟ ਦਿੰਦਾ ਹੈ।(ਮਨੁੱਖ) ਪ੍ਰਭੂ ਦੇ ਨਾਮ ਵਿਚ ਰੰਗੇ ਜਾਣ ਕਰਕੇ ਸਦਾ ਸੁਖ ਪ੍ਰਾਪਤ ਕਰਦਾ ਹੈ।੭।(ਹੇ ਭਾਈ! ਜਿਨ੍ਹਾਂ ਮਨੁੱਖਾਂ ਦਾ ਮਨ) ਗੁਰੂ ਦੀ ਸਿੱਖਿਆ ਨਾਲ ਮੰਨ ਗਿਆ ਹੈ, (ਉਨ੍ਹਾਂ ਦੀ) ਕਰਣੀ ਸ੍ਰੇਸ਼ਟ ਹੈ।(ਜਿਨ੍ਹਾਂ ਦਾ) ਮਨ ਗੁਰੂ ਦੀ ਸਿੱਖਿਆ ਨਾਲ ਮੰਨ ਗਿਆ ਹੈ, (ਉਨ੍ਹਾਂ ਨੂੰ) ਮੁਕਤੀ ਦਾ ਦੁਆਰ (ਗਿਆਨ) ਪ੍ਰਾਪਤ ਹੋਇਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਨ੍ਹਾਂ ਦਾ ਮਨ) ਗੁਰੂ ਦੀ ਸਿੱਖਿਆ ਨਾਲ ਮੰਨ ਗਿਆ ਹੈ, ਉਨ੍ਹਾਂ ਨੇ ਅਪਣੇ ਪ੍ਰਵਾਰ ਨੂੰ ਆਸਰੇ ਸਹਿਤ ਕਰ ਲਿਆ ਹੈ; ਪ੍ਰਵਾਨ ਨੂੰ ਸੁਧਾਰ ਲਿਆ ਹੈ।੮।੧।

ਪਦਾਰਥ = ਸਾਚੈ ਸਬਦਿ–ਸੱਚੇ ਗੁਰੂ ਦੇ ਸ਼ਬਦ ਦੁਆਰਾ।ਜਾਨੈ–ਜਾਣ ਲੈਂਦਾ ਹੈ।ਆਪੈ ਆਪੁ–ਅਪਣਾ ਆਪਾ ਪ੍ਰਭੂ ਵਿਚ ਮਿਲ ਜਾਂਦਾ ਹੈ।ਚੂਕੈ–ਦੂਰ ਹੋ ਜਾਂਦਾ ਹੈ।ਗੁਰਮੁਖਿ–ਗੁਰੂ ਰਾਹੀਂ।ਵਖਾਨੈ–ਉਚਾਰਦਾ ਹੈ।੫।ਸੇਵਿਐ–ਸੇਵਾ ਕੀਤਿਆਂ।ਦੂਜੀ ਦੁਰਮਤਿ–ਦੂਜੇ ਭਾਵ (ਮਾਇਆ ਦੇ ਮੋਹ) ਵਾਲੀ ਖੋਟੀ ਮੱਤ।ਜਾਈ–ਮੁੱਕ ਜਾਂਦੀ ਹੈ।ਕਾਟਿ–ਕੱਟ ਕੇ।ਖਾਈ–ਖਾ ਜਾਂਦੀ ਹੈ।ਕੰਚਨ–ਸੋਨਾ। ਕਾਇਆ–ਸਰੀਰ।ਜੋਤੀ–ਪ੍ਰਭੂ ਦੀ ਜੋਤ ਵਿਚ।ਜੋਤਿ–ਆਤਮ ਜੋਤੀ।੬।ਮਿਲਿਐ–ਮਿਲਿਆਂ।ਕਾਟੈ–ਕੱਟ ਦੇਂਦਾ ਹੈ।ਹਿਰਦੈ–ਹਿਰਦੇ ਵਿਚ।ਨਾਮਿ ਰਤੇ–ਨਾਮ ਵਿਚ ਰੰਗੇ ਜਾਣ ਕਰਕੇ।ਪਾਈ–ਪ੍ਰਾਪਤ ਕਰਦਾ ਹੈ।੭।ਮਾਨਿਆ–ਮੰਨ ਗਿਆ ਹੈ; ਅੰਗੀਕਾਰ ਕੀਤਾ ਹੈ।ਸਾਰੁ–ਸ੍ਰੇਸ਼ਟ।ਮੋਖ ਦੁਆਰੁ–ਮੁਕਤੀ ਦਾ ਦਰਵਾਜਾ।ਪਰਵਾਰੈ–ਪਰਵਾਰ ਨੂੰ।ਸਾਧਾਰੁ–ਆਸਰੇ ਸਹਿਤ।੮।੧।

ਬਿਲਾਵਲੁ ਮਹਲਾ ੪ ਅਸਟਪਦੀਆ ਘਰੁ ੧੧ ੧ੴ ਸਤਿਗੁਰ ਪ੍ਰਸਾਦਿ ॥ ਆਪੈ ਆਪੁ ਖਾਇ ਹਉ ਮੇਟੈ, ਅਨਦਿਨੁ ਹਰਿ ਰਸ ਗੀਤ ਗਵਈਆ ॥ ਗੁਰਮੁਖਿ ਪਰਚੈ ਕੰਚਨ ਕਾਇਆ, ਨਿਰਭਉ ਜੋਤੀ ਜੋਤਿ ਮਿਲਈਆ ॥੧॥ ਮੈ ਹਰਿ ਹਰਿ ਨਾਮੁ ਅਧਾਰੁ ਰਮਈਆ ॥ ਖਿਨੁ ਪਲੁ ਰਹਿ ਨ ਸਕਉ ਬਿਨੁ ਨਾਵੈ, ਗੁਰਮੁਖਿ ਹਰਿ ਹਰਿ ਪਾਠ ਪੜਈਆ ॥੧॥ਰਹਾਉ॥ ਏਕੁ ਗਿਰਹੁ ਦਸ ਦੁਆਰ ਹੈ ਜਾ ਕੇ, ਅਹਿਨਿਸਿ ਤਸਕਰ ਪੰਚ ਚੋਰ ਲਗਈਆ ॥ ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ, ਮਨਮੁਖ ਅੰਧੁਲੇ ਖਬਰਿ ਨ ਪਈਆ ॥੨॥ ਕੰਚਨ ਕੋਟੁ ਬਹੁ ਮਾਣਕਿ ਭਰਿਆ, ਜਾਗੇ ਗਿਆਨ ਤਤਿ ਲਿਵ ਲਈਆ ॥ ਤਸਕਰ ਹੇਰੂ ਆਇ ਲੁਕਾਨੇ, ਗੁਰ ਕੈ ਸਬਦਿ ਪਕੜਿ ਬੰਧਿ ਪਈਆ ॥੩॥ ਹਰਿ ਹਰਿ ਨਾਮੁ ਪੋਤੁ ਬੋਹਿਥਾ, ਖੇਵਟੁ ਸਬਦੁ ਗੁਰੁ ਪਾਰਿ ਲੰਘਈਆ ॥ ਜਮੁ ਜਾਗਾਤੀ ਨੇੜਿ ਨ ਆਵੈ, ਨਾ ਕੋ ਤਸਕਰੁ ਚੋਰੁ ਲਗਈਆ ॥੪॥ (ਹੇ ਭਾਈ! ਜੋ ਮਨੁੱਖ) ਅਪਣੇ ਆਪ (ਅਪਣੀ ਅਪਣੱਤ) ਨੂੰ ਖਾ (ਮੁਕਾ) ਕੇ ਹਉਮੈ ਨੂੰ ਮੇਟ ਦੇਂਦਾ ਹੈ, ਉਹ ਹਰ ਰੋਜ ਹਰੀ ਦੇ ਨਾਮ ਰਸ ਦੇ ਗੀਤ ਗਾਉਂਦਾ ਰਹਿੰਦਾ ਹੈ।ਗੁਰੂ ਦੇ ਰਾਹੀਂ ਮਨ ਦੇ ਪਰਚੇ ਜਾਣ ਕਰਕੇ ਦੇਹੀ ਸੋਨੇ ਵਰਗੀ ਨਿਰੋਗ ਤੇ ਸ਼ੁੱਧ ਹੋ ਜਾਂਦੀ ਹੈ ਅਤੇ (ਉਸ ਦੀ) ਆਤਮਕ ਜੋਤ ਭੈ ਰਹਿਤ ਪ੍ਰਭੂ ਦੀ ਜੋਤ ਵਿਚ ਮਿਲ ਜਾਂਦੀ ਹੈ।੧।(ਹੇ ਭਾਈ!) ਮੈਨੂੰ ਸਭ ਵਿਚ ਰਮੇ ਹੋਏ ਹਰੀ ਦੇ ਨਾਮ ਦਾ ਆਸਰਾ ਹੈ।ਮੈਂ ਹਰੀ ਦੇ ਨਾਮ ਸਿਮਰਨ ਤੋਂ ਬਿਨਾ ਇਕ ਖਿਨ ਪਲ ਵੀ ਨਹੀਂ ਰਹਿ ਸਕਦਾ, ਗੁਰੂ ਨੇ ਮੈਨੂੰ ਹਰੀ ਦੇ ਨਾਮ ਦਾ ਪਾਠ ਪੜ੍ਹਾਇਆ ਹੈ; ਮੈਂ ਗੁਰੂ ਦੀ ਸ਼ਰਨ ਪੈ ਕੇ ਹਰੀ ਦੇ ਨਾਮ ਦਾ ਪਾਠ ਪੜ੍ਹਿਆ ਹੈ।੧।ਰਹਾਉ।(ਹੇ ਭਾਈ! ਮਨੁੱਖੀ ਸਰੀਰ) ਇਕ ਘਰ ਹੈ, ਜਿਸ ਦੇ ਦਸ ਇੰਦ੍ਰੇ ਦਰਵਾਜੇ ਹਨ, (ਸਰੀਰ ਵਿਚੋਂ ਸ਼ੁੱਭ ਗੁਣ ਰੂਪ ਪੂੰਜੀ ਲੁੱਟਣ ਲਈ) ਠੱਗ ਤੇ ਪੰਜ ਕਾਮਾਦਿਕ ਚੋਰ ਦਿਨ ਰਾਤ ਲੱਗੇ ਰਹਿੰਦੇ ਹਨ (ਵਿਸ਼ੇ ਵਿਕਾਰ ਮਨ ਨੂੰ ਵਿਗਾੜ ਕੇ ਸਰੀਰ ਨੂੰ ਦੁਖੀ ਕਰਦੇ ਹਨ।ਇਹ ਚੋਰ ਮਨੁੱਖ ਦੇ) ਧਾਰਮਕ ਗੁਣ ਤੇ ਧਨ ਸਭ ਚੁਰਾ ਕੇ ਲੈ ਜਾਂਦੇ ਹਨ, ਪਰ ਅੰਨ੍ਹੇ ਮਨਮੁਖ ਨੂੰ ਕੋਈ ਖਬਰ ਨਹੀਂ ਪੈਂਦੀ (ਲੁੱਟੇ ਜਾਣ ਦਾ ਪਤਾ ਹੀ ਨਹੀਂ ਲਗਦਾ)।੨।(ਹੇ ਭਾਈ! ਮਨੁੱਖੀ ਸਰੀਰ) ਸੋਨੇ ਦਾ ਕਿਲ੍ਹਾ ਹੈ, ਜੋ ਬਹੁਤ ਰਤਨਾਂ (ਅਮੋਲਕ ਗੁਣਾਂ) ਨਾਲ ਭਰਿਆ ਹੋਇਆ ਹੈ, (ਜੋ ਮਨੁੱਖ) ਗਿਆਨ ਪ੍ਰਾਪਤ ਕਰਕੇ ਜਾਗਦੇ ਰਹਿੰਦੇ ਹਨ, (ਉਨ੍ਹਾਂ ਦੀ) ਲਿਵ ਤੱਤ ਸਰੂਪ ਪ੍ਰਭੂ ਵਿਚ ਜੁੜੀ ਰਹਿੰਦੀ ਹੈ।(ਕਾਮਾਦਿਕ) ਚੋਰ ਲੁਟੇਰੇ ਆ ਕੇ (ਜੋ ਇਸ ਕਿਲ੍ਹੇ ਵਿਚ) ਲੁਕੇ ਹੋਏ ਸਨ, (ਉਨ੍ਹਾਂ ਗਿਆਨਵਾਨ ਮਨੁੱਖਾਂ ਨੇ) ਗੁਰੂ ਦੇ ਸ਼ਬਦ ਦੁਆਰਾ ਉਨ੍ਹਾਂ ਨੂੰ ਪਕੜ ਕੇ ਕੈਦ ਵਿਚ ਪਾਇਆ ਹੈ।੩।ਪ੍ਰਭੂ ਦਾ ਨਾਮ (ਸ਼ੁਭ ਗੁਣਾਂ ਦਾ) ਖਜਾਨਾ ਹੈ, (ਸੰਸਾਰ ਸਮੁੰਦਰ ਤੋਂ ਤਾਰਨ ਵਾਲਾ) ਜਹਾਜ ਹੈ, ਗੁਰ ਸ਼ਬਦ ਮਲਾਹ ਹੈ, (ਜੋ ਸੰਸਾਰ ਸਮੁੰਦਰ ਤੋਂ) ਪਾਰ ਲਘਾਉਂਦਾ ਹੈ।(ਫਿਰ) ਟੈਕਸ ਲੈਣ ਵਾਲਾ ਜਮ ਨੇੜੇ ਨਹੀਂ ਆਉਂਦਾ ਅਤੇ ਨਾ ਕੋਈ ਚੋਰ ਜਾਂ ਠੱਗ ਨੇੜੇ ਲਗਦਾ ਹੈ।੪।

ਪਦਾਰਥ = ਅਸਟਪਦੀਆ–ਅੱਠ ਪਦਿਆਂ ਵਾਲੀ ਬਾਣੀ।ਆਪੈ ਆਪੁ–ਅਪਣੇ ਆਪ (ਅਪਣੀ ਅਪਣੱਤ) ਨੂੰ।ਖਾਇ–ਖਾ (ਮਾਰ) ਕੇ।ਹਉ–ਹਉਮੈ।ਅਨਦਿਨੁ–ਹਰ ਰੋਜ।ਹਰਿ ਰਸ–ਹਰੀ ਦੇ ਨਾਮ ਰਸ ਦੇ।ਗਵਈਆ–ਗਾਉਂਦਾ ਹੈ।ਗੁਰਮੁਖਿ–ਗੁਰੂ ਨੇ; ਗੁਰੂ ਰਾਹੀਂ।ਪਰਚੈ–ਮਨ ਦੇ ਪਰਚੇ ਜਾਣ ਨਾਲ; ਗਿਆਨ ਕਰਕੇ; ਲਗਨ ਲਗ ਜਾਣ ਕਰਕੇ।ਨਿਰਭਉ ਜੋਤੀ–ਭੈ ਰਹਿਤ ਪ੍ਰਭੂ ਦੀ ਜੋਤ

ਵਿਚ। ਜੋਤਿ-ਆਤਮਕ ਜੋਤ।੧। ਅਧਾਰੁ-ਆਸਰਾ। ਰਮਈਆ-ਸਭ ਵਿਚ ਰਮਿਆ ਹੋਇਆ ਪ੍ਰਭੂ। ਰਹਿ ਨ ਸਕਉ-ਮੈਂ ਰਹਿ ਨਹੀਂ ਸਕਦਾ। ਬਿਨੁ ਨਾਵੈ-ਨਾਮ ਜਪਣ ਤੋਂ ਬਿਨਾ। ਗੁਰਮੁਖਿ-ਗੁਰੂ ਰਾਹੀਂ। ਪੜਈਆ-ਪੜ੍ਹਾਇਆ ਹੈ; ਪੜ੍ਹਿਆ ਹੈ।੧। ਰਹਾਉ। ਗਿਰਹੁ-ਘਰ। ਦੁਆਰ-ਦਰਵਾਜੇ। ਜਾ ਕੇ-ਜਿਸ (ਘਰ) ਦੇ। ਅਹਿਨਿਸਿ-ਦਿਨ ਰਾਤ। ਤਸਕਰ-ਸ਼ਬਦ ਸਪਰਸ ਰਸ ਰੂਪ ਗੰਧ ਆਦਿ ਠੱਗ। ਪੰਚ ਚੋਰ-ਪੰਜ ਕਾਮਾਦਿਕ ਚੋਰ। ਲਗਈਆ-ਲੱਗੇ ਰਹਿੰਦੇ ਹਨ। ਅਰਥੁ-ਧਨ ਦੌਲਤ। ਹਿਰਿ ਲੇ ਜਾਵਹਿ-ਚੁਰਾ ਕੇ ਲੈ ਜਾਂਦੇ ਹਨ। ਅੰਧੁਲੇ-ਅੰਨ੍ਹੇ ਮਨੁੱਖ ਨੂੰ। ਖਬਰਿ ਨ ਪਈਆ-ਖਬਰ ਨਹੀਂ ਪੈਂਦੀ (ਪਤਾ ਨਹੀਂ ਲਗਦਾ)।੨। ਕੰਚਨ ਕੋਟੁ-ਸੋਨੇ ਦਾ ਕਿਲ੍ਹਾ। ਬਹੁ-ਬਹੁਤ। ਮਾਣਕਿ-(ਦੈਵੀ ਗੁਣ ਰੂਪ) ਰਤਨਾਂ ਨਾਲ। ਜਾਗੇ-ਜਾਗਦੇ ਹਨ। ਤਤਿ-ਤੱਤ ਸਰੂਪ ਪ੍ਰਭੂ ਵਿਚ। ਲਿਵ ਲਈਆ-ਸੁਰਤ ਜੁੜੀ ਰਹਿੰਦੀ ਹੈ। ਹੇਰੂ-ਦੇਖਣ ਵਾਲੇ ਲੁਟੇਰੇ; ਲੁੱਟਣ ਲਈ ਸਦਾ ਤਾਕ ਰੱਖਣ ਵਾਲੇ। ਕੈ-ਦੇ। ਸਬਦਿ-ਸ਼ਬਦ ਰਾਹੀਂ। ਬੰਧਿ ਪਈਆ-ਕੈਦ ਵਿਚ ਪਾਇਆ ਹੈ।੩। ਪੋਤੁ-ਖਜਾਨਾ। ਬੋਹਿਥਾ-ਜਹਾਜ। ਖੇਵਟੁ-ਮਲਾਹ। ਪਾਰਿ ਲੰਘਈਆ-ਪਾਰ ਲੰਘਾ ਦੇਂਦਾ ਹੈ। ਜਾਗਾਤੀ-ਟੈਕਸ ਲੈਣ ਵਾਲਾ। ਕੋ-ਕੋਈ। ਨ ਲਗਈਆ-ਨਹੀਂ ਲਗਦਾ।੪।

ਹਰਿ ਗੁਣ ਗਾਵੈ ਸਦਾ ਦਿਨੁ ਰਾਤੀ, ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ ॥ ਗੁਰਮੁਖਿ ਮਨੂਆ ਇਕਤੁ ਘਰਿ ਆਵੈ, ਮਿਲਉ ਗੋੁਪਾਲ ਨੀਸਾਨੁ ਬਜਈਆ ॥੫॥ ਨੈਨੀ ਦੇਖਿ ਦਰਸੁ ਮਨੁ ਤ੍ਰਿਪਤੈ, ਸ੍ਰਵਨ ਬਾਣੀ ਗੁਰ ਸਬਦੁ ਸੁਣਈਆ ॥ ਸੁਨਿ ਸੁਨਿ ਆਤਮ ਦੇਵ ਹੈ ਭੀਨੇ, ਰਸਿ ਰਸਿ ਰਾਮ ਗੋਪਾਲ ਰਵਈਆ ॥੬॥ ਤ੍ਰੈਗੁਣ ਮਾਇਆ ਮੋਹਿ ਵਿਆਪੇ, ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥ ਏਕ ਦ੍ਰਿਸਟਿ ਸਭ ਸਮ ਕਰਿ ਜਾਣੈ, ਨਦਰੀ ਆਵੈ ਸਭੁ ਬ੍ਰਹਮੁ ਪਸਰਈਆ ॥੭॥ ਰਾਮ ਨਾਮੁ ਹੈ ਜੋਤਿ ਸਬਾਈ, ਗੁਰਮੁਖਿ ਆਪੇ ਅਲਖੁ ਲਖਈਆ ॥ ਨਾਨਕ ਦੀਨ ਦਇਆਲ ਭਏ ਹੈ, ਭਗਤਿ ਭਾਇ ਹਰਿ ਨਾਮਿ ਸਮਈਆ ॥੮॥੧॥੪॥ (ਹੇ ਭਾਈ! ਮੇਰਾ ਮਨ ਹੁਣ) ਦਿਨ ਰਾਤ ਹਰੀ ਦੇ ਗੁਣ ਗਾਉਂਦਾ ਰਹਿੰਦਾ ਹੈ, ਹਰੀ ਦਾ ਜਸ ਗਾਉਂਦਿਆਂ, ਮੈਂ (ਹਰੀ ਜਸ ਦਾ) ਅੰਤ ਨਹੀਂ ਪਾ ਸਕਿਆ (ਹਰੀ ਦਾ ਜਸ ਬੇਅੰਤ ਹੈ)। ਗੁਰ ਰਾਹੀਂ (ਮਨੁੱਖ ਦਾ) ਮਨ ਇਕ ਘਰ ਵਿਚ ਆ (ਇਕ ਥਾਂ ਟਿਕ) ਜਾਂਦਾ ਹੈ, ਮੈਂ ਢੋਲ ਵਜਾ ਕੇ (ਖੁਸ਼ੀ ਖੁਸ਼ੀ) ਪ੍ਰਭੂ ਨੂੰ ਮਿਲਾਂਗਾ।੫। (ਕਿਉਂਕਿ) ਅੱਖਾਂ ਨਾਲ ਪ੍ਰਭੂ ਦਾ ਦਰਸ਼ਨ ਦੇਖ ਕੇ ਮਨ ਰੱਜ ਜਾਂਦਾ ਹੈ (ਕੋਈ ਭੁੱਖ ਨਹੀਂ ਰਹਿੰਦੀ) ਅਤੇ ਕੰਨ ਗੁਰੂ ਦੀ ਬਾਣੀ, ਗੁਰੂ ਦਾ ਸ਼ਬਦ ਸੁਣਦੇ ਰਹਿੰਦੇ ਹਨ। (ਸ਼ਬਦ ਬਾਣੀ) ਸੁਣ ਸੁਣ ਕੇ ਮੇਰੀ ਆਤਮ ਭਿੱਜ ਗਈ (ਪ੍ਰਸੰਨ ਹੋ ਗਈ) ਹੈ ਅਤੇ ਮੈਂ ਅਨੰਦ ਲੈ ਲੈ ਕੇ ਧਰਤੀ ਪਾਲਕ ਵਿਆਪਕ ਪ੍ਰਭੂ ਨੂੰ ਸਿਮਰਦਾ ਹਾਂ।੬। (ਹੇ ਭਾਈ!) ਤਿੰਨਾਂ ਗੁਣਾਂ ਵਾਲੇ ਜੀਵ ਮਾਇਆ ਦੇ ਮੋਹ ਵਿਚ ਫਸੇ ਹੋਏ ਹਨ, ਪਰ ਗੁਰਮੁਖਾਂ ਨੇ ਤੁਰੀਆ ਪਦ ਪ੍ਰਾਪਤ ਕੀਤਾ ਹੈ। (ਅਜੇਹਾ ਗੁਰਮੁਖ) ਸਾਰੇ ਜੀਵਾਂ ਨੂੰ ਇਕ ਨਜਰ ਨਾਲ ਬਰਾਬਰ ਕਰਕੇ ਜਾਣਦਾ ਹੈ, (ਉਸ ਨੂੰ) ਸਭ ਜਗ੍ਹਾ ਬ੍ਰਹਮ ਪਸਰਿਆ ਨਜਰ ਆਉਂਦਾ ਹੈ।੭। (ਹੇ ਭਾਈ!) ਨਾ ਜਾਣੇ ਜਾਣ ਵਾਲੇ ਪ੍ਰਭੂ ਨੂੰ ਗੁਰਮੁਖ (ਗੁਰੂ ਦੀ ਸ਼ਰਨ ਪੈ ਕੇ) ਆਪ ਜਾਣ ਲੈਂਦਾ ਹੈ, (ਉਸ ਦੀ ਨਜਰਾਂ ਵਿਚ) ਪ੍ਰਮਾਤਮਾ ਦੀ ਨਾਮ ਰੂਪ ਜੋਤ ਸਭ ਜੀਵਾਂ ਵਿਚ ਸਮਾਈ ਹੋਈ ਹੈ। ਦੀਨਾਂ ਉਤੇ ਦਇਆ ਕਰਨ ਵਾਲਾ ਪ੍ਰਭੂ ਜੀ ਨਾਨਕ ਉਪਰ ਮੇਹਰਵਾਨ ਹੋਏ ਹਨ ਅਤੇ (ਨਾਨਕ) ਭਗਤੀ ਭਾਵਨਾ ਨਾਲ ਹਰੀ ਦੇ ਨਾਮ ਵਿਚ ਲੀਨ ਹੋਇਆ ਹੈ।੮।੧।੪।

ਪਦਾਰਥ = ਗਾਵੈ-ਗਾਉਂਦਾ ਹੈ। ਦਿਨੁ ਰਾਤੀ-ਦਿਨ ਰਾਤ (ਸਦਾ ਹੀ)। ਕਹਤੇ-ਕਹਿੰਦਿਆਂ (ਗਾਉਂਦਿਆਂ)। ਨ ਲਹੀਆ-ਪਾ ਨਹੀਂ ਸਕਿਆ। ਗੁਰਮੁਖਿ-ਗੁਰੂ ਰਾਹੀਂ। ਮਨੂਆ-ਮਨ। ਇਕਤੁ ਘਰਿ ਆਵੈ-ਇਕ ਘਰ ਵਿਚ ਆ (ਇਕ ਥਾਂ ਟਿਕ) ਜਾਂਦਾ ਹੈ। ਮਿਲਉ-ਮਿਲਾਂਗਾ। ਗੋਪਾਲ-ਧਰਤੀ ਨੂੰ ਪਾਲਣ ਵਾਲਾ ਪ੍ਰਭੂ। ਨੀਸਾਨੁ ਬਜਈਆ-ਢੋਲ ਵਜਾ ਕੇ (ਖੁਸ਼ੀ ਖੁਸ਼ੀ)।੫। ਨੈਨੀ ਦੇਖਿ-ਅੱਖਾਂ ਨਾਲ ਦੇਖ ਕੇ। ਤ੍ਰਿਪਤੈ-(ਵਾਸ਼ਨਾਵਾਂ ਵੱਲੋਂ) ਰੱਜ ਜਾਂਦਾ ਹੈ। ਸ੍ਰਵਨ-ਕੰਨਾਂ ਨਾਲ। ਸੁਣਈਆ-ਸੁਣਦੇ ਹਨ। ਸੁਨਿ ਸੁਨਿ-ਸੁਣ ਸੁਣ ਕੇ। ਆਤਮ ਦੇਵ-ਪੂਜਨੀਕ ਆਤਮਾ। ਭੀਨੇ-ਭਿੱਜ ਗਈ ਹੈ। ਰਸਿ ਰਸਿ-ਅਨੰਦ ਲੈ ਲੈ ਕੇ। ਰਵਈਆ-ਸਿਮਰਦਾ ਹੈ।੬। ਤ੍ਰੈ ਗੁਣ-ਮਾਇਆ ਦੇ ਤਿੰਨ (ਰਜੋ, ਸਤੋ ਤੇ ਤਮੋ) ਗੁਣ। ਮੋਹਿ-ਮੋਹ ਵਿਚ। ਵਿਆਪੇ-ਫਸੇ ਹੋਏ ਹਨ। ਤੁਰੀਆ ਗੁਣ-(ਮਾਇਆ ਦੇ ਅਸਰ ਤੋਂ ਮੁਕਤ) ਚੌਥਾ ਪਦ (ਸਹਿਜ ਅਵਸਥਾ)। ਗੁਰਮੁਖਿ-ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਲਹੀਆ-ਲੱਭ ਲਿਆ। ਏਕ ਦ੍ਰਿਸਟਿ -ਇਕ ਨਜਰ ਨਾਲ। ਸਮ ਕਰਿ-ਬਰਾਬਰ (ਇਕੋ ਜਿਹਾ) ਕਰਕੇ। ਨਦਰੀ ਆਵੈ-ਨਜਰ ਆਉਂਦਾ ਹੈ। ਸਭੁ-ਸਭ ਜਗ੍ਹਾ। ਬ੍ਰਹਮੁ-ਹਰੀ। ਪਸਰਈਆ-ਪਸਰਿਆ ਹੋਇਆ।੭। ਸਬਾਈ-ਸਾਰੇ ਜੀਵਾਂ ਵਿਚ। ਅਲਖੁ-(ਅਲੱਖ ਪੜ੍ਹੋ) ਨਾ ਜਾਣੇ ਜਾਣ ਵਾਲਾ ਪ੍ਰਭੂ। ਲਖਈਆ-ਜਾਣ ਲੈਂਦਾ ਹੈ। ਦੀਨ ਦਇਆਲ-ਗਰੀਬਾਂ ਉਤੇ ਦਇਆ ਕਰਨ ਵਾਲਾ। ਭਏ-ਹੋਏ ਹਨ। ਭਗਤਿ ਭਾਇ-ਭਗਤੀ ਭਾਵਨਾ (ਪ੍ਰੇਮਾ ਭਗਤੀ) ਨਾਲ। ਹਰਿ ਨਾਮਿ-ਹਰੀ ਦੇ ਨਾਮ ਵਿਚ। ਸਮਈਆ-ਲੀਨ ਹੋਇਆ ਹੈ।੮।੧।੪।

ਬਿਲਾਵਲੁ ਮਹਲਾ ੪ ॥ ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ ,ਹਰਿ ਚੰਦਨ ਵਾਸੁ ਸਗੰਧ ਗੰਧਈਆ ॥ (ਹੇ ਭਾਈ!) ਹਰੀ ਦਾ ਹਰਿ ਹਰਿ ਨਾਮ ਧਿਆਵੋ, ਜੋ ਸੀਤਲ ਜਲ ਸਮਾਨ ਹੈ, ਹਰੀ ਦਾ ਨਾਮ ਚੰਦਨ ਦੀ ਵਾਸ਼ਨਾ ਸਮਾਨ ਹੈ, (ਉਸ ਦੀ) ਸੁਗੰਧੀ ਨਾਲ ਸੁਗੰਧਤ ਹੋ ਜਾਈਦਾ ਹੈ; ਸਭ ਸੁਗੰਧੀਆਂ ਉਸ ਦੀ ਸੁਗੰਧੀ ਨਾਲ ਹੀ ਸੁਗੰਧਤ ਹਨ (ਹਰੀ ਸਭ ਸੁਗੰਧੀਆਂ ਦਾ ਸੋਮਾ ਹੈ। ਹਰੀ ਦਾ ਨਾਮ ਹਿਰਦੇ ਦੀ ਤਪਸ਼ ਨੂੰ ਦੂਰ ਕਰਕੇ ਠੰਢ ਪਹੁੰਚਾਉਂਦਾ ਹੈ ਤੇ ਸ਼ੁਭ ਗੁਣਾਂ ਦੀ ਸੁਗੰਧੀ ਹਿਰਦੇ ਅੰਦਰ ਭਰਦਾ ਹੈ)।

ਅੰਗ ੮੩੪ = ਮਿਲਿ ਸਤਸੰਗਤਿ ਪਰਮ ਪਦੁ ਪਾਇਆ, ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ ॥੧॥ ਜਪਿ ਜਗੰਨਾਥ ਜਗਦੀਸ ਗੁਸਈਆ ॥ ਸਰਣਿ ਪਰੇ ਸੇਈ ਜਨ ਉਬਰੇ, ਜਿਉ ਪ੍ਰਹਿਲਾਦ ਉਧਾਰਿ ਸਮਈਆ ॥੧॥ਰਹਾਉ॥ ਭਾਰ ਅਠਾਰਹ ਮਹਿ ਚੰਦਨੁ ਊਤਮ, ਚੰਦਨ ਨਿਕਟਿ ਸਭ ਚੰਦਨੁ ਹੁਈਆ ॥ ਸਾਕਤਿ ਕੂੜੇ ਊਭ ਸੁਕ ਹੂਏ, ਮਨਿ ਅਭਿਮਾਨੁ ਵਿਛੁੜਿ ਦੂਰਿ ਗਈਆ ॥੨॥ ਹਰਿ ਗਤਿ ਮਿਤਿ ਕਰਤਾ ਆਪੇ ਜਾਣੈ, ਸਭ ਬਿਧਿ ਹਰਿ ਹਰਿ ਆਪਿ ਬਨਈਆ ॥ ਜਿਸੁ ਸਤਿਗੁਰੁ ਭੇਟੇ ਸੁ ਕੰਚਨੁ ਹੋਵੈ, ਜੋ ਧੁਰਿ ਲਿਖਿਆ ਸੁ ਮਿਟੈ ਨ ਮਿਟਈਆ ॥੩॥ ਰਤਨ ਪਦਾਰਥ ਗੁਰਮਤਿ ਪਾਵੈ, ਸਾਗਰ ਭਗਤਿ ਭੰਡਾਰ ਖੁਲ੍ਹਈਆ ॥ ਗੁਰ ਚਰਣੀ ਇਕ ਸਰਧਾ ਉਪਜੀ, ਮੈ ਹਰਿ ਗੁਣ ਕਹਤੇ ਤ੍ਰਿਪਤਿ ਨ ਭਈਆ ॥੪॥ ਮੈਂ ਸਤਸੰਗਤ ਨਾਲ ਮਿਲ ਕੇ ਮੈਂ ਪਰਮ ਪਦ ਪਾ ਲਿਆ ਹੈ, ਮੈਂ ਅਰਿੰਡ ਅਤੇ ਢੱਕ ਦੇ ਬੂਟੇ ਵਾਂਗ ਨਿਕੰਮਾ ਸਾਂ, ਪਰ ਹਰੀ ਰੂਪ ਚੰਦਨ ਦੀ ਸੰਗਤ ਨੇ ਮੈਨੂੰ ਸੁਗੰਧੀ (ਹਰੀ ਦੀ ਸਿਫਤ ਸਲਾਹ) ਵਾਲਾ ਬਣਾ ਦਿਤਾ।੧।(ਹੇ ਭਾਈ!) ਜਗਤ ਦਾ ਮਾਲਕ ਜੋ ਪਿਛੇ ਵੀ ਸੀ, ਜਗਤ ਦਾ ਈਸ਼੍ਵਰ ਹੁਣ ਵੀ ਹੈ ਅਤੇ ਧਰਤੀ ਦਾ ਮਾਲਕ ਪ੍ਰਭੂ ਜੋ ਭਵਿੱਖ ਵਿਚ ਵੀ ਰਹੇਗਾ, (ਤੂੰ ਉਸ ਨੂੰ) ਜਪਿਆ ਕਰ।(ਜਿਹੜੇ ਮਨੁੱਖ) ਪ੍ਰਭੂ ਦੀ ਸਰਣ ਵਿਚ ਪੈ ਗਏ ਹਨ, ਉਹ ਮਨੁੱਖ (ਦੁੱਖਾਂ ਤੋਂ) ਬਚ ਗਏ ਹਨ, ਜਿਵੇਂ ਪ੍ਰਹਿਲਾਦ ਨੂੰ (ਦੁੱਖਾਂ ਤੋਂ) ਬਚਾ ਕੇ (ਪ੍ਰਭੂ ਨੇ ਅਪਣੇ ਚਰਨਾਂ ਵਿਚ) ਸਮਾ ਲਿਆ ਸੀ।੧।ਰਹਾਉ। (ਹੇ ਭਾਈ!) ਅਠਾਰਾਂ ਭਾਰ ਬਨਸਪਤੀ ਵਿਚ ਚੰਦਨ ਸਭ ਤੋਂ ਉਤਮ ਹੈ, ਚੰਦਨ ਦੇ ਨੇੜੇ ਖੜ੍ਹੇ ਸਾਰੇ ਬੂਟੇ ਚੰਦਨ ਰੂਪ ਹੋ ਜਾਂਦੇ ਹਨ (ਗੁਰਮੁਖਾਂ ਦੇ ਨੇੜੇ ਰਹਿਣ ਵਾਲੇ ਮਨੁੱਖ ਗੁਰਮੁਖ ਬਣ ਜਾਂਦੇ ਹਨ)। ਝੂਠੇ ਸਾਕਤ ਮਨੁੱਖ ਸੁੱਕੇ ਖੜੇ ਹੋਏ ਦਰੱਖਤ ਵਾਂਗ ਹਨ (ਸ਼ੁੱਭ ਗੁਣਾਂ ਦੀ ਹਰਿਆਵਲ ਤੋਂ ਰਹਿਤ ਅਤੇ ਕਠੋਰ ਚਿਤ ਹਨ, ਕਿਉਂਕਿ ਉਨ੍ਹਾਂ ਦੇ) ਮਨ ਵਿਚ ਹੰਕਾਰ ਹੈ, (ਇਸ ਕਰਕੇ ਉਹ ਹਰੀ ਤੋਂ) ਵਿਛੜ ਕੇ ਦੂਰ ਚਲੇ ਗਏ ਹਨ (ਜੋਨੀਆਂ ਵਿਚ ਭਟਕਦੇ ਹਨ)।੨।(ਹੇ ਭਾਈ!) ਰਚਨਹਾਰ ਹਰੀ ਆਪ ਹੀ ਹਰੇਕ ਜੀਵ ਦੀ ਹਾਲਤ ਤੇ ਮਰਿਆਦਾ ਜਾਣਦਾ ਹੈ ਅਤੇ (ਜੀਵਾਂ ਦੇ ਜਿਉਣ ਦੀਆਂ) ਸਾਰੀਆਂ ਵਿਧੀਆਂ ਹਰੀ ਆਪ ਹੀ ਬਣਾਉਣ ਵਾਲਾ ਹੈ। ਜਿਸ ਮਨੁੱਖ ਨੂੰ ਸਤਿਗੁਰੂ ਮਿਲ ਪਵੇ, ਉਹ ਸੋਨਾ (ਉਚੇ ਜੀਵਨ ਵਾਲਾ ਅਮੋਲਕ) ਹੋ ਜਾਂਦਾ ਹੈ, ਜੋ ਧੁਰ ਤੋਂ ਲੇਖ ਲਿਖਿਆ ਹੋਵੇ, ਉਹ ਕਿਸੇ ਦੇ ਮਿਟਾਇਆਂ ਮਿਟ ਨਹੀਂ ਸਕਦਾ (ਲਿਖੇ ਲੇਖ ਅਨੁਸਾਰ ਹੀ ਜੀਵ ਚੰਗਾ ਜਾਂ ਬੁਰਾ ਬਣਦਾ ਹੈ)।੩।(ਹੇ ਭਾਈ! ਸਤਿਗੁਰੂ ਦੇ ਪਾਸ) ਸਮੁੰਦਰ ਦੀ ਨਿਆਈਂ ਭਗਤੀ ਦਾ ਭੰਡਾਰ ਖੁਲ੍ਹਿਆ ਹੋਇਆ ਹੈ, (ਕੋਈ ਵਿਰਲਾ ਮਨੁੱਖ) ਨਾਮ ਰੂਪ ਰਤਨ ਪਦਾਰਥ ਗੁਰੂ ਦੀ ਸਿੱਖਿਆ ਦੁਆਰਾ ਪ੍ਰਾਪਤ ਕਰਦਾ ਹੈ। ਗੁਰੂ ਦੇ ਚਰਨਾਂ ਨਾਲ ਮੇਰੀ ਇਕ ਸ਼ਰਧਾ ਪੈਦਾ ਹੋਈ ਹੈ,(ਉਸ ਸ਼ਰਧਾ ਦੀ ਬਰਕਤ ਕਰਕੇ) ਹਰੀ ਦੇ ਗੁਣ ਉਚਾਰਦਿਆਂ ਮੈਨੂੰ ਤ੍ਰਿਪਤੀ ਨਹੀਂ ਹੁੰਦੀ (ਹਰੀ ਦੇ ਗੁਣ ਗਾਉਂਦਿਆਂ ਰੱਜ ਨਹੀਂ ਆਉਂਦਾ)।੪।

ਪਦਾਰਥ = ਸੀਤਲ–ਠੰਢ ਪਾਉਣ ਵਾਲਾ; ਸ਼ਾਂਤ ਕਰਨ ਵਾਲਾ। ਧਿਆਵਹੁ–ਸਿਮਰੋ। ਵਾਸੁ–ਸੁਗੰਧੀ। ਗੰਧਈਆ–ਸਗੰਧੀ ਵਾਲਾ ਹੋ ਜਾਈਦਾ ਹੈ। ਮਿਲਿ–ਮਿਲ ਕੇ। ਪਰਮ ਪਦੁ–ਸਭ ਤੋਂ ਉਚੀ ਪਦਵੀ। ਹਿਰਡ–ਅਰਿੰਡ। ਪਲਾਸ–ਪਲਾਹ (ਢੱਕ) ਦਾ ਬੂਟਾ। ਸੰਗਿ–ਸੰਗਤ ਨੇ। ਬੁਹੀਆ–ਸੁਗੰਧੀ ਵਾਲਾ ਬਣਾ ਦਿਤਾ।੧। ਜਪਿ–ਜਪਿਆ ਕਰ। ਜਗੰਨਾਥ–ਜਗਤ ਦਾ ਮਾਲਕ। ਜਗਦੀਸ–ਜਗਤ ਦਾ ਈਸ਼ਵਰ। ਗੁਸਈਆ–ਧਰਤੀ ਦਾ ਮਾਲਕ। ਸਰਣਿ ਪਰੇ–ਸ਼ਰਣ ਵਿਚ ਪਏ ਹਨ। ਸੇਈ ਜਨ–ਉਹ ਮਨੁੱਖ। ਉਬਰੇ–ਬਚ ਗਏ। ਉਧਾਰਿ –ਬਚਾ ਕੇ। ਸਮਈਆ–ਸਮਾ (ਮਿਲਾ) ਲਿਆ।੧।ਰਹਾਉ। ਭਾਰ ਅਠਾਰਹ–ਅਠਾਰਾਂ ਪੰਡਾਂ, ਭਾਵ ਸਾਰੀ ਬਨਸਪਤੀ (ਪੁਰਾਣਾ ਖਿਆਲ ਹੈ ਕਿ ਹਰੇਕ ਬੂਟੇ ਦਾ ਇਕ ਇਕ ਪੱਤਾ ਇਕੱਠਾ ਕਰਕੇ ਤੋਲੀਏ, ਤਾਂ ੧੮ ਭਾਰ ਵਜਨ ਹੁੰਦਾ ਹੈ, ਇਕ ਭਾਰ ਪੰਜ ਮਣ ਕੱਚਾ ਭਾਵ ੮੦ ਕਿਲੋ ਦੇ ਬਰਾਬਰ ਦਾ ਹੈ)। ਮਹਿ–ਵਿਚ। ਨਿਕਟਿ–ਨੇੜੇ। ਹੁਈਆ–ਹੋ ਜਾਂਦੇ ਹਨ। ਸਾਕਤ–ਰੱਬ ਤੋਂ ਟੁੱਟੇ ਮਨੁੱਖ। ਕੂੜੇ–ਝੂਠੇ। ਊਭ ਸੁਕ ਹੂਏ–(ਧਰਤੀ ਉਤੇ) ਖੜ੍ਹੇ ਹੋਏ ਸੁੱਕੇ ਦਰੱਖਤ। ਮਨਿ–ਮਨ ਵਿਚ। ਵਿਛੁੜਿ–ਵਿਛੜ ਕੇ। ਦੂਰਿ ਗਈਆ–ਦੂਰ ਚਲੇ ਗਏ ਹਨ।੨। ਗਤਿ–ਹਾਲਤ। ਮਿਤਿ–ਮਰਿਆਦਾ। ਕਰਤਾ–ਰਚਨਹਾਰ। ਬਿਧਿ–ਤਰੀਕਾ। ਬਨਈਆ–ਬਣਾਉਣ ਵਾਲਾ। ਭੇਟੇ–ਮਿਲ ਪਵੇ। ਸੁ–ਉਹ। ਕੰਚਨੁ–ਸੋਨਾ। ਧੁਰਿ–ਧੁਰ ਦਰਗਾਹ ਤੋਂ। ਮਿਟਈਆ–(ਕਿਦੇ ਦੇ) ਮਿਟਾਇਆਂ।੩। ਰਤਨ–ਨਾਮ ਰੂਪ ਰਤਨ। ਗੁਰਮਤਿ–ਗੁਰੂ ਦੀ ਸਿੱਖਿਆ ਰਾਹੀਂ। ਪਾਵੈ–ਪ੍ਰਾਪਤ ਕਰਦਾ ਹੈ। ਸਾਗਰ–ਸਮੁੰਦਰ। ਖੁਲ੍ਹਈਆ–ਖੋਲ੍ਹਿਆ ਹੈ। ਉਪਜੀ–ਪੈਦਾ ਹੋਈ

ਹੈ। ਕਹਤੇ–ਉਚਾਰਦਿਆਂ। ਤ੍ਰਿਪਤਿ–ਰੱਜ। ਨ ਭਾਈਆ–ਨਹੀਂ ਹੁੰਦਾ।੪।

ਪਰਮ ਬੈਰਾਗੁ ਨਿਤ ਨਿਤ ਹਰਿ ਧਿਆਏ, ਮੈ ਹਰਿ ਗੁਣ ਕਹਤੇ ਭਾਵਨੀ ਕਹੀਆ ॥ ਬਾਰ ਬਾਰ ਖਿਨੁ ਖਿਨੁ ਪਲੁ ਕਹੀਐ, ਹਰਿ ਪਾਰੁ ਨ ਪਾਵੈ ਪਰੈ ਪਰਈਆ ॥੫॥ ਸਾਸਤ ਬੇਦ ਪੁਰਾਣ ਪੁਕਾਰਹਿ, ਧਰਮੁ ਕਰਹੁ ਖਟੁ ਕਰਮ ਦ੍ਰਿੜਈਆ ॥ ਮਨਮੁਖਿ ਪਾਖੰਡਿ ਭਰਮਿ ਵਿਗੂਤੇ, ਲੋਭ ਲਹਰਿ ਨਾਵ ਭਾਰਿ ਬੁਡਈਆ ॥੬॥ ਨਾਮੁ ਜਪਹੁ ਨਾਮੇ ਗਤਿ ਪਾਵਹੁ ,ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ ॥ ਹਉਮੈ ਜਾਇ ਤ ਨਿਰਮਲੁ ਹੋਵੈ, ਗੁਰਮੁਖਿ ਪਰਚੈ ਪਰਮ ਪਦੁ ਪਈਆ ॥੭॥ ਇਹੁ ਜਗੁ ਵਰਨੁ ਰੂਪੁ ਸਭੁ ਤੇਰਾ, ਜਿਤੁ ਲਾਵਹਿ ਸੇ ਕਰਮ ਕਮਈਆ ॥ ਨਾਨਕ ਜੰਤ ਵਜਾਏ ਵਾਜਹਿ, ਜਿਤੁ ਭਾਵੈ ਤਿਤੁ ਰਾਹਿ ਚਲਈਆ ॥੮॥੨॥੫॥ (ਹੇ ਭਾਈ!) ਹਰ ਰੋਜ ਹਰੀ ਨੂੰ ਧਿਆਉਣ ਨਾਲ (ਮੇਰੇ ਹਿਰਦੇ ਅੰਦਰ) ਸਭ ਤੋਂ ਉਚਾ ਬੈਰਾਗ ਪੈਦਾ ਹੋਇਆ ਹੈ, ਹਰੀ ਦੇ ਗੁਣ ਕਹਿੰਦਿਆਂ (ਜੋ ਮੇਰੇ ਅੰਦਰ) ਪਿਆਰ ਹੋਇਆ ਹੈ; ਸ਼ਰਧਾ ਬਣੀ ਹੈ, ਮੈਂ ਉਹ ਹਾਲ ਦਸਿਆ ਹੈ। ਬਾਰ ਬਾਰ, ਖਿਨ ਖਿਨ, ਪਲ ਪਲ (ਹਰ ਸਮੇਂ) ਹਰੀ ਦਾ ਨਾਮ ਉਚਾਰਨਾ ਚਾਹੀਦਾ ਹੈ, (ਕੋਈ ਵੀ ਮਨੁੱਖ ਉਸ ਦਾ) ਪਾਰਲਾ ਬੰਨਾ ਪ੍ਰਾਪਤ ਨਹੀਂ ਕਰ ਸਕਦਾ, (ਕਿਉਂਕਿ ਉਹ) ਪਰੇ ਤੋਂ ਪਰੇ ਹੈ ।ਛੇ ਸ਼ਾਸਤ੍ਰ ,ਚਾਰ ਬੇਦ ਅਤੇ ਅਠਾਰਾਂ ਪੁਰਾਣ ਵੀ ਇਹੋ ਹੀ ਪੁਕਾਰਦੇ ਹਨ ਕਿ ਧਰਮ ਕਮਾਇਆ ਕਰੋ, (ਪਰ ਉਹ ਗ੍ਰੰਥ) ਛੇ ਧਾਰਮਕ ਕਰਮ ਦ੍ਰਿੜ ਕਰਾਉਂਦੇ ਹਨ। ਮਨਮੁਖ ਪਖੰਡ ਵਿਚ, ਭਰਮ ਵਿਚ ਲਗ ਕੇ ਖਰਾਬ ਹੋ ਰਹੇ ਹਨ, (ਉਨ੍ਹਾਂ ਦੇ) ਜੀਵਨ ਦੀ ਬੇੜੀ ਪਾਪਾਂ ਦੇ ਭਾਰ ਨਾਲ ਲੋਭ ਦੀ ਲਹਿਰ ਵਿਚ ਡੁਬ ਰਹੀ ਹੈ।੬।(ਹੇ ਭਾਈ! ਤੁਸੀਂ ਸਾਰੇ) ਹਰੀ ਦਾ ਨਾਮ ਜਪੋ, ਨਾਮ ਦੇ ਰਾਹੀਂ ਮੁਕਤੀ ਪਾ ਲਵੋਂਗੇ, ਸਿਮ੍ਰਤੀਆ ਅਤੇ ਸਾਸ਼ਤ੍ਰ ਵੀ ਨਾਮ ਹੀ ਦ੍ਰਿੜ ਕਰਾਉਂਦੇ ਹਨ।(ਜਦੋਂ ਮਨੁੱਖ ਦਾ ਮਨ) ਗੁਰੂ ਦੇ ਰਾਹੀਂ ਨਾਮ ਵਿਚ ਪਰਚ ਜਾਂਦਾ ਹੈ, ਤਾਂ (ਉਸ ਦੀ) ਹਉਮੈ ਚਲੇ ਜਾਂਦੀ ਹੈ, (ਉਹ) ਪਵਿਤ੍ਰ ਹੋ ਜਾਂਦਾ ਹੈ ਅਤੇ ਪਰਮ ਪਦ ਪਾ ਲੈਂਦਾ ਹੈ। ੭।(ਹੇ ਪ੍ਰਭੂ!) ਇਹ ਜਗਤ, (ਇਸ ਦਾ) ਰੰਗ ਰੂਪ ਸਭ ਤੇਰਾ ਹੀ ਬਣਾਇਆ ਹੋਇਆ ਹੈ, (ਜਗਤ ਵਿਚ ਜੀਵਾਂ ਨੂੰ ਤੂੰ) ਜਿਸ ਕੰਮ ਵਿਚ ਲਾਉਂਦਾ ਹੈ, (ਉਹ ਜੀਵ) ਉਹ ਹੀ ਕਰਮ ਕਮਾਉਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਜੀਵ ਰੂਪ ਵਾਜੇ ਤੇਰੇ ਵਜਾਏ ਹੀ ਵਜਦੇ ਹਨ, ਜਿਸ ਰਸਤੇ ਤੂੰ (ਉਨ੍ਹਾਂ ਨੂੰ) ਤੋਰਨਾ ਚਾਹੁੰਦਾ ਹੈਂ, (ਉਹ) ਉਸੇ ਰਸਤੇ ਚਲਦੇ ਹਨ।੮।੨।੫।

ਪਦਾਰਥ = ਪਰਮ ਬੈਰਾਗੁ–ਸਭ ਤੋਂ ਉਚਾ ਵੈਰਾਗ। ਨਿਤ–ਹਰ ਰੋਜ; ਸਦਾ। ਭਾਵਨੀ–ਪ੍ਰੇਮ। ਕਹੀਆ–ਦੱਸਿਆ ਹੈ। ਕਹੀਐ–ਕਹਿਣਾ ਚਾਹੀਦਾ ਹੈ। ਪਾਰੁ–ਪਾਰਲਾ ਕੰਢਾ। ਨ ਪਾਵੈ–ਪ੍ਰਾਪਤ ਨਹੀਂ ਕਰ ਸਕਦਾ। ਪਰੈ ਪਰਈਆ–ਪਰੇ ਤੋਂ ਪਰੇ।੫। ਪੁਕਾਰਹਿ–ਪਕਾਰਦੇ ਹਨ। ਖਟੁ ਕਰਮ–ਛੇ ਧਾਰਮਕ ਕਰਮ (ਹਵਨ, ਜਪ, ਸੰਧਿਆ, ਇਸ਼ਨਾਨ, ਦੇਵ ਪੂਜਾ, ਅਥਿਤ ਪੂਜਾ)। ਦ੍ਰਿੜਈਆ–ਦ੍ਰਿੜਾਉਂਦੇ ਹਨ। ਭਰਮਿ–ਭਰਮ ਵਿਚ। ਵਿਗੂਤੇ–ਖਰਾਬ ਹੁੰਦੇ ਹਨ। ਲੋਭ ਲਹਰਿ–ਲੋਭ ਦੀ ਲਹਿਰ ਵਿਚ। ਨਾਵ–ਬੇੜੀ। ਭਾਰਿ ਬੁਡਈਆ–ਭਾਰ ਨਾਲ ਡੁਬ ਰਹੀ ਹੈ।੬। ਨਾਮੇ–ਨਾਮ ਦੇ ਰਾਹੀਂ। ਗਤਿ–ਮੁਕਤੀ। ਪਾਵਹੁ–ਪਾ ਲਵੋਂਗੇ। ਜਾਇ–ਚਲੇ ਜਾਂਦੀ ਹੈ। ਨਿਰਮਲੁ–ਪਵਿਤ੍ਰ। ਗੁਰਮੁਖਿ ਪਰਚੈ–ਗੁਰੂ ਰਾਹੀਂ ਨਾਮ ਵਿਚ ਪਰਚ (ਗਿੱਝ) ਜਾਂਦਾ ਹੈ। ਪਰਮ ਪਦੁ–ਸਭ ਤੋਂ ਉਚੀ ਪਦਵੀ। ਪਈਆ–ਪਾ ਪੈਂਦਾ ਹੈ।੭। ਜਗੁ–ਜਗਤ। ਵਰਨੁ–ਰੰਗ। ਰੂਪੁ–ਅਕਾਰ। ਜਿਤੁ ਲਾਵਹਿ–ਜਿਸ ਕੰਮ ਵਿਚ ਤੂੰ ਲਾਉਂਦਾ ਹੈਂ। ਸੇ–ਉਹ। ਕਰਮ ਕਮਈਆ–ਕੰਮ ਕਰਦੇ ਹਨ। ਜੰਤ–ਜੀਵ। ਵਾਜਹਿ–ਵਜਦੇ ਹਨ। ਭਾਵੈ–ਚਾਹੁੰਦਾ ਹੈਂ। ਤਿਤੁ ਰਾਹਿ–ਉਸ ਰਸਤੇ। ਚਲਈਆ–ਚਲਦੇ ਹਨ।੮।੨।੫।

ਬਿਲਾਵਲੁ ਮਹਲਾ ੪ ॥ ਗੁਰਮੁਖਿ ਅਗਮ ਅਗੋਚਰੁ ਧਿਆਇਆ, ਹਉ ਬਲਿ ਬਲਿ ਸਤਿਗੁਰ ਸਤਿ ਪੁਰਖਈਆ ॥ ਰਾਮ ਨਾਮੁ ਮੇਰੈ ਪ੍ਰਾਣਿ ਵਸਾਏ, ਸਤਿਗੁਰ ਪਰਸਿ ਹਰਿ ਨਾਮਿ ਸਮਈਆ ॥੧॥ ਜਨ ਕੀ ਟੇਕ ਹਰਿ ਨਾਮੁ ਟਿਕਈਆ ॥ ਸਤਿਗੁਰ ਕੀ ਧਰ ਲਾਗਾ ਜਾਵਾ, ਗੁਰ ਕਿਰਪਾ ਤੇ ਹਰਿ ਦਰੁ ਲਹੀਆ ॥੧॥ਰਹਾਉ॥ ਇਹੁ ਸਰੀਰੁ ਕਰਮ ਕੀ ਧਰਤੀ, ਗੁਰਮੁਖਿ ਮਥਿ ਮਥਿ ਤਤੁ ਕਢਈਆ ॥ ਲਾਲੁ ਜਵੇਹਰ ਨਾਮੁ ਪ੍ਰਗਾਸਿਆ, ਭਾਂਡੈ ਭਾਉ ਪਵੈ ਤਿਤੁ ਅਈਆ ॥੨॥ ਦਾਸਨਿ ਦਾਸ ਦਾਸ ਹੋਇ ਰਹੀਐ, ਜੋ ਜਨ ਰਾਮ ਭਗਤ ਨਿਜ ਭਈਆ ॥ ਮਨੁ ਬੁਧਿ ਅਰਪਿ ਧਰਉ ਗੁਰ ਆਗੈ, ਗੁਰ ਪਰਸਾਦੀ ਮੈ ਅਕਥੁ ਕਥਈਆ ॥੩॥ ਮਨਮੁਖ ਮਾਇਆ ਮੋਹਿ ਵਿਆਪੇ, ਇਹੁ ਮਨੁ ਤ੍ਰਿਸਨਾ ਜਲਤ ਤਿਖਈਆ ॥ ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ, ਅਗਨਿ ਬੁਝੀ ਗੁਰ ਸਬਦਿ ਬੁਝਈਆ ॥੪॥ (ਹੇ ਭਾਈ!) ਮੈਂ ਗੁਰੂ ਦੁਆਰਾ ਮਨ ਬਾਣੀ ਦੀ ਪਹੁੰਚ ਤੋਂ ਪਰੇ, ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਪ੍ਰਭੂ ਨੂੰ ਸਿਮਰਿਆ ਹੈ, ਮੈਂ ਸਤ ਪੁਰਖ ਸਤਿਗੁਰੂ ਤੋਂ ਮਨ ਤਨ ਕਰਕੇ ਬਲਿਹਾਰ ਜਾਂਦਾ ਹਾਂ।(ਸਤਿਗੁਰੂ ਨੇ) ਪ੍ਰਮਾਤਮਾ ਦਾ ਨਾਮ ਮੇਰੇ ਪ੍ਰਾਣਾਂ ਵਿਚ ਵਸਾ ਦਿਤਾ ਹੈ ਅਤੇ ਮੈਂ ਸਤਿਗੁਰੂ ਨੂੰ ਪਰਸ ਕੇ ਹਰੀ ਦੇ ਨਾਮ ਵਿਚ ਮਿਲ ਗਿਆ ਹਾਂ।੧।(ਹੇ ਭਾਈ!) ਦਾਸ ਦੀ ਟੇਕ ਹਰੀ ਦੇ ਨਾਮ ਉਤੇ ਟਿਕੀ ਹੋਈ ਹੈ। ਮੈਂ ਸਤਿਗੁਰੂ ਦੀ ਤਰਫ ਲਗਾ ਜਾ ਰਿਹਾ ਹਾਂ, ਗੁਰੂ ਦੀ ਕ੍ਰਿਪਾ ਨਾਲ ਮੈਂ ਹਰੀ ਦਾ ਦਰ ਲੱਭ ਲਿਆ ਹੈ।

੧।ਰਹਾਉ।(ਹੇ ਭਾਈ!) ਇਹ ਮਨੁੱਖਾ ਸਰੀਰ ਕਰਮ ਰੂਪ ਬੀਜ ਬੀਜਣ ਦੀ ਧਰਤੀ ਹੈ, ਗੁਰਮੁਖਾਂ ਨੇ (ਗੁਰੂ ਦੀ ਸ਼ਰਣ ਪੈ ਕੇ ਇਸ ਸਰੀਰ ਵਿਚ ਨਿਸ਼ਕਾਮ ਰੂਪ ਦੁੱਧ) ਰਿੜਕ ਕੇ ਗਿਆਨ ਰੂਪ ਮੱਖਣ ਕੱਢ ਲਿਆ ਹੈ।(ਗੁਰੂ ਦੀ ਸ਼ਰਣ ਪੈ ਕੇ) ਜਿਸ ਹਿਰਦੇ ਰੂਪ ਭਾਂਡੇ ਵਿਚ ਲਾਲ ਜਵੇਹਰ ਤੋਂ ਵੀ ਅਮੋਲਕ ਹਰੀ ਦਾ ਨਾਮ ਪ੍ਰਗਟ ਹੋਇਆ ਹੈ, (ਹਰੀ ਦਾ) ਪ੍ਰੇਮ ਉਸ ਹਿਰਦੇ ਵਿਚ ਆ ਪੈਂਦਾ ਹੈ।੨।(ਹੇ ਭਾਈ!) ਜਿਹੜੇ ਮਨੁੱਖ ਪ੍ਰਮਾਤਮਾ ਦੇ ਅਪਨੇ ਪਿਆਰੇ ਭਗਤ ਹੋ (ਬਣ) ਗਏ ਹਨ, ਉਸ ਦੇ ਦਾਸਾਂ ਦੇ ਦਾਸ ਹੋ ਕੇ ਰਹਿਣਾ ਚਾਹੀਦਾ ਹੈ।ਮੈਂ ਅਪਣਾ ਮਨ, ਅਪਣੀ ਬੁੱਧੀ ਗੁਰੂ ਦੇ ਅੱਗੇ ਭੇਟਾ ਕਰਕੇ ਧਰਦਾ ਹਾਂ ਅਤੇ ਗੁਰੂ ਦੀ ਕਿਰਪਾ ਨਾਲ ਮੈਂ ਅਕੱਥ ਪ੍ਰਭੂ ਦੀ ਸਿਫਤ ਸਲਾਹ ਕਰਦਾ ਹਾਂ।੩।ਮਨਮੁਖ ਲੋਕ ਮਾਇਆ ਦੇ ਮੋਹ ਵਿਚ ਫਸੇ ਹੋਏ ਹਨ, ਉਨ੍ਹਾਂ ਦਾ ਇਹ ਮਨ ਤ੍ਰਿਸ਼ਨਾ ਦੀ ਅੱਗ ਵਿਚ ਜਲਦਾ ਹੋਇਆ ਪਿਆਸਾ ਹੀ ਰਹਿੰਦਾ ਹੈ।(ਜਿਸ ਮਨੁੱਖ ਨੇ) ਗੁਰੂ ਦੀ ਸਿੱਖਿਆ ਦੁਆਰਾ ਨਾਮ ਰੂਪ ਜਲ ਪਾਇਆ ਹੈ, (ਉਸ ਦੀ) ਤ੍ਰਿਸ਼ਨਾ ਦੀ ਅੱਗ ਬੁਝ ਗਈ ਹੈ, (ਇਹ ਅੱਗ) ਗੁਰੂ ਦੇ ਸ਼ਬਦ ਨੇ ਬੁਝਾਈ ਹੈ।੪।

ਪਦਾਰਥ = ਗੁਰਮੁਖਿ–ਗੁਰੂ ਰਾਹੀਂ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਗੋਚਰੁ–ਇੰਦੀਆਂ ਦੀ ਪਹੁੰਚ ਤੋਂ ਪਰੇ।ਹਉ–ਮੈਂ। ਬਲਿ–ਕੁਰਬਾਨ।ਸਤਿ ਪੁਰਖਈਆ–ਮਹਾਂ ਪੁਰਖ।ਪ੍ਰਾਣਿ–ਪ੍ਰਾਣਾਂ ਵਿਚ।ਪਰਸਿ–ਛੋਹ ਕੇ।ਨਾਮਿ–ਨਾਮ ਵਿਚ।ਸਮਈਆ–ਮਿਲ ਗਿਆ ਹਾਂ।੧।ਜਨ ਕੀ–ਦਾਸ ਦੀ।ਟੇਕ–ਆਸਰਾ।ਟਿਕਈਆ–ਟਿਕੀ ਹੋਈ ਹੈ।ਧਰ–ਆਸਰਾ; ਤਰਫ (ਪਾਸੇ)।ਲਾਗਾ ਜਾਵਾ–ਲਗਾ ਜਾ ਰਿਹਾ ਹਾਂ।ਤੇ–ਤੋਂ; ਨਾਲ।ਲਹੀਆ–ਲੱਭ ਲਿਆ ਹੈ।੧।ਰਹਾਉ।ਮਥਿ–ਰਿੜਕ (ਵਿਚਾਰ) ਕੇ।ਤਤੁ–ਮੱਖਣ (ਆਤਮਾ ਦੀ ਉਚੀ ਅਵਸਥਾ)।ਕਢਈਆ–ਕੱਢ ਲਿਆ ਹੈ।ਪ੍ਰਗਾਸਿਆ–ਪ੍ਰਗਟ ਹੋਇਆ ਹੈ।ਭਾਂਡੈ–ਹਿਰਦੇ ਰੂਪ ਭਾਂਡੇ ਵਿਚ।ਭਾਉ–ਪ੍ਰੇਮ। ਤਿਤੁ–ਉਸ ਵਿਚ।ਪਵੈ ਅਈਆ–ਆ ਪੈਂਦਾ ਹੈ।੨।ਹੋਇ ਰਹੀਐ–ਹੋ ਕੇ ਰਹਿਣਾ ਚਾਹੀਦਾ ਹੈ।ਜੋ ਜਨ–ਜਿਹੜੇ ਮਨੁੱਖ।ਨਿਜ–ਅਪਣੇ।ਭਈਆ–ਭਈ+ਆ–ਹੋ ਗਏ ਹਨ।ਅਰਪਿ ਧਰਉ–ਭੇਟਾ ਕਰਕੇ ਧਰਦਾ ਹਾਂ।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਅਕਥੁ–ਨਾ ਕਥੇ ਜਾ ਸਕਣ ਵਾਲਾ ਪ੍ਰਭੂ।ਕਥਈਆ–ਕਥਨ ਕਰਦਾ ਹਾਂ।੩।ਮੋਹਿ–ਮੋਹ ਵਿਚ।ਵਿਆਪੇ–ਫਸੇ ਹੋਏ ਹਨ।ਜਲਤ–ਸੜਦਾ ਹੋਇਆ।ਤਿਖਈਆ–ਪਿਆਸਾ।ਗੁਰਮਤਿ–ਗੁਰੂ ਦੀ ਸਿੱਖਿਆ।ਸਬਦਿ–ਸ਼ਬਦ ਨੇ।ਬੁਝਈਆ–ਬੁਝਾਈ ਹੈ।੪।

ਇਹੁ ਮਨੁ ਨਾਚੈ ਸਤਿਗੁਰ ਆਗੈ, ਅਨਹਦ ਸਬਦ ਧੁਨਿ ਤੂਰ ਵਜਈਆ ॥ (ਗੁਰਮੁਖ ਦਾ) ਇਹ ਮਨ ਸਤਿਗੁਰੂ ਦੇ ਅੱਗੇ ਨੱਚਦਾ (ਗੁਰੂ ਦੀ ਆਗਿਆ ਵਿਚ ਚਲਦਾ) ਹੈ, ਅਤੇ (ਉਸ ਦੇ ਹਿਰਦੇ ਵਿਚ) ਸ਼ਬਦ ਦੀ ਧੁਨੀ ਦੇ ਇਕ ਰਸ ਵਾਜੇ ਵਜਦੇ ਹਨ।

ਅੰਗ ੮੩੫ = ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ, ਰਖਿ ਰਖਿ ਚਰਣ ਹਰਿ ਤਾਲ ਪੂਰਈਆ ॥੫॥ ਹਰਿ ਕੈ ਰੰਗਿ ਰਤਾ ਮਨੁ ਗਾਵੈ, ਰਸਿ ਰਸਾਲ ਰਸਿ ਸਬਦੁ ਰਵਈਆ ॥ ਨਿਜ ਘਰਿ ਧਾਰ ਚੁਐ ਅਤਿ ਨਿਰਮਲ, ਜਿਨਿ ਪੀਆ ਤਿਨ ਹੀ ਸੁਖੁ ਲਹੀਆ ॥੬॥ ਮਨ ਹਠਿ ਕਰਮ ਕਰੈ ਅਭਿਮਾਨੀ, ਜਿਉ ਬਾਲਕ ਬਾਲੂ ਘਰ ਉਸਰਈਆ ॥ ਆਵੈ ਲਹਰਿ ਸਮੁੰਦ ਸਾਗਰ ਕੀ, ਖਿਨ ਮਹਿ ਭਿੰਨ ਭਿੰਨ ਢਹਿ ਪਈਆ ॥੭॥ ਹਰਿ ਸਰੁ ਸਾਗਰੁ ਹਰਿ ਹੈ ਆਪੇ, ਇਹੁ ਜਗੁ ਹੈ ਸਭੁ ਖੇਲੁ ਖੇਲਈਆ ॥ ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ, ਨਾਨਕ ਆਪੇ ਆਪਿ ਰਮਈਆ ॥੮॥੩॥੬॥ (ਗੁਰਮੁਖ) ਦਿਨ ਰਾਤ ਹਰਿ ਹਰਿ ਨਾਮ ਦੀ ਉਸਤਤੀ ਕਰਦਾ ਹੈ ਅਤੇ ਪੈਰ ਰਖ ਰਖ ਕੇ ਹਰਿ ਹਰਿ ਨਾਮ ਦੇ ਤਾਲ ਪੂਰਦਾ ਹੈ (ਮਨ ਨੂੰ ਵਾਸ਼ਨਾਵਾਂ ਵੱਲੋਂ ਰੋਕ ਕੇ ਸੁਰ ਤਾਲ ਵਿਚ ਕੀਰਤਨ ਕਰਦਾ ਹੈ)।੫।ਹਰੀ ਦੇ ਪ੍ਰੇਮ ਰੰਗ ਵਿਚ ਰੰਗਿਆ ਹੋਇਆ (ਗੁਰਮੁਖ ਦਾ) ਮਨ ਹਰੀ ਦਾ ਜਸ ਗਾਉਂਦਾ ਹੈ, ਹਰੀ ਦੇ ਪ੍ਰੇਮ ਵਿਚ ਸੁਆਦ ਨਾਲ (ਗੁਰੂ ਦੇ) ਸ਼ਬਦ ਨੂੰ ਉਚਾਰਦਾ ਹੈ।(ਉਸ ਦੇ) ਅਪਣੇ ਹਿਰਦੇ ਘਰਿ ਵਿਚ (ਨਾਮ ਅੰਮ੍ਰਿਤ ਦੀ) ਬਹੁਤ ਪਵਿਤ੍ਰ ਧਾਰ ਚੋਂਦੀ ਹੈ ,ਜਿਸ ਮਨੁੱਖ ਨੇ (ਇਸ ਨਾਮ ਅੰਮ੍ਰਿਤ ਦੀ ਧਾਰ ਨੂੰ) ਪੀਤਾ ਹੈ, ਉਸ ਨੇ ਹੀ ਸੁਖ ਪ੍ਰਾਪਤ ਕੀਤਾ ਹੈ।੬।(ਹੇ ਭਾਈ!) ਹੰਕਾਰੀ ਮਨੁੱਖ ਮਨ ਦੇ ਹਠ ਨਾਲ ਜੋ ਵੀ ਕਰਮ ਕਰਦਾ ਹੈ, (ਉਹ ਇਸ ਤਰ੍ਹਾਂ ਨਿਸਫਲ ਹੈ) ਜਿਵੇਂ ਬੱਚੇ (ਸਮੁੰਦਰ ਦੇ ਕਿਨਾਰੇ) ਰੇਤ ਦਾ ਘਰ ਉਸਾਰ ਲੈਂਦੇ ਹਨ।(ਜਦੋਂ) ਸਮੁੰਦਰ ਦੇ ਪਾਣੀ ਦੀ ਲਹਿਰ ਆਉਂਦੀ ਹੈ, ਇਕ ਖਿਨ ਵਿਚ ਹੀ (ਰੇਤ ਦੇ ਘਰ) ਵੱਖ ਵੱਖ ਹੋ ਕੇ ਢਹਿ ਪੈਂਦੇ ਹਨ।੭।(ਹੇ ਭਾਈ!) ਹਰੀ ਆਪ ਹੀ ਸਮੁੰਦਰ ਰੂਪ ਹੈ, ਆਪ ਹੀ ਸਰੋਵਰ ਰੂਪ ਹੈ (ਸਾਰੇ ਜੀਵ ਉਸ ਸਮੁੰਦਰ ਦੀਆਂ ਲਹਿਰਾਂ ਹਨ), ਇਹ ਸਾਰਾ ਜਗਤ (ਉਸ ਦਾ ਇਕ) ਖੇਲ ਖੇਲ੍ਹਿਆ ਹੋਇਆ ਹੈ।ਜਿਵੇਂ ਸਮੁੰਦਰ ਦੇ ਪਾਣੀ ਦੀਆਂ ਲਹਿਰਾਂ ਸਮੁੰਦਰ ਦਾ ਪਾਣੀ ਹੀ ਹਨ, (ਲਹਿਰਾਂ) ਪਾਣੀ ਵਿਚ ਹੀ ਮਿਲ ਜਾਂਦੀਆਂ ਹਨ, ਨਾਨਕ ਗੁਰੂ ਜੀ ਆਖਦੇ ਹਨ ਕਿ (ਇਸੇ ਤਰ੍ਹਾਂ ਸਾਰੇ ਬ੍ਰਹਮੰਡ ਵਿਚ) ਸਰਬ ਵਿਆਪਕ ਰਾਮ ਆਪ ਹੀ ਆਪ ਹੈ (ਹੋਰ ਦੂਜਾ ਕੋਈ ਨਹੀਂ)।੮।੩।੬।

ਪਦਰਾਥ = ਨਾਚੈ–ਨੱਚਦਾ (ਆਗਿਆ ਵਿਚ ਚਲਦਾ) ਹੈ।ਅਨਹਦ–ਇਕ ਰਸ; ਲਗਾਤਾਰ।ਧੁਨਿ–ਧੁਨੀ।ਤੂਰ ਵਜਈਆ–ਵਾਜੇ

ਵਜਦੇ ਹਨ। ਰਾਤੀ–ਰਾਤ। ਰਖਿ ਰਖਿ–ਰਖ ਰਖ ਕੇ। ਤਾਲ ਪੂਰਈਆ–ਤਾਲ ਪੂਰਦਾ ਹੈ (ਵਾਜਿਆਂ ਦੀ ਸੁਰ ਨਾਲ ਸੁਰ ਮਿਲਾ ਕੇ ਗਾਉਂਦਾ ਹੈ)।੫। ਕੈ–ਦੇ। ਰੰਗਿ–ਪ੍ਰੇਮ ਰੰਗ ਵਿਚ। ਰਤਾ–ਰੰਗਿਆ ਹੋਇਆ। ਰਸਿ–ਸੁਆਦ ਨਾਲ। ਰਸਾਲ–ਰਸਾਂ ਦਾ ਘਰ ਪ੍ਰਭੂ। ਰਸਿ–ਪ੍ਰੇਮ ਵਿਚ। ਰਵਈਆ–ਉਚਾਰਦਾ ਹੈ। ਨਿਜ ਘਰਿ–ਅਪਣੇ ਹਿਰਦੇ ਘਰ ਵਿਚ। ਚੁਐ–ਚੋਂਦੀ ਰਹਿੰਦੀ ਹੈ। ਅਤਿ ਨਿਰਮਲ–ਬਹੁਤ ਪਵਿਤ੍ਰ। ਜਿਨਿ–ਜਿਸ ਨੇ। ਪੀਆ–ਪੀਤਾ ਹੈ। ਤਿਨ ਹੀ–ਉਸ ਨੇ ਹੀ। ਲਹੀਆ–ਪ੍ਰਾਪਤ ਕੀਤਾ ਹੈ।੬। ਮਨ ਹਠਿ–ਮਨ ਦੇ ਹਠ ਨਾਲ। ਕਰਮ–ਧਾਰਮਕ ਕਰਮ। ਅਭਿਮਾਨੀ–ਹੰਕਾਰੀ ਮਨੁੱਖ। ਬਾਲਕ–ਬੱਚੇ। ਬਾਲੂ–ਰੇਤ ਦਾ। ਉਸਰਈਆ–ਉਸਾਰ ਲੈਂਦੇ ਹਨ। ਖਿਨ ਮਹਿ–ਇਕ ਖਿਨ ਵਿਚ। ਭਿੰਨ ਭਿੰਨ–ਵੱਖ ਵੱਖ ਹੋ ਕੇ। ਢਹਿ ਪਈਆ–ਢਹਿ ਪੈਂਦੇ ਹਨ।੭। ਸਰੁ–ਸਰੋਵਰ। ਸਾਗਰੁ–ਸਮੁੰਦਰ। ਜਗੁ–ਜਗਤ। ਤਰੰਗ–ਲਹਿਰਾਂ। ਜਲਹਿ–ਪਾਣੀ ਵਿਚ। ਸਮਾਵਹਿ–ਮਿਲ ਜਾਂਦੀਆਂ ਹਨ। ਰਮਈਆ–ਵਿਆਪਕ ਪ੍ਰਭੂ।੮।੩।੬।

ਬਿਲਾਵਲੁ ਮਹਲਾ ੪ ॥ ਸਤਿਗੁਰੁ ਪਰਚੈ ਮਨਿ ਮੁੰਦ੍ਰਾ ਪਾਈ, ਗੁਰ ਕਾ ਸਬਦੁ ਤਨਿ ਭਸਮ ਦ੍ਰਿੜਈਆ ॥ ਅਮਰ ਪਿੰਡ ਭਏ ਸਾਧੂ ਸੰਗਿ, ਜਨਮ ਮਰਣ ਦੋਊ ਮਿਟਿ ਗਈਆ ॥੧॥ ਮੇਰੇ ਮਨ, ਸਾਧ ਸੰਗਤਿ ਮਿਲਿ ਰਹੀਆ ॥ ਕ੍ਰਿਪਾ ਕਰਹੁ ਮਧਸੂਦਨ ਮਾਧਉ ,ਮੈ ਖਿਨੁ ਖਿਨੁ ਸਾਧੂ ਚਰਣ ਪਖਈਆ ॥੧॥ਰਹਾਉ॥ ਤਜੈ ਗਿਰਸਤੁ ਭਇਆ ਬਨਵਾਸੀ, ਇਕੁ ਖਿਨੁ ਮਨੂਆ ਟਿਕੈ ਨ ਟਿਕਈਆ ॥ ਧਾਵਤੁ ਧਾਇ ਤਦੇ ਘਰਿ ਆਵੈ, ਹਰਿ ਹਰਿ ਸਾਧੂ ਸਰਣਿ ਪਵਈਆ ॥੨॥ ਧੀਆ ਪੂਤ ਛੋਡਿ ਸੰਨਿਆਸੀ, ਆਸਾ ਆਸ ਮਨਿ ਬਹੁਤੁ ਕਰਈਆ ॥ ਆਸਾ ਆਸ ਕਰੈ ਨਹੀ ਬੂਝੈ, ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ ॥੩॥ ਉਪਜੀ ਤਰਕ ਦਿਗੰਬਰੁ ਹੋਆ, ਮਨੁ ਦਹ ਦਿਸ ਚਲਿ ਚਲਿ ਗਵਨੁ ਕਰਈਆ ॥ ਪ੍ਰਭਵਨੁ ਕਰੈ ਬੂਝੈ ਨਹੀ ਤ੍ਰਿਸਨਾ, ਮਿਲਿ ਸੰਗਿ ਸਾਧ ਦਇਆ ਘਰੁ ਲਹੀਆ ॥੪॥(ਹੇ ਭਾਈ!) ਮਨ ਵਿਚ ਸਤਿਗੁਰੂ ਨੂੰ ਜਾਣਨਾ ਹੈ, (ਇਹ ਅਸੀਂ ਕੰਨਾਂ ਵਿਚ) ਮੁੰਦ੍ਰਾਂ ਪਾਈਆਂ ਹਨ ਅਤੇ (ਮਨ ਵਿਚ ਜੋ) ਗੁਰੂ ਦਾ ਸ਼ਬਦ ਦ੍ਰਿੜ ਕੀਤਾ ਹੈ, (ਉਹ ਅਸੀਂ ਅਪਣੇ) ਸਰੀਰ ਉਤੇ ਸੁਆਹ ਮਲੀ ਹੈ। ਸਾਧ ਗੁਰੂ ਦਾ ਸੰਗ ਕਰਕੇ (ਅਸੀਂ) ਮੌਤ ਰਹਿਤ ਸਰੀਰ ਵਾਲੇ ਹੋ ਗਏ ਹਾਂ, (ਇਸ ਤਰ੍ਹਾਂ ਸਾਡਾ) ਜਨਮ ਤੇ ਮੌਤ ਦੋਵੇਂ ਮਿਟ ਗਏ ਹਨ।੧। ਹੇ ਮੇਰੇ ਮਨ! ਸਾਧ ਸੰਗਤ ਵਿਚ ਮਿਲ ਕੇ ਰਿਹਾ ਕਰ। (ਅਤੇ ਅਰਦਾਸ ਕਰਿਆ ਕਰ ਕਿ) ਹੇ ਮਧੂ ਦੈਂਤ ਨੂੰ ਮਾਰਨ ਵਾਲੇ ਮਾਇਆ ਦੇ ਪਤੀ ਪ੍ਰਮਾਤਮਾ! (ਮੇਰੇ ਉਤੇ) ਕ੍ਰਿਪਾ ਕਰੋ, ਮੈਂ ਹਰੇਕ ਖਿਨ ਸਾਧ ਗੁਰੂ ਦੇ ਚਰਨ ਧੋਂਦਾ ਰਹਾਂ।੧। ਰਹਾਉ। (ਜੋ ਮਨੁੱਖ) ਗ੍ਰਿਸਤ ਨੂੰ ਛਡ ਕੇ ਜੰਗਲ ਦਾ ਵਸਨੀਕ ਹੋ ਗਿਆ ਹੈ, (ਪਰ ਉਸ ਦਾ) ਮਨ ਇਕ ਖਿਨ ਵੀ ਟਿਕਾਇਆ ਟਿਕਦਾ ਨਹੀਂ। ਦੌੜਨ ਵਾਲਾ ਚੰਚਲ ਮਨ (ਜੋ ਹਰ ਵੇਲੇ ਬਾਹਰ) ਦੌੜਦਾ ਹੈ, (ਦੌੜਦਾ ਮਨ) ਤਦ ਹੀ ਉਹ ਅੰਤਰਮੁਖੀ ਘਰ ਵਿਚ ਆਉਂਦਾ ਹੈ (ਟਿਕਦਾ ਹੈ, ਜਦ ਉਹ) ਹਰੀ ਦਾ ਰੂਪ ਸਾਧ ਗੁਰੂ ਦੀ ਸ਼ਰਣ ਵਿਚ ਪੈਂਦਾ ਹੈ।੨। (ਹੇ ਭਾਈ! ਜੇ ਕੋਈ ਮਨੁੱਖ ਅਪਣੇ) ਧੀਆਂ ਪੁਤ੍ਰਾਂ ਨੂੰ ਛਡ ਕੇ ਸੰਨਿਆਸੀ ਬਣ ਜਾਂਦਾ ਹੈ, (ਪਰ ਉਹ) ਮਨ ਵਿਚ ਆਸਾਂ ਬਹੁਤ ਕਰਦਾ ਹੈ। (ਉਹ) ਆਸਾਂ ਕਰਦਾ ਹੈ, (ਉਸ ਦੀ) ਆਸ ਬੁਝਦੀ ਨਹੀਂ; (ਜੀਵਨ ਦੀ ਅਸਲੀਅਤ ਨੂੰ) ਨਹੀਂ ਸਮਝਦਾ, (ਪਰ ਜੋ ਮਨੁੱਖ) ਗੁਰੂ ਦੇ ਸ਼ਬਦ ਰਾਹੀਂ ਆਸਾ ਰਹਿਤ ਹੁੰਦਾ ਹੈ, (ਉਹ) ਸੁਖ ਪ੍ਰਾਪਤ ਕਰਦਾ ਹੈ।੩। (ਕਿਸੇ ਮਨੁੱਖ ਦੇ ਮਨ ਵਿਚ ਦੁਨੀਆਂ ਤੋਂ) ਨਫਰਤ ਪੈਦਾ ਹੋਈ, (ਤਾਂ ਉਹ ਘਰ ਬਾਰ ਛਡ ਕੇ) ਨਾਂਗਾ ਸਾਧੂ ਬਣ ਗਿਆ, (ਪਰ ਉਸ ਦਾ) ਮਨ ਭੰਬੀਰੀ ਵਾਂਗ ਚੰਚਲ ਹੋ ਕੇ ਦਸੇ ਪਾਸੇ ਦੌੜ ਭੱਜ ਕਰਦਾ ਹੈ। (ਉਹ ਪਰਾਏ ਘਰਾਂ ਵਿਚ ਤੇ ਤੀਰਥਾਂ ਉਤੇ) ਭ੍ਰਮਣ ਕਰਦਾ ਹੈ, (ਪਰ ਉਸ ਦੀ) ਤ੍ਰਿਸ਼ਨਾ ਨਹੀਂ ਬੁਝਦੀ, ਸਾਧ ਸੰਗਤ ਵਿਚ ਮਿਲ ਕੇ (ਉਹ) ਦਇਆ ਦੇ ਘਰ ਪ੍ਰਭੂ ਨੂੰ ਲੱਭ ਸਕਦਾ ਹੈ।੪।

ਪਦਾਰਥ = ਪਰਚੈ–ਜਾਣਨਾ (ਜਾਣਕਾਰੀ); ਗਿਆਨ। ਮਨਿ–ਮਨ ਵਿਚ। ਤਨਿ–ਸਰੀਰ ਉਤੇ। ਭਸਮ–ਸੁਆਹ। ਦ੍ਰਿੜਈਆ–ਦ੍ਰਿੜ ਕੀਤਾ ਹੈ। ਅਮਰ ਪਿੰਡ–ਮੌਤ ਰਹਿਤ ਸਰੀਰ। ਭਏ–ਹੋਏ ਹਾਂ। ਦੋਊ–ਦੋਵੇਂ।੧। ਮਨ–ਹੇ ਮਨ!। ਮਿਲਿ–ਮਿਲ ਕੇ। ਰਹੀਆ–ਰਿਹਾ ਕਰ। ਮਧਸੂਦਨ–ਹੇ ਮਧੂ ਦੈਂਤ ਨੂੰ ਮਾਰਨ ਵਾਲੇ। ਮਾਧਉ–ਹੇ ਮਾਇਆ ਦੇ ਪਤੀ!। ਖਿਨੁ ਖਿਨੁ–ਹਰ ਸਮੇਂ। ਪਖਈਆ–ਧੋਂਦਾ ਰਹਾਂ।੧। ਰਹਾਉ। ਤਜੈ–ਛਡ ਕੇ। ਗਿਰਸਤ–ਘਰ ਬਾਰ। ਭਇਆ–ਹੋਇਆ। ਬਨਵਾਸੀ–ਜੰਗਲ ਵਿਚ ਰਹਿਣ ਵਾਲਾ ਮਨੁੱਖ। ਮਨੂਆ–ਮਨ। ਟਿਕਈਆ–ਟਿਕਾਇਆਂ। ਧਾਵਤੁ–ਦੌੜਨ ਵਾਲਾ; ਭਟਕਦਾ। ਧਾਇ–ਦੌੜਦਾ ਹੈ। ਤਦੇ–ਤਦ ਹੀ। ਘਰਿ–ਟਿਕਾਉ ਦੇ ਘਰ ਵਿਚ। ਪਵਈਆ–ਪੈਂਦਾ ਹੈ।੨। ਪੂਤ–ਪੁਤ੍ਰ। ਛੋਡਿ–ਛਡ ਕੇ। ਕਰਈਆ–ਕਰਦਾ ਹੈ। ਨਹੀ ਬੂਝੈ–ਸਮਝਦਾ ਨਹੀਂ; ਬੁਝਦੀ ਨਹੀਂ (ਸ਼ਾਂਤ ਨਹੀਂ ਹੁੰਦੀ)। ਸਬਦਿ–ਸ਼ਬਦ ਰਾਹੀਂ। ਨਿਰਾਸ–ਆਸ ਰਹਿਤ ਹੋ ਕੇ। ਲਹੀਆ–ਪ੍ਰਾਪਤ ਕਰਦਾ ਹੈ।੩। ਉਪਜੀ–ਪੈਦਾ ਹੋਈ। ਤਰਕ–ਨਫਰਤ; ਬੈਰਾਗ। ਹੋਆ–ਹੋ (ਬਣ) ਗਿਆ। ਦਿਗੰਬਰੁ–ਨਾਂਗਾ ਸਾਧੂ; ਜੈਨੀ। ਦਹ ਦਿਸ–ਦਸੇ ਪਾਸੇ। ਚਲਿ ਚਲਿ–ਭੰਬੀਰੀ ਵਾਂਗ ਚੰਚਲ ਹੋ ਕੇ (ਸੰ.ਸ.; ਫ.ਸ.; ਗੁ.ਗ੍ਰੰ.ਕੋਸ)। ਗਵਨੁ ਕਰਈਆ–ਦੌੜ ਭੱਜ ਕਰਦਾ ਹੈ। ਪ੍ਰਭਵਨੁ ਕਰੈ–ਰਟਨ ਕਰਦਾ ਹੈ। ਦਇਆ

ਘਰੁ-(ਨਫਰਤ ਦੇ ਮੁਕਾਬਲੇ) ਦਇਆ ਦੇ ਘਰ ਪ੍ਰਭੂ ਨੂੰ।ਲਹੀਆ-ਪ੍ਰਾਪਤ ਕਰ ਸਕਦਾ ਹੈ।੪।

ਆਸਣ ਸਿਧ ਸਿਖਹਿ ਬਹੁਤੇਰੇ, ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ ॥ ਤ੍ਰਿਪਤਿ ਸੰਤੋਖੁ ਮਨਿ ਸਾਂਤਿ ਨ ਆਵੈ, ਮਿਲਿ ਸਾਧੂ ਤ੍ਰਿਪਤਿ ਹਰਿ ਨਾਮਿ ਸਿਧਿ ਪਈਆ ॥੫॥ ਅੰਡਜ ਜੇਰਜ ਸੇਤਜ ਉਤਭੁਜ, ਸਭਿ ਵਰਨ ਰੂਪ ਜੀਅ ਜੰਤ ਉਪਈਆ ॥ ਸਾਧੂ ਸਰਣਿ ਪਰੈ ਸੋ ਉਬਰੈ, ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ ॥੬॥ ਨਾਮਾ ਜੈਦੇਉ ਕੰਬੀਰ ਤ੍ਰਿਲੋਚਨੁ ,ਅਉਜਾਤਿ ਰਵਿਦਾਸੁ ਚਮਿਆਰੁ ਚਮਈਆ ॥ ਜੋ ਜੋ ਮਿਲੈ ਸਾਧੂ ਜਨ ਸੰਗਤਿ, ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ ॥੭॥ ਸੰਤ ਜਨਾ ਕੀ ਹਰਿ ਪੈਜ ਰਖਾਈ, ਭਗਤਿ ਵਛਲੁ ਅੰਗੀਕਾਰੁ ਕਰਈਆ ॥ ਨਾਨਕ ਸਰਣਿ ਪਰੇ ਜਗਜੀਵਨ, ਹਰਿ ਹਰਿ ਕਿਰਪਾ ਧਾਰਿ ਰਖਈਆ ॥੮॥੪॥੭॥ (ਹੇ ਭਾਈ! ਕਈ ਮਨੁੱਖ) ਸਿਧਾਂ ਵਾਲੇ ਬਹੁਤ ਆਸਣ ਸਿੱਖ ਲੈਂਦੇ ਹਨ ਅਤੇ ਮਨ ਵਿਚ ਰਿਧੀਆਂ ਸਿਧੀਆਂ ਮੰਗਦੇ ਹਨ, (ਪਰ ਇਹ ਸਭ) ਜਾਦੂਗਰ ਦੇ ਜਾਦੂ ਸਮਾਨ ਹਨ (ਮਦਾਰੀ ਦੀ ਖੇਡ ਵਾਂਗ ਲੋਕਾਂ ਦਾ ਮਨ ਪਰਚਾਉਣ ਦਾ ਸਾਧਨ ਹਨ।ਰਿਧਿਆਂ ਸਿਧੀਆਂ ਦੇ ਕਾਰਣ) ਮਨ ਵਿਚ ਨਾ ਰੱਜ ਆਉਂਦਾ ਹੈ, ਨਾ ਸੰਤੋਖ ਮਿਲਦਾ ਹੈ ਅਤੇ ਨਾ ਹੀ ਮਨ ਵਿਚ ਸ਼ਾਤੀ ਆਉਂਦੀ ਹੈ, ਸਿਧੀ ਅਤੇ ਤ੍ਰਿਪਤੀ ਸਾਧੂ ਗੁਰੂ ਨੂੰ ਮਿਲ ਕੇ ਹਰੀ ਦੇ ਨਾਮ ਦੁਆਰਾ ਪ੍ਰਾਪਤ ਹੁੰਦੀ ਹੈ।੬।(ਹੇ ਭਾਈ!) ਅੰਡਜ, ਜੇਰਜ, ਸੇਤਜ ਅਤੇ ਉਤਭੁਜ (ਚਾਰ ਖਾਣੀਆਂ) ਤੋਂ ਸਾਰੇ ਅਨੇਕਾਂ ਰੰਗਾਂ ਤੇ ਰੂਪਾਂ ਵਾਲੇ ਸੂਖਮ ਤੇ ਸਥੂਲ ਜੀਅ ਜੰਤ ਪ੍ਰਭੂ ਨੇ ਪੈਦਾ ਕੀਤੇ ਹਨ।(ਇਨ੍ਹਾਂ ਵਿਚੋਂ ਜਿਹੜਾ ਜੀਵ) ਸਾਧ ਗੁਰੂ ਦੀ ਸਰਣ ਵਿਚ ਪੈਂਦਾ ਹੈ, ਉਹ (ਭਵਜਲ ਤੋਂ) ਤਰ ਜਾਂਦਾ ਹੈ, (ਭਾਵੇਂ ਉਹ) ਖਤ੍ਰੀ, ਬ੍ਰਾਹਮਣ, ਸ਼ੂਦਰ, ਵੈਸ਼ ਜਾਂ ਚੰਡਾਲਾਂ ਤੋਂ ਵੀ ਵੱਡਾ ਚੰਡਾਲ ਹੋਵੇ।੬।(ਨੀਵੀਂ ਜਾਤ ਦੇ ਕਿਨ੍ਹਾਂ ਭਗਤਾਂ ਦਾ ਉਧਾਰ ਹੋਇਆ ਹੈ, ਤਾਂ ਦਸਦੇ ਹਨ ।ਹੇ ਭਾਈ!) ਨਾਮ ਦੇਵ, ਜੈਦੇਵ, ਕਬੀਰ, ਤ੍ਰਿਲੋਚਨ ਅਤੇ ਨੀਚ ਜਾਤ ਵਾਲਾ ਰਵਿਦਾਸ, ਜੋ ਚੰਮ ਦਾ ਕੰਮ ਕਰਨ ਵਾਲਾ ਸੀ।ਧੰਨਾ ਜੱਟ ਅਤੇ ਸੈਣ ਨਾਈ ਜੋ ਜੋ ਵੀ ਸਾਧੂ ਜਨਾਂ ਦੀ ਸੰਗਤ ਵਿਚ ਮਿਲਦਾ ਆਇਆ ਹੈ, ਉਹ ਧੰਨਤਾ ਦੇ ਯੋਗ ਹੋ ਗਿਆ ਅਤੇ (ਉਸ ਨੂੰ) ਪੂਜਨੀਕ ਹਰੀ ਮਿਲ ਪਿਆ ਹੈ।੭।(ਹੇ ਭਾਈ!) ਹਰੀ ਨੇ ਸੰਤ ਜਨਾਂ ਦੀ ਪੈਜ ਰੱਖ ਲਈ ਹੈ, (ਕਿਉਕਿ ਉਹ) ਭਗਤੀ ਨੂੰ ਪਿਆਰ ਕਰਨ ਵਾਲਾ ਹੈ ਅਤੇ (ਉਹ ਸਦਾ ਭਗਤਾਂ ਦਾ) ਪੱਖ ਕਰਦਾ ਆਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ) ਜਗਤ ਦੇ ਜੀਵਨ ਪ੍ਰਭੂ ਦੀ ਸ਼ਰਣ ਵਿਚ ਪੈਂਦੇ ਹਨ, ਹਰੀ ਕ੍ਰਿਪਾ ਕਰਕੇ (ਉਨ੍ਹਾਂ ਦੀ) ਰੱਖਿਆ ਕਰਦਾ ਹੈ।੮।੪।੭।

ਪਦਾਰਥ = ਸਿਧ-ਜੋਗ ਸਾਧਨਾ ਕਰਨ ਵਾਲੇ ਜੋਗੀ।ਸਿਖਹਿ-ਸਿੱਖਦੇ ਹਨ।ਬਹੁਤੇਰੇ-ਬਹੁਤ।ਮਨਿ ਮਾਗਹਿ-ਮਨ ਵਿਚ ਮੰਗਦੇ ਹਨ।ਰਿਧਿ ਸਿਧਿ-ਕਰਾਮਾਤੀ ਸ਼ਕਤੀਆਂ।ਚੇਟਕ-ਜਾਦੂ; ਤਮਾਸ਼ਾ।ਚੇਟਕਈਆ-ਜਾਦੂਗਰ; ਤਮਾਸ਼ਾ ਕਰਨ ਵਾਲਾ।ਤ੍ਰਿਪਤਿ-ਰੱਜ ।ਮਿਲਿ-ਮਿਲ ਕੇ।ਨਾਮਿ-ਨਾਮ ਦੁਆਰਾ।ਸਿਧਿ ਪਈਆ-ਰੁਹਾਨੀ ਤਾਕਤ ਪ੍ਰਾਪਤ ਹੁੰਦੀ ਹੈ; ਮੁਕਤੀ।੫।ਅੰਡਜ-ਆਂਡਿਆਂ ਤੋਂ ਪੈਦਾ ਹੋਣ ਵਾਲੇ ਜੀਵ।ਜੇਰਜ-ਜੇਰ ਤੋਂ ਪੈਦਾ ਹੋਣ ਵਾਲੇ ਜੀਵ।ਸੇਤਜ-ਮੁੜ੍ਹਕੇ ਤੋਂ ਪੈਦਾ ਹੋਣ ਵਾਲੇ ਜੀਵ।ਉਤਭੁਜ-ਧਰਤੀ ਵਿਚੋਂ ਪੈਦਾ ਹੋਣ ਵਾਲੇ।ਵਰਨ-ਰੰਗ।ਰੂਪ-ਸ਼ਕਲਾਂ; ਅਕਾਰ।ਜੀਅ ਜੰਤ-ਸੂਖਮ ਤੇ ਸਥੂਲ ਜੀਵ ਜੰਤ।ਉਪਈਆ-ਪੈਦਾ ਕੀਤੇ ਹਨ। ਪਰੈ-ਪੈਂਦਾ ਹੈ।ਸੋ-ਉਹ।ਉਬਰੈ-ਤਰ ਜਾਂਦਾ ਹੈ।ਖਤ੍ਰੀ-ਹਿੰਦੂਆਂ ਦੇ ਚਾਰ ਵਰਣਾਂ ਵਿਚੋਂ ਦੂਜਾ ਵਰਣ (ਪਰਜਾ ਨੂੰ ਵੈਰੀਆਂ ਤੋਂ ਬਚਾਉਣ ਵਾਲਾ ਮਨੁੱਖ)।ਸੂਦੁ-ਸ਼ੂਦਰ।ਵੈਸੁ-ਹਿੰਦੂ ਮੱਤ ਅਨੁਸਾਰ ਤੀਜਾ ਵਰਣ (ਖੇਤੀ ਜਾਂ ਵਪਾਰ ਕਰਨ ਵਾਲਾ ਮਨੁੱਖ)।ਚੰਡਾਲੁ ਚੰਡਈਆ-ਚੰਡਾਲਾਂ ਤੋਂ ਚੰਡਾਲ (ਨੀਚਾਂ ਤੋਂ ਵੀ ਬਹੁਤ ਨੀਚ ਜਾਤ ਦਾ ਮਨੁੱਖ)।੬।ਅਉਜਾਤਿ-ਨੀਵੀ ਜਾਤ ਵਾਲਾ।ਚਮਈਆ-ਚੰਮ ਦਾ ਕੰਮ ਕਰਨ ਵਾਲਾ।ਸਾਧੂ ਜਨ ਸੰਗਤਿ-ਸੰਤ ਜਨਾਂ ਦੀ ਸੰਗਤ ਵਿਚ।ਧਨੁ-ਧੰਨਤਾ ਦੇ ਯੋਗ।ਹਰਿ ਦਈਆ-ਹਰੀ ਦੇਵਤਾ। ੭।ਪੈਜ-ਲਾਜ; ਇੱਜਤ।ਭਗਤਿ ਵਛਲੁ-ਭਗਤੀ ਨਾਲ ਪਿਆਰ ਕਰਨ ਵਾਲਾ।ਅੰਗੀਕਾਰੁ ਕਰਈਆ-ਪੱਖ ਕਰਦਾ ਹੈ।ਪਰੇ-ਪੈਂਦੇ ਹਨ।ਜਗਜੀਵਨ-ਜਗਤ ਦਾ ਜੀਵਨ ਪ੍ਰਭੂ।ਧਾਰਿ-ਧਾਰ (ਕਰ) ਕੇ।ਰਖਈਆ-ਰੱਖਿਆ ਕਰਦਾ ਹੈ।੮।੪।੭।

ਬਿਲਾਵਲੁ ਮਹਲਾ ੪ ॥ ਅੰਤਰਿ ਪਿਆਸ ਉਠੀ ਪ੍ਰਭ ਕੇਰੀ, ਸੁਣਿ ਗੁਰ ਬਚਨ ਮਨਿ ਤੀਰ ਲਗਈਆ ॥ ਮਨ ਕੀ ਬਿਰਥਾ ਮਨ ਹੀ ਜਾਣੈ, ਅਵਰੁ ਕਿ ਜਾਣੈ ਕੋ ਪੀਰ ਪਰਈਆ ॥੧॥ (ਹੇ ਭਾਈ! ਜਦੋਂ) ਗੁਰੂ ਦੇ ਬਚਨ ਸੁਣ ਕੇ ਮੇਰੇ ਮਨ ਵਿਚ ਪ੍ਰੇਮ ਰੂਪ ਤੀਰ ਲੱਗਿਆ, ਤਾਂ ਮੇਰੇ ਹਿਰਦੇ ਅੰਦਰ ਪ੍ਰਭੂ ਦੇ ਦਰਸ਼ਨ ਕਰਨ ਦੀ ਪਿਆਸ ਉਠੀ ਹੈ।(ਮੇਰੇ) ਮਨ ਦੀ ਪੀੜ ਮਨ ਹੀ ਜਾਣਦਾ ਹੈ, ਹੋਰ ਕੋਈ ਦੂਜਾ ਪਰਾਈ ਪੀੜ ਨੂੰ ਕੀ ਜਾਣ ਸਕਦਾ ਹੈ? (ਕੋਈ ਨਹੀਂ ਜਾਣਦਾ)।੧। ਕਉਣੁ ਜਾਣੈ ਪੀਰ ਪਰਾਈ। (੭੯੫)

ਅੰਗ ੮੩੬ = ਰਾਮ, ਗੁਰਿ ਮੋਹਨਿ ਮੋਹਿ ਮਨੁ ਲਈਆ ॥ ਹਉ ਆਕਲ ਬਿਕਲ ਭਈ ਗੁਰ ਦੇਖੇ, ਹਉ ਲੋਟ ਪੋਟ ਹੋਇ ਪਈਆ ॥੧॥ਰਹਾਉ॥ ਹਉ ਨਿਰਖਤ ਫਿਰਉ ਸਭਿ ਦੇਸ ਦਿਸੰਤਰ, ਮੈ ਪ੍ਰਭ ਦੇਖਨ ਕਉ ਬਹੁਤੁ ਮਨਿ ਚਈਆ ॥ ਮਨੁ ਤਨੁ ਕਾਟਿ ਦੇਉ

ਗੁਰ ਆਗੈ, ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਈਆ ॥੨॥ ਕੋਈ ਆਨਿ ਸਦੇਸਾ ਦੇਇ ਪ੍ਰਭ ਕੇਰਾ, ਰਿਦ ਅੰਤਰਿ ਮਨਿ ਤਨਿ ਮੀਠ ਲਗਈਆ ॥ ਮਸਤਕੁ ਕਾਟਿ ਦੇਉ ਚਰਣਾ ਤਲਿ, ਜੋ ਹਰਿ ਪ੍ਰਭੁ ਮੇਲੇ ਮੇਲਿ ਮਿਲਈਆ ॥੩॥ ਚਲੁ ਚਲੁ ਸਖੀ ਹਮ ਪ੍ਰਭੁ ਪਰਬੋਧਹ, ਗੁਣ ਕਾਮਣ ਕਰਿ ਹਰਿ ਪ੍ਰਭੁ ਲਹੀਆ ॥ ਭਗਤਿ ਵਛਲੁ ਉਆ ਕੋ ਨਾਮੁ ਕਹੀਅਤੁ ਹੈ, ਸਰਣਿ ਪ੍ਰਭੂ ਤਿਸੁ ਪਾਛੈ ਪਈਆ ॥੪॥ ਹੇ ਭਾਈ! ਮੋਹ ਲੈਣ ਵਾਲੇ ਗੁਰੂ ਨੇ ਮੇਰੇ ਮਨ ਨੂੰ ਮੋਹ ਲਿਆ ਹੈ (ਅਪਣੇ ਵਸ ਵਿਚ ਕਰ ਲਿਆ)। ਗੁਰੂ ਦਾ ਦਰਸ਼ਨ ਕਰਕੇ ਮੈਂ ਵਿਆਕਲ ਹੋ ਗਈ (ਦਰਸ਼ਨ ਕਰਕੇ ਕੁਛ ਸੁੱਝਿਆ ਹੀ ਨਹੀਂ) ਅਤੇ ਮੈਂ ਲੋਟ ਪੋਟ ਹੋ ਕੇ (ਗੁਰੂ ਦੇ ਚਰਨਾਂ ਉਤੇ) ਢਹਿ ਪਈ ਹਾਂ।੧।ਰਹਾਉ।(ਹੇ ਭਾਈ!) ਮੈਂ ਸਾਰੇ ਦੇਸ਼ ਦੇਸ਼ਾਂਤਰਾਂ ਵਿਚ ਦੇਖਦੀ ਫਿਰਦੀ ਹਾਂ, (ਕਿਉਂਕਿ) ਮੈਨੂੰ ਪ੍ਰਭੂ ਦੇ ਦੇਖਣ ਦਾ ਮਨ ਵਿਚ ਬਹੁਤ ਚਾਉ ਹੈ। ਮੈਂ ਅਪਣਾ ਮਨ ਤੇ ਤਨ ਕੱਟ ਕੇ ਗੁਰੂ ਅੱਗੇ ਭੇਟਾ ਰੱਖ ਦੇਵਾਂ (ਅਪਣੇ ਆਪ ਨੂੰ ਗੁਰੂ ਦੇ ਹਵਾਲੇ ਕਰ ਦੇਵਾਂ), ਜਿਸ ਗੁਰੂ ਨੇ ਸੰਸਾਰ ਦੇ ਰਸਤੇ ਤੋਂ ਮੈਨੂੰ ਪ੍ਰਭੂ ਦੀ ਪ੍ਰਾਪਤੀ ਦਾ ਰਸਤਾ ਦਿਖਾਇਆ ਹੈ।੨।(ਹੇ ਭਾਈ! ਜੇ) ਕੋਈ ਮਨੁੱਖ ਆ ਕੇ ਮੈਨੂੰ ਪ੍ਰਭੂ ਦਾ ਸੁਨੇਹਾ ਦੇਂਦਾ ਹੈ, ਉਹ ਮੇਰੇ ਹਿਰਦੇ ਵਿਚ, ਮਨ ਵਿਚ ਤੇ ਸਰੀਰ ਵਿਚ ਮਿੱਠਾ ਲਗਦਾ ਹੈ। ਮੈਂ ਅਪਣਾ ਸਿਰ ਕੱਟ ਕੇ (ਉਸ ਦੇ) ਚਰਨਾਂ ਥੱਲੇ ਰੱਖ ਦੇਵਾਂ, ਜੋ ਪ੍ਰਭੂ ਨਾਲ ਮਿਲਿਆ ਹੋਇਆ (ਮੈਨੂੰ) ਮਿਲ ਕੇ ਪ੍ਰਭੂ ਨਾਲ ਮਿਲਾ ਦੇਵੇ।੩।ਹੇ ਸਖੀ! ਤੂੰ ਚੱਲ, (ਮੈਨੂੰ ਵੀ ਲੈ) ਚੱਲ, ਅਸੀਂ ਪ੍ਰਭੂ ਨੂੰ ਸਮਝੀਏ ਅਤੇ ਗੁਣਾਂ ਦਾ ਜਾਦੂ ਟੂਣਾ ਕਰਕੇ ਪ੍ਰਭੂ ਨੂੰ ਪ੍ਰਾਪਤ ਕਰੀਏ। ਉਸ ਦਾ ਨਾਮ ਭਗਤੀ ਦਾ ਪਿਆਰਾ ਕਿਹਾ ਜਾਂਦਾ ਹੈ, ਉਸ ਦੀ ਸਰਣ ਵਿਚ ਪਈਏ, ਉਸ ਦੇ ਪਿਛੇ ਪੈ ਜਾਈਏ।੪।

ਪਦਾਰਥ = ਅੰਤਰਿ–ਹਿਰਦੇ ਅੰਦਰ। ਪਿਆਸ–ਤਾਂਘ। ਉਠੀ–ਪੈਦਾ ਹੋਈ। ਕੇਰੀ–ਦੀ। ਸੁਣਿ–ਸੁਣ ਕੇ। ਮਨਿ–ਮਨ ਵਿਚ। ਕੀ–ਦੀ। ਬਿਰਥਾ–ਪੀੜਾ; ਦਰਦ। ਅਵਰੁ ਕੋ–ਹੋਰ ਕੋਈ। ਕਿ–ਕੀ। ਪੀਰ–ਪੀੜ। ਪਰਈਆ–ਪਰਾਈ।੧। ਰਾਮ–ਹੇ ਭਾਈ!। ਗੁਰਿ ਮੋਹਨਿ–ਮੋਹ ਲੈਣ ਵਾਲੇ ਗੁਰੂ ਨੇ। ਮੋਹਿ ਲਈਆ–ਮੋਹ (ਵਸ ਵਿਚ ਕਰ) ਲਿਆ। ਹਉ–ਮੈਂ। ਆਕਲ ਬਿਕਲ–ਪ੍ਰੇਮ ਦੀ ਖੁਮਾਰੀ ਵਿਚ ਬੇਹੋਸ਼; ਅਕਲ ਤੋਂ ਬੇਅਕਲ (ਅਪਣੀ ਚਤਰਾਈ ਸਿਆਣਪ ਗਵਾ ਕੇ); ਘਬਰਾ ਕੇ; ਵਿਆਕੁਲ ਹੋ ਕੇ। ਲੋਟ ਪੋਟ–ਲੇਟ ਕੇ ਪੋਟਲੀ ਦੀ ਸ਼ਕਲ ਬਣ ਕੇ; ਬੇਸੁਰਤ ਹੋ ਕੇ; ਬੇਕਾਬੂ (ਅਪਣੇ ਵਸ ਤੋਂ ਬਾਹਰ) ਹੋ ਕੇ। ਪਈਆ–ਪਈ ਹਾਂ।੧।ਰਹਾਉ। ਨਿਰਖਤ ਫਿਰਉ–ਦੇਖਦੀ ਫਿਰਦੀ ਹਾਂ। ਦੇਸ ਦਿਸੰਤਰ–ਦੇਸਾਂ ਪ੍ਰਦੇਸਾਂ ਵਿਚ। ਕੋ–ਦਾ। ਚਈਆ–ਚਾਉ। ਤਨੁ–ਸਰੀਰ। ਕਾਟਿ–ਕੱਟ ਕੇ। ਦੇਉ–(ਰੱਖ) ਦੇਵਾਂ। ਜਿਨਿ–ਜਿਸ ਨੇ। ਮਾਰਗੁ–ਰਸਤਾ। ਪੰਥੁ–ਰਸਤਾ। ਦਿਖਈਆ–ਦਿਖਾਇਆ ਹੈ।੨। ਆਨਿ–ਲਿਆ ਕੇ; ਆ ਕੇ। ਸਦੇਸਾ–ਸੁਨੇਹਾ। ਦੇਇ–ਦੇਂਦਾ ਹੈ। ਕੇਰਾ–ਦਾ। ਰਿਦ ਅੰਤਰਿ–ਹਿਰਦੇ ਅੰਦਰ। ਤਨਿ–ਸਰੀਰ ਵਿਚ। ਮੀਠ–ਮਿੱਠਾ; ਪਿਆਰਾ। ਲਗਈਆ–ਲਗਦਾ ਹੈ। ਮਸਤਕਿ–ਸਿਰ। ਚਰਣਾ ਤਲਿ–ਪੈਰਾਂ ਦੇ ਥੱਲੇ। ਮੇਲੇ–ਮਿਲਾ ਦੇਵੇ। ਮਿਲਈਆ–ਮਿਲਿਆ ਹੋਇਆ।੩। ਚਲੁ–ਆ ਤੁਰ। ਸਖੀ–ਹੇ ਸਖੀ!। ਹਮ–ਅਸੀਂ। ਪਰਬੋਧਹ–ਸਮਝੀਏ। ਕਾਮਣ ਕਰਿ–ਜਾਦੂ ਟੂਣਾ ਕਰਕੇ। ਲਹੀਆ–ਪ੍ਰਾਪਤ ਕਰੀਏ। ਭਗਤਿ ਵਛਲੁ –ਭਗਤੀ ਦਾ ਪਿਆਰਾ। ਉਆ ਕੋ–ਉਸ ਦਾ। ਕਹੀਅਤੁ ਹੈ–ਕਿਹਾ ਜਾਂਦਾ ਹੈ। ਤਿਸ–ਉਸ ਦੇ। ਪਾਛੈ ਪਈਆ–ਪਿੱਛੇ ਪੈ ਜਾਈਏ।੪।

ਖਿਮਾ ਸੀਗਾਰ ਕਰੇ ਪ੍ਰਭ ਖੁਸੀਆ, ਮਨਿ ਦੀਪਕ ਗੁਰ ਗਿਆਨੁ ਬਲਈਆ ॥ ਰਸਿ ਰਸਿ ਭੋਗ ਕਰੇ ਪ੍ਰਭੁ ਮੇਰਾ, ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ ॥੫॥ ਹਰਿ ਹਰਿ ਹਾਰੁ ਕੰਠਿ ਹੈ ਬਨਿਆ, ਮਨੁ ਮੋਤੀਚੂਰੁ ਵਡ ਗਹਨ ਗਹਨਈਆ ॥ ਹਰਿ ਹਰਿ ਸਰਧਾ ਸੇਜ ਵਿਛਾਈ, ਪ੍ਰਭੁ ਛੋਡਿ ਨ ਸਕੈ ਬਹੁਤੁ ਮਨਿ ਭਈਆ ॥੬॥ ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ, ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥ ਕੀਓ ਸੀਗਾਰੁ ਮਿਲਣ ਕੈ ਤਾਈ, ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥੭॥ ਹਮ ਚੇਰੀ ਤੂ ਅਗਮ ਗੁਸਾਈ, ਕਿਆ ਹਮ ਕਰਹ ਤੇਰੈ ਵਸਿ ਪਈਆ ॥ ਦਇਆ ਦੀਨ ਕਰਹੁ ਰਖਿ ਲੇਵਹੁ ,ਨਾਨਕ ਹਰਿ ਗੁਰ ਸਰਣਿ ਸਮਈਆ ॥੮॥੫॥੮॥ (ਹੇ ਸਖੀ! ਜਿਹੜੀ ਜੀਵ ਇਸਤ੍ਰੀ) ਖਿਮਾ ਦਾ ਸ਼ਿੰਗਾਰ ਕਰਦੀ ਹੈ ਅਤੇ ਮਨ ਵਿਚ ਗੁਰੂ ਦਾ ਗਿਆਨ ਰੂਪ ਦੀਵਾ ਬਾਲਦੀ ਹੈ, (ਉਹ) ਪਤੀ ਪ੍ਰਭੂ ਦੀ ਖੁਸ਼ੀ ਪ੍ਰਾਪਤ ਕਰਦੀ ਹੈ; ਪ੍ਰਭੂ (ਉਸ ਨੂੰ) ਖੁਸ਼ੀਆਂ ਬਖਸ਼ਦਾ ਹੈ।(ਫਿਰ) ਮੇਰਾ ਪਤੀ ਪ੍ਰਭੂ ਬਹੁਤ ਖੁਸ਼ੀ ਨਾਲ (ਜੀਵ ਇਸਤ੍ਰੀ ਨਾਲ) ਮਿਲਾਪ ਦਾ ਅਨੰਦ ਮਾਣਦਾ ਹੈ, ਮੈਂ ਉਸ ਪਤੀ ਪ੍ਰਭੂ ਅੱਗੇ ਅਪਣੀ ਜਿੰਦ ਕੱਟ ਕੱਟ ਕੇ ਪਾਉਂਦੀ ਹਾਂ (ਸਦਕੇ ਜਾਂਦੀ ਹਾਂ)।੫।(ਹੇ ਸਖੀ!) ਹਰੀ ਦੇ ਨਾਮ ਸਿਮਰਨ ਦਾ ਮੇਰੇ ਕੰਠ ਵਿਚ ਹਾਰ ਬਣਿਆ ਹੋਇਆ ਹੈ ਅਤੇ (ਸਿਮਰਨ ਦੀ ਬਰਕਤ ਨਾਲ) ਮੋਤੀ ਵਾਂਗ ਸ਼ੁੱਧ ਹੋਇਆ ਮਨ, ਮੈਂ ਗਹਿਣਿਆਂ ਵਿਚੋਂ ਵੱਡਾ ਮੋਤੀਚੂਰ ਗਹਿਣਾ ਪਹਿਨਿਆ ਹੈ। ਹਰੀ ਦੀ ਪ੍ਰਾਪਤੀ ਵਾਸਤੇ ਮੈਂ (ਅਪਣੇ ਹਿਰਦੇ ਵਿਚ) ਸ਼ਰਧਾ ਰੂਪ ਸੇਜ ਵਿਛਾਈ ਹੈ, ਮੈਂ ਪ੍ਰਭੂ ਨੂੰ ਛਡ ਨਹੀਂ ਸਕਦੀ, (ਕਿਉਂਕਿ ਉਹ) ਮੇਰੇ ਮਨ ਵਿਚ ਬਹੁਤ ਚੰਗਾ ਲਗਦਾ ਹੈ; ਪ੍ਰਭੂ ਮੈਨੂੰ ਛਡ ਨਹੀਂ ਸਕਦਾ (ਕਿਉਂਕਿ ਸ਼ਰਧਾ ਰੂਪ ਸੇਜ ਉਸ ਦੇ) ਮਨ ਨੂੰ ਬਹੁਤ ਭਾਉਂਦੀ ਹੈ।੬।(ਹੇ ਸਖੀ!

ਪਤੀ) ਪ੍ਰਭੂ ਕੁਛ ਹੋਰ ਕਹਿੰਦਾ ਹੈ, (ਪਰ ਜੀਵ ਇਸਤ੍ਰੀ) ਕੁਛ ਹੋਰ ਕਰਦੀ ਹੈ (ਆਗਿਆ ਨਹੀਂ ਮੰਨਦੀ, ਉਸ ਦਾ ਕੀਤਾ) ਸਾਰਾ ਸ਼ਿੰਗਾਰ (ਧਰਮ ਕਰਮ) ਥੋਥਾ ਹੈ, ਫਜ਼ੂਲ ਹੈ।(ਕਿਉਂਕਿ ਉਸ ਨੇ ਪਤੀ) ਪ੍ਰਭੂ ਨੂੰ ਮਿਲਣ ਦੇ ਲਈ (ਦਿਖਾਵੇ ਦਾ ਧਰਮ ਕਰਮ ਰੂਪ) ਸ਼ਿੰਗਾਰ ਕੀਤਾ ਹੈ, ਪਰ ਆਗਿਆ ਮੰਨਣ ਵਾਲੀ ਗੁਰਮੁਖਿ) ਸੁਹਾਗਣ ਨੇ ਪ੍ਰਭੂ ਨੂੰ ਪਾ ਲਿਆ; (ਉਸ ਗੁਰਮੁਖ) ਸੁਹਾਗਣ ਨੇ ਪ੍ਰਭੂ ਨੂੰ ਪਾ ਲਿਆ ਹੈ, (ਜਿਸ ਨੇ) ਪ੍ਰਭੂ ਨੂੰ ਮਿਲਣ ਦੇ ਵਾਸਤੇ (ਸ਼ੁਭ ਗੁਣਾਂ ਦਾ) ਸ਼ਿੰਗਾਰ ਕੀਤਾ ਹੈ ਅਤੇ (ਆਗਿਆ ਨਾ ਮੰਨਣ ਵਾਲੀ ਮਨਮੁਖ ਇਸਤ੍ਰੀ ਦੇ) ਮੂੰਹ ਉਤੇ ਥੁਕਾਂ ਹੀ ਪਈਆਂ ਹਨ (ਲਾਹਣਤਾਂ ਹੀ ਮਿਲੀਆਂ ਹਨ)।੭।(ਇਸ ਤਰ੍ਹਾਂ ਅਰਦਾਸ ਕਰੀਏ, ਕਿ) ਹੇ ਪ੍ਰਭੂ ! ਅਸੀਂ ਤੇਰੀਆਂ ਦਾਸੀਆਂ ਹਾਂ, ਤੂੰ (ਸਭ ਦਾ) ਮਾਲਕ ਹੈਂ (ਪਰ ਸਾਡੀ) ਪਹੁੰਚ ਤੋਂ ਪਰੇ ਹੈਂ, (ਤੇਰੇ ਹੁਕਮ ਤੋਂ ਬਾਹਰ) ਅਸੀਂ ਕੀ ਕਰ ਸਕਦੀਆਂ ਹਾਂ? ਅਸੀਂ ਤੇਰੇ ਵਸ ਵਿਚ ਪਈਆਂ ਹੋਈਆਂ ਹਾਂ।ਅਸਾਂ ਅਨਾਥਾਂ ਉਤੇ ਦਇਆ ਕਰ, (ਅਪਣੇ ਚਰਨਾਂ ਵਿਚ) ਰੱਖ ਲੈ, ਨਾਨਕ ਗੁਰੂ ਜੀ ਸਿੱਖਿਆ ਦੇਂਦੇ ਹਨ ਕਿ ਗੁਰੂ ਦੀ ਸ਼ਰਣ ਵਿਚ ਪੈ ਕੇ ਹਰੀ ਵਿਚ ਸਮਾ ਜਾਈਦਾ ਹੈ।੮।੫।੮।

ਪਦਾਰਥ = ਮਨਿ–ਮਨ ਵਿਚ।ਦੀਪਕ–ਦੀਵਾ।ਬਲਈਆ–ਬਾਲਦੀ ਹੈ।ਰਸਿ ਰਸਿ–ਬਹੁਤ ਖੁਸ਼ੀ ਨਾਲ।ਭੋਗ ਕਰੇ–ਮਿਲਾਪ ਦਾ ਅਨੰਦ ਮਾਣਦਾ ਹੈ।ਹਮ–ਮੈਂ।ਜੀਉ–ਜਿੰਦ।ਕਟਿ ਕਟਿ–ਕੱਟ ਕੱਟ ਕੇ।ਪਈਆ–ਪਾਉਂਦੀ ਹਾ।੫।ਕੰਠਿ–ਗਲ ਵਿਚ।ਮੋਤੀਚੂਰੁ–ਸਿਰ ਉਤੇ ਪਹਿਨਣ ਵਾਲਾ ਮੋਤੀ ਜੜਿਆ ਗਹਿਣਾ।ਵਡ ਗਹਨ ਗਹਨਈਆ–ਗਹਿਣਿਆਂ ਵਿਚੋਂ ਵੱਡਾ ਗਹਿਣਾ।ਸੇਜ–ਪਲੰਘ। ਭਈਆ–ਚੰਗਾ ਲਗਦਾ ਹੈ; ਭਾਵਨਾ; ਪ੍ਰੇਮ।੬।ਅਵਰੁ–ਹੋਰ।ਕੀਜੈ–ਕਰਦੀ ਹੈ।ਬਾਦਿ–ਬਿਅਰਥ ਹੈ।ਸਭੁ ਸੀਗਾਰੁ–ਧਰਮ ਕਰਮ ਰੂਪ ਸਾਰਾ ਸ਼ਿੰਗਾਰ।ਫੋਕਟ ਫੋਕਟਈਆ–ਫੋਕਾ ਤੇ ਫਜ਼ੂਲ।ਕੀਓ–ਕੀਤਾ।ਕੈ ਤਾਈ–ਦੇ ਵਾਸਤੇ।ਲੀਓ ਸੁਹਾਗਨਿ–ਸੁਹਾਗਣ ਨੇ ਲੈ ਲਿਆ।ਥੂਕ ਮੁਖਿ ਪਈਆ–ਮੂੰਹ ਉਤੇ ਥੁੱਕਾਂ ਪਈਆਂ (ਲਾਹਣਤਾਂ ਮਿਲੀਆਂ)।੭।ਹਮ–ਅਸੀਂ।ਚੇਰੀ–ਚੇਲੀਆਂ (ਦਾਸੀਆਂ)। ਅਗਮ ਗੁਸਾਈ–ਐਸਾ ਮਾਲਕ, ਜਿਸ ਤਕ ਪਹੁੰਚਣਾ ਮੁਸ਼ਕਲ ਹੈ।ਕਿਆ ਕਰਹ–ਕੀ ਕਰ ਸਕਦੀਆਂ ਹਾਂ? ਵਸਿ ਪਈਆ–ਵਸ ਵਿਚ ਪਈਆਂ ਹਾਂ।ਦੀਨ–ਅਨਾਥ।ਹਰਿ ਸਮਈਆ–ਹਰੀ ਵਿਚ ਸਮਾ ਜਾਈਦਾ ਹੈ।੮।੭।੮।

ਬਿਲਾਵਲੁ ਮਹਲਾ ੪ ॥ ਮੈ ਮਨਿ ਤਨਿ ਪ੍ਰੇਮੁ ਅਗਮ ਠਾਕੁਰ ਕਾ, ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ ॥ ਗੁਰ ਦੇਖੇ ਸਰਧਾ ਮਨ ਪੂਰੀ, ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ ॥੧॥ ਮਿਲੁ ਮਿਲੁ ਸਖੀ, ਹਰਿ ਕਥਾ ਸੁਨਈਆ ॥ ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ, ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ ॥੧॥ਰਹਾਉ॥ ਰੋਮਿ ਰੋਮਿ ਮਨਿ ਤਨਿ ਇਕ ਬੇਦਨ, ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ ॥ ਬੈਦਕ ਨਾਟਿਕ ਦੇਖਿ ਭੁਲਾਨੇ, ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ ॥੨॥ ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ, ਜਿਉ ਬਿਨੁ ਅਮਲੈ ਅਮਲੀ ਮਰਿ ਗਈਆ ॥ ਜਿਨ ਕਉ ਪਿਆਸ ਹੋਇ ਪ੍ਰਭ ਕੇਰੀ, ਤਿਨ੍ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ ॥੩॥ ਕੋਈ ਆਨਿ ਆਨਿ ਮੇਰਾ ਪ੍ਰਭੂ ਮਿਲਾਵੈ, ਹਉ ਤਿਸੁ ਵਿਟਹੁ ਬਲਿ ਬਲਿ ਘੁਮਿ ਗਈਆ ॥ ਅਨੇਕ ਜਨਮ ਕੇ ਵਿਛੁੜੇ ਜਨ ਮੇਲੇ, ਜਾ ਸਤਿ ਸਤਿ ਸਤਿਗੁਰ ਸਰਣਿ ਪਵਈਆ ॥੪॥ (ਹੇ ਸਖੀ !) ਮੇਰੇ ਮਨ ਤੇ ਸਰੀਰ ਵਿਚ ਅਪਹੁੰਚ ਮਾਲਕ ਪ੍ਰਭੂ ਦਾ ਪ੍ਰੇਮ ਹੈ ਅਤੇ ਹਰ ਸਮੇਂ ਮਨ ਵਿਚ ਬਹੁਤ ਸ਼ਰਧਾ ਉਠ ਰਹੀ ਹੈ।ਗੁਰੂ ਦਾ ਦਰਸ਼ਨ ਕਰਕੇ ਮਨ ਦੀ ਸ਼ਰਧਾ ਪੂਰੀ ਹੁੰਦੀ ਹੈ, ਜਿਵੇਂ ਪਪੀਹਾ ਪ੍ਰਿਉ ਪ੍ਰਿਉ ਕਰਦਾ ਹੈ, (ਜਦ ਉਸ ਦੇ) ਮੂੰਹ ਵਿਚ ਸ੍ਵਾਂਤੀ ਬੂੰਦ ਪੈਂਦੀ ਹੈ, (ਤਾਂ ਉਹ ਸ਼ਾਂਤ ਹੋ ਜਾਂਦਾ ਹੈ)। ੧।ਹੇ ਸਖੀ ! ਮੈਨੂੰ ਆ ਮਿਲ, ਮਿਲ ਬੈਠੀਏ ਅਤੇ ਹਰੀ ਦੀ ਕਥਾ (ਸਿਫਤ ਸਲਾਹ) ਸੁਣੀਏ।ਸਤਿਗੁਰੂ ਦਇਆ ਕਰੇ ਅਤੇ (ਸਾਨੂੰ) ਪ੍ਰਭੂ ਮਿਲਾ ਦੇਵੇ, ਮੈ ਉਸ (ਗੁਰੂ) ਅੱਗੇ ਅਪਣਾ ਸਿਰ ਕੱਟ ਕੱਟ ਕੇ ਪਾ ਦੇਵਾਂ (ਭੇਟਾ ਕਰ ਦੇਵਾਂ)।੧।ਰਹਾਉ।(ਹੇ ਸਖੀ ! ਮੇਰੇ) ਹਰੇਕ ਰੋਮ ਵਿਚ, ਮਨ ਤੇ ਸਰੀਰ ਵਿਚ ਇਕ ਵਿਛੋੜੇ ਦੀ ਪੀੜਾ ਹੈ, ਪ੍ਰਭੂ ਨੂੰ ਦੇਖੇ ਬਿਨਾ ਮੈਨੂੰ ਨੀਂਦ ਨਹੀਂ ਪੈਂਦੀ (ਸ਼ਾਂਤੀ ਨਹੀਂ ਆਉਂਦੀ, ਬੇਚੈਨੀ ਰਹਿੰਦੀ ਹੈ)।ਵੈਦ ਮੇਰੀ ਨਬਜ ਦੇਖ ਕੇ ਭੁਲੇਖਾ ਖਾ ਗਏ (ਉਨ੍ਹਾਂ ਨੂੰ ਪਤਾ ਨਹੀਂ ਚੱਲਿਆ, ਜੋ) ਮੇਰੇ ਹਿਰਦੇ ਵਿਚ, ਮਨ ਤੇ ਤਨ ਵਿਚ ਪ੍ਰਭੂ ਦੇ ਪ੍ਰੇਮ ਦੀ ਪੀੜ ਲੱਗੀ ਹੋਈ ਹੈ।੨।(ਹੇ ਸਖੀ!) ਜਿਵੇਂ ਅਮਲੀ ਮਨੁੱਖ ਅਮਲ ਤੋਂ ਬਿਨਾ ਮਰ ਜਾਂਦਾ ਹੈ, (ਤਿਵੇਂ) ਮੈਂ ਪਿਆਰੇ ਪ੍ਰਭੂ ਤੋਂ ਬਿਨਾ ਇਕ ਖਿਨ ਪਲ (ਬਹੁਤ ਥੋੜਾ ਸਮਾਂ ਵੀ) ਜਿਉਂਦੀ ਨਹੀਂ ਰਹਿ ਸਕਦੀ।ਜਿਨ੍ਹਾਂ (ਜੀਵ ਇਸਤ੍ਰੀਆਂ) ਨੂੰ ਪ੍ਰਭੂ ਦੇ ਦਰਸ਼ਨ ਦੀ ਪਿਆਸ ਹੁੰਦੀ ਹੈ, ਉਨ੍ਹਾਂ ਨੂੰ ਹਰੀ ਦੇ ਮਿਲੇ ਬਿਨਾ ਹੋਰ ਦੂਜਾ ਕੁਛ ਚੰਗਾ ਨਹੀਂ ਲਗਦਾ ।੩।(ਹੇ ਸਖੀ!) ਕੋਈ ਆ ਕੇ, ਕੋਈ ਆ ਕੇ ਮੈਨੂੰ ਮੇਰਾ ਪ੍ਰਭੂ ਮਿਲਾ ਦੇਵੇ, ਮੈਂ ਉਸ ਤੋਂ ਮਨ ਕਰਕੇ ਬਲਿਹਾਰ ਜਾਵਾਂ, ਤਨ ਕਰਕੇ ਬਲਿਹਾਰ ਜਾਵਾਂ ਅਤੇ ਬਾਣੀ ਕਰਕੇ ਵੀ ਸਦਕੇ ਜਾਵਾਂ।ਅਨੇਕਾਂ ਜਨਮਾਂ ਦੇ ਵਿਛੜੇ ਹੋਏ ਮਨੁੱਖ ਪ੍ਰਭੂ ਨੂੰ ਮਿਲ ਪਏ, ਜਦੋਂ (ਉਹ) ਨਿਸ਼ਚੇ ਕਰਕੇ ਸ਼ਰਧਾ ਨਾਲ ਸਤਿਗੁਰੂ ਦੀ ਸ਼ਰਣ ਵਿਚ ਪੈ ਗਏ।੪।

ਪਦਾਰਥ = ਮੈ ਮਨਿ ਤਨਿ–ਮੇਰੇ ਮਨ ਵਿਚ ਤੇ ਸਰੀਰ ਵਿਚ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਠਾਕੁਰ ਕਾ–ਮਾਲਕ ਪ੍ਰਭੂ ਦਾ।ਖਿਨੁ ਖਿਨੁ–ਹਰ ਸਮੇਂ।ਉਠਈਆ–ਉਠ ਰਹੀ ਹੈ।ਚਾਤ੍ਰਿਕ–ਪਪੀਹਾ।ਮੁਖਿ ਪਈਆ–ਮੂੰਹ ਵਿਚ ਪੈਂਦੀ ਹੈ।੧।ਸਖੀ–ਹੇ ਸਖੀ! ।ਸੁਨਈਆ–ਸੁਣੀਏ।ਮੇਲੇ–ਮਿਲਾ ਦੇਵੇ।ਕਟਿ–ਕੱਟ ਕੇ।ਪਈਆ–ਪਾ (ਭੇਟਾ ਕਰ) ਦੇਵਾਂ।੧।ਰਹਾਉ।ਰੋਮਿ ਰੋਮਿ–ਹਰੇਕ ਰੋਮ ਵਿਚ।ਬੇਦਨ–ਪੀੜ (ਵਿਛੋੜੇ ਦੀ)।ਨ ਪਈਆ–ਨਹੀਂ ਪੈਂਦੀ।ਬੈਦਕ–ਵੈਦ ਹਕੀਮ।ਨਾਟਿਕ–ਨਬਜ (ਨਾੜੀ)।ਦੇਖਿ–ਦੇਖ ਕੇ। ਭੁਲਾਨੇ–ਭੁੱਲ (ਭੁਲੇਖਾ ਖਾ) ਗਏ।ਹਿਰਦੈ–ਹਿਰਦੇ ਵਿਚ।ਪੀਰ–ਪੀੜ।ਲਗਈਆ–ਲੱਗੀ ਹੋਈ ਹੈ।੨।ਹਉ–ਮੈਂ।ਖਿਨੁ ਪਲੁ–ਬਹੁਤ ਥੋੜਾ ਸਮਾਂ।ਰਹਿ ਨ ਸਕਉ–ਰਹਿ ਨਹੀਂ ਸਕਦਾ।ਅਮਲੈ–ਨਸ਼ਾ।ਅਮਲੀ–ਨਸ਼ਈ ਮਨੁੱਖ।ਮਰਿ ਗਈਆ–ਮਰ ਜਾਂਦਾ ਹੈ। ਜਿਨ ਕਉ–ਜਿਨ੍ਹਾਂ ਨੂੰ।ਕੇਰੀ–ਦੀ।ਅਵਰੁ–ਹੋਰ।ਨ ਭਾਵੈ–ਚੰਗਾ ਨਹੀਂ ਲਗਦਾ।ਕੋ ਦੁਈਆ–ਕੋਈ ਦੂਜਾ।੩।ਆਨਿ–ਆ ਕੇ। ਤਿਸੁ ਵਿਟਹੁ–ਉਸ ਤੋਂ।ਬਲਿ–ਕੁਰਬਾਨ।ਘੁਮਿ ਗਈਆ–ਕੁਰਬਾਨ ਜਾਂਦੀ ਹਾਂ।ਜਨ–ਮਨੁੱਖ।ਜਾ–ਜਦੋਂ।ਪਵਈਆ–ਪਏ ਹਨ।੪।

ਅੰਗ ੮੩੭ = ਸੇਜ ਏਕ ਏਕੋ ਪ੍ਰਭੁ ਠਾਕੁਰੁ ,ਮਹਲੁ ਨ ਪਾਵੈ ਮਨਮੁਖ ਭਰਮਈਆ ॥ ਗੁਰੁ ਗੁਰੁ ਕਰਤ ਸਰਣਿ ਜੇ ਆਵੈ, ਪ੍ਰਭੁ ਆਇ ਮਿਲੈ ਖਿਨੁ ਢੀਲ ਨ ਪਈਆ ॥੫॥ ਕਰਿ ਕਰਿ ਕਿਰਿਆਚਾਰ ਵਧਾਏ, ਮਨਿ ਪਾਖੰਡ ਕਰਮੁ ਕਪਟ ਲੋਭਈਆ ॥ ਬੇਸੁਆ ਕੈ ਘਰਿ ਬੇਟਾ ਜਨਮਿਆ, ਪਿਤਾ ਤਾਹਿ ਕਿਆ ਨਾਮੁ ਸਦਈਆ ॥੬॥ ਪੂਰਬ ਜਨਮਿ ਭਗਤਿ ਕਰਿ ਆਏ, ਗੁਰਿ ਹਰਿ ਹਰਿ ਹਰਿ ਹਰਿ ਭਗਤਿ ਜਮਈਆ ॥ ਭਗਤਿ ਭਗਤਿ ਕਰਤੇ ਹਰਿ ਪਾਇਆ, ਜਾ ਹਰਿ ਹਰਿ ਹਰਿ ਹਰਿ ਨਾਮਿ ਸਮਈਆ ॥੭॥ ਪ੍ਰਭਿ ਆਣਿ ਆਣਿ ਮਹਿੰਦੀ ਪੀਸਾਈ, ਆਪੇ ਘੋਲਿ ਘੋਲਿ ਅੰਗਿ ਲਈਆ ॥ ਜਿਨ ਕਉ ਠਾਕੁਰਿ ਕਿਰਪਾ ਧਾਰੀ, ਬਾਹ ਪਕਰਿ ਨਾਨਕ ਕਢਿ ਲਈਆ ॥੮॥੬॥੨॥੧॥੬॥੯॥ (ਹੇ ਭਾਈ! ਜੀਵ ਇਸਤ੍ਰੀ ਦੀ) ਹਿਰਦੇ ਰੂਪ ਇਕ ਸੇਜ ਉਤੇ ਇਕ ਮਾਲਕ ਪ੍ਰਭੂ ਬਿਰਾਜਮਾਨ ਹੈ, ਪਰ ਮਨਮੁਖ ਇਸਤ੍ਰੀ (ਪਤੀ ਪ੍ਰਭੂ ਦਾ) ਮਹਿਲ ਨਹੀਂ ਪਾ ਸਕਦੀ, (ਉਹ ਜੋਨੀਆਂ ਵਿਚ) ਭਰਮਦੀ ਰਹਿੰਦੀ ਹੈ।(ਪਰ ਉਹ) ਜੇ ਗੁਰੂ ਗੁਰੂ ਉਚਾਰਨ ਕਰਦਿਆਂ (ਗੁਰੂ ਦੀ) ਸ਼ਰਣ ਵਿਚ ਆ ਜਾਵੇ, ਤਾਂ (ਉਸ ਨੂੰ) ਪ੍ਰਭੂ ਆ ਮਿਲਦਾ ਹੈ, (ਉਸ ਦੇ ਆਉਣ ਵਿਚ) ਖਿਨ ਮਾਤ੍ਰ ਵੀ ਢਿਲ ਨਹੀਂ ਪੈਂਦੀ।੫।(ਹੇ ਭਾਈ! ਜਿਸ ਮਨੁੱਖ ਨੇ) ਪੂਜਾ ਆਦਿਕ ਕਰਮ ਧਰਮ ਕਰ ਕਰਕੇ ਵਧਾ ਲਏ ਹਨ (ਕਰਮ ਕਾਂਡ ਬਹੁਤੇ ਕਰਦਾ ਹੈ, ਪਰ ਉਸ ਦੇ) ਮਨ ਵਿਚ ਪਖੰਡ ਵਾਲਾ ਕਰਮ, ਕਪਟ ਤੇ ਲੋਭ ਹੈ (ਉਹ ਹਰੀ ਤੋਂ ਇਸ ਤਰ੍ਹਾਂ ਬੇਮੁਖ ਹੈ।ਜਿਸ ਤਰ੍ਹਾਂ) ਵੇਸਵਾ ਦੇ ਘਰ ਬੇਟਾ ਜੰਮ ਪਿਆ, ਤਾਂ ਉਸ ਦੇ ਪਿਤਾ ਦਾ ਕੀ ਨਾਮ ਸੱਦਿਆ ਜਾਵੇਗਾ? (ਪਿਤਾ ਦੇ ਨਾਮ ਤੋਂ ਵਿਹੂਣਾ ਹੈ)।੬।(ਜੋ ਮਨੁੱਖ) ਪਿਛਲੇ ਜਨਮ ਵਿਚ ਭਗਤੀ ਕਰਕੇ (ਮਨੁੱਖਾ ਜਨਮ ਵਿਚ) ਆਏ ਹਨ, (ਉਨ੍ਹਾਂ ਦੇ ਅੰਦਰ ਇਸ ਜਨਮ ਵਿਚ ਵੀ) ਗੁਰੂ ਨੇ ਹਰਿ ਹਰਿ ਦੇ ਨਾਮ ਸਿਮਰਨ ਦੀ ਭਗਤੀ ਪੈਦਾ ਕਰ ਦਿਤੀ ਹੈ।ਜਦੋਂ (ਉਹ) ਹਰੀ ਦੇ ਹਰਿ ਹਰਿ ਨਾਮ ਵਿਚ ਲੀਨ ਹੋ ਗਏ, (ਤਾਂ ਉਨ੍ਹਾਂ ਨੇ) ਮਨ ਤੇ ਤਨ ਦੁਆਰਾ ਹਰੀ ਦੀ ਸੇਵਾ ਭਗਤੀ ਕਰਦਿਆਂ ਹਰੀ ਨੂੰ ਪ੍ਰਾਪਤ ਕਰ ਲਿਆ।੭।ਪ੍ਰਭੂ ਨੇ (ਜੀਵ ਇਸਤ੍ਰੀ ਦੇ ਮਨ ਨੂੰ ਅਪਣੇ ਚਰਨਾਂ ਵਿਚ) ਲਿਆ ਕੇ (ਜੀਵ ਇਸਤ੍ਰੀ ਪਾਸੋਂ) ਮਹਿੰਦੀ ਪਿਸਾਈ (ਪ੍ਰਭੂ ਨੇ ਮੇਹਰ ਕਰਕੇ ਸੇਵਾ ਭਗਤੀ ਕਰਵਾਈ) ਅਤੇ ਆਪ ਹੀ (ਸੇਵਾ ਭਗਤੀ ਰੂਪ) ਮਹਿੰਦੀ ਘੋਲ ਘੋਲ ਕੇ (ਜੀਵ ਇਸਤ੍ਰੀ ਦੇ) ਅੰਗਾਂ ਨੂੰ ਲਾਈ (ਜੀਵ ਇਸਤ੍ਰੀ ਦੇ ਜੀਵਨ ਵਿਚ ਅਪਣਾ ਪਿਆਰ ਭਰ ਦਿਤਾ)।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਪੁਰਖਾਂ ਉਤੇ ਮਾਲਕ ਪ੍ਰਭੂ ਨੇ ਕ੍ਰਿਪਾ ਕੀਤੀ ਹੈ, ਬਾਂਹ ਤੋਂ ਫੜ ਕੇ (ਉਨ੍ਹਾਂ ਨੂੰ ਭਵਜਲ ਵਿਚੋਂ) ਬਾਹਰ ਕੱਢ ਲਿਆ ਹੈ।੮।੬।੨।੧।੬।੯।

ਪ੍ਰਭਿ ਆਣਿ ਆਣਿ = ਪ੍ਰਭੂ ਨੇ (ਮੇਹਰ ਕਰਕੇ ਜੀਵ ਇਸਤ੍ਰੀ ਦੇ ਮਨ ਨੂੰ ਅਪਣੇ ਚਰਨਾਂ ਵਿਚ) ਲਿਆ ਕੇ ਭਾਵ ਜੋੜ ਕੇ (ਉਸ ਪਾਸੋਂ) ਮਹਿੰਦੀ ਪਿਸਵਾਈ (ਜੀਵ ਇਸਤ੍ਰੀ ਪਾਸੋਂ ਵਾਸ਼ਨਾਵਾਂ ਅਤੇ ਆਪ ਭਾਵ ਦੂਰ ਕਰਵਾਇਆ ਅਤੇ ਮਹਿੰਦੀ) ਘੋਲ ਘੋਲ ਕੇ (ਉਸ ਦੇ) ਅੰਗਾਂ ਨੂੰ ਲਾਈ (ਜੀਵ ਇਸਤ੍ਰੀ ਨੂੰ ਅਪਣਾ ਬਣਾ ਕੇ ਉਸ ਦੇ ਹਿਰਦੇ ਵਿਚ ਪਿਆਰ ਭਰ ਦਿਤਾ)।

ਨੋਟ = ਜੀਵ ਇਸਤ੍ਰੀ ਦੇ ਹਿਰਦੇ ਵਿਚ ਜਦ ਪ੍ਰਭੂ ਪ੍ਰਗਟ ਹੋ ਗਿਆ, ਤਾਂ ਉਸ ਦਾ ਨਿਸਚਾ ਬਣ ਜਾਂਦਾ ਹੈ ਕਿ ਪ੍ਰਭੂ ਆਪ ਹੀ ਮਹਿੰਦੀ ਲੈ ਕੇ ਆਇਆ ਹੈ, ਇਸਤ੍ਰੀ ਮਹਿੰਦੀ ਪੀਸਦੀ ਹੈ, ਘੋਲ ਘੋਲ ਕੇ ਅਪਣੇ ਅੰਗਾਂ ਨੂੰ ਲਾਉਂਦੀ ਹੈ।ਮਾਨੋ ਮਹਿੰਦੀ ਪ੍ਰਭੂ ਉਸ ਪਾਸੋਂ ਪਿਸਾਉਂਦਾ ਹੈ ਤੇ ਪ੍ਰਭੂ ਹੀ ਘੋਲ ਘੋਲ ਕੇ ਉਸ ਦੇ ਅੰਗਾਂ ਉਤੇ ਮਲਦਾ ਹੈ।

ਪਦਾਰਥ = ਸੇਜ–ਹਿਰਦਾ ਰੂਪ ਪਲੰਘ।ਠਾਕੁਰੁ–ਮਾਲਕ।ਮਹਲੁ–ਟਿਕਾਣਾ।ਭਰਮਈਆ–ਭਰਮ ਵਿਚ ਪਈ ਹੋਈ; ਭਟਕਦੀ ਹੈ। ਕਰਤ–ਕਰਦਿਆਂ।ਢੀਲ ਨ ਪਈ–ਦੇਰ ਨਹੀਂ ਪੈਂਦੀ।੫।ਕਰਿ ਕਰਿ–ਕਰ ਕਰ ਕੇ।ਕਿਰਿਆਚਾਰ–(ਸ਼ਾਸਤ੍ਰਾਂ ਦੇ ਦੱਸੇ) ਧਾਰਮਕ ਕਰਮ।ਮਨਿ–ਮਨ ਵਿਚ।ਲੋਭਈਆ–ਲੋਭ।ਬੇਸੁਆ–ਵੇਸਵਾ।ਕੈ ਘਰਿ–ਦੇ ਘਰ ਵਿਚ।ਪਿਤਾ ਤਾਹਿ–ਉਸ ਦੇ ਬਾਪ ਦਾ।ਕਿਆ–

ਕੀ। ਸਦਈਆ–ਸੱਦਿਆ ਜਾਵੇਗਾ।੬। ਪੂਰਬ ਜਨਮਿ–ਪਿਛਲੇ ਜਨਮ ਵਿਚ। ਭਗਤਿ ਕਰਿ–ਭਗਤੀ ਕਰ ਕੇ। ਆਏ–(ਇਸ ਜਨਮ ਵਿਚ) ਆਏ ਹਨ। ਗੁਰਿ–ਗੁਰੂ ਨੇ। ਜਮਈਆ–ਜਮਾ (ਉਗਾ; ਪੈਦਾ ਕਰ) ਦਿਤੀ। ਕਰਤੇ–ਕਰਦਿਆਂ। ਜਾ–ਜਦੋਂ। ਨਾਮਿ ਸਮਈਆ–ਨਾਮ ਵਿਚ ਲੀਨ ਹੋ ਗਏ।੭। ਪ੍ਰਭਿ–ਪ੍ਰਭੂ ਨੇ। ਆਣਿ–ਲਿਆ ਕੇ। ਆਪੇ–ਆਪ ਹੀ। ਘੋਲਿ ਘੋਲਿ–ਘੋਲ ਘੋਲ ਕੇ। ਅੰਗਿ–ਅੰਗਾਂ ਨੂੰ। ਲਈਆ–ਲਾਈ ਭਾਵ ਮਲੀ। ਜਿਨ ਕਉ–ਜਿਨ੍ਹਾਂ ਉਤੇ। ਧਾਰੀ–ਕੀਤੀ। ਠਾਕੁਰਿ–ਮਾਲਕ ਪ੍ਰਭੂ ਨੇ। ਬਾਹ ਪਕਰਿ–ਬਾਂਹ ਫੜ ਕੇ। ਕਢਿ ਲਈਆ–(ਸੰਸਾਰ ਸਮੁੰਦਰ ਵਿਚੋਂ) ਕੱਢ ਲਿਆ।੮।੬।੨।੧।੬।੯।

ਸੱਚੇ ਪਾਤਸ਼ਾਹ! ਪਵਿਤ੍ਰ ਬਾਣੀ ਦੇ ਅਰਥ ਲਿਖਦਿਆਂ ਹੋਈਆਂ ਭੁੱਲਾਂ ਦੀ ਮੁਆਫੀ ਬਖਸ਼ਣੀ ਜੀ। ਅੱਗੇ ਨੂੰ ਆਪ ਕ੍ਰਿਪਾ ਕਰਕੇ ਅਪਣਾ ਮੇਹਰ ਭਰਿਆ ਹੱਥ ਮੇਰੇ ਸਿਰ ਤੇ ਰੱਖ ਕੇ ਸ਼ੁੱਧ ਅਰਥ ਕਰਾ ਲੈਣੇ ਜੀ।

ਕੋਟਾਨ ਕੋਟ ਧੰਨਵਾਦ।

ਦਾਸਨਿ ਦਾਸ

ਹਰਜਿੰਦਰ ਸਿੰਘ ਗਿਆਨੀ